**ਐਮ.ਏ. (ਸਿੱਖ ਅਧਿਐਨ) ਭਾਗ-ਪਹਿਲਾ ਪਰਚਾ-ਤੀਜਾ**
**ਸਮੈਸਟਰ-ਪਹਿਲਾ**

**ਯੂਨਿਟ ਨੰਬਰ : 1**

ਪਾਠ ਨੰਬਰ :


1.1 : ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਕਲਨ ਤੇ ਸੰਪਾਦਨ ਯੋਜਨਾ

1.2 : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਪਰਿਚਯ

1.3 : 'ਜਪੁ' ਬਾਣੀ ਦਾ ਸੰਕਲਪ ਅਧਿਐਨ

1.4 : ਗੁਰੂ ਨਾਨਕ ਰਚਿਤ 'ਸਿਧ ਗੋਸਟਿ' ਬਾਣੀ ਦਾ ਸੰਕਲਪ ਅਧਿਐਨ - ਗੁਰਮੁਖ

1.5 : ਗੁਰੂ ਨਾਨਕ ਰਚਿਤ 'ਆਸਾ ਦੀ ਵਾਰ' ਬਾਣੀ ਦਾ ਸੰਕਲਪ ਅਧਿਐਨ - ਸਮਾਜਿਕ ਵਿਵਸਥਾ


ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ : 1.1 ਡਾ. ਰਣਪਾਲ ਸਿੰਘ ਪੰਨੂੰ

# ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਕਲਨ ਤੇ ਸੰਪਾਦਨ ਯੋਜਨਾ

## ਭੂਮਿਕਾ :

ਹਰੇਕ ਧਰਮ ਦਾ ਮੂਲ ਧੁਰਾ ਉਸ ਧਰਮ ਦਾ ਧਰਮ ਗ੍ਰੰਥ ਹੁੰਦਾ ਹੈ। ਧਰਮ ਗ੍ਰੰਥ ਤੋਂ ਬਗੈਰ ਕੋਈ ਵੀ ਧਰਮ ਸੰਭਵ ਹੀ ਨਹੀਂ। ਧਰਮ ਗ੍ਰੰਥ ਬਗੈਰ ਧਰਮ ਕੁਝ ਇਸ ਤਰ੍ਹਾਂ ਦਾ ਹੋਵੇਗਾ ਜਿਵੇਂ ਕਾਨੂੰਨ ਦੀਆਂ ਪੁਸਤਕਾਂ ਤੋਂ ਬਗੈਰ ਅਦਾਲਤਾਂ, ਜਿਵੇਂ ਸੁਰਾਂ ਤੋਂ ਬਗੈਰ ਸੰਗੀਤ ਅਤੇ ਜਿਵੇਂ ਰੰਗਾਂ ਤੋਂ ਬਗੈਰ ਚਿੱਤਰਕਾਰੀ। ਧਰਮ ਗ੍ਰੰਥ, ਭੌਤਿਕ ਜਗਤ ਵਿਚ ਭਟਕੇ, ਥੱਕੇ ਹੋਏ ਮੁਸਾਫਰਾਂ ਦੇ ਲੰਮੇ ਉਦਾਸ ਪੰਧ ਵਿਚ ਠੰਢੀਆਂ ਛਾਵਾਂ ਵਾਲੇ ਰੁੱਖਾਂ ਵਾਂਗ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮੌਜੂਦ ਅਨੇਕ ਖੂਬੀਆਂ ਦੇ ਵਰਣਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਇਹ ਨਿਰਣਾ ਲਿਆ ਕਿ ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਨੇ ਆਪਣੇ ਆਪਣੇ ਧਰਮ ਗ੍ਰੰਥਾਂ ਦੇ ਸ਼ੁੱਧ ਗਿਆਨ ਦੇ ਆਲੇ ਦੁਆਲੇ ਭੇਦ-ਭਾਵ ਦੀਆਂ ਬੜੀਆਂ ਉੱਚੀਆਂ ਮਜ਼ਬੂਤ ਕੰਧਾਂ ਉਸਾਰ ਰੱਖੀਆਂ ਹਨ। ਇਸ ਕਿਲ੍ਹੇ ਵਿਚ ਕੈਦ ਪੁਸਤਕ ਦੀ ਆਵਾਜ਼ ਬਾਹਰ ਨਹੀਂ ਆਉਂਦੀ ਤੇ ਬਾਹਰ ਦੀ ਆਵਾਜ਼ ਇਸ ਦੇ ਅੰਦਰ ਨਹੀਂ ਜਾ ਸਕਦੀ। ਆਦਿ ਗ੍ਰੰਥ ਵਿਚ ਦਰਜ ਬਾਣੀ ਇਸ ਦਾ ਸਬੂਤ ਹੈ ਕਿ ਗੁਰੂ ਅਰਜਨ ਦੇਵ ਜੀ ਵਾਸਤੇ ਬਾਣੀ ਸ਼ਾਮਿਲ ਕਰਦੇ ਵਕਤ ਇਸ ਗੱਲ ਦੀ ਕੋਈ ਪਾਬੰਦੀ ਨਹੀਂ ਸੀ ਕਿ ਬਾਣੀਕਾਰ ਕਿਸ ਧਰਮ ਦਾ ਹੋਵੇ, ਕਿਸ ਜਾਤ ਦਾ ਹੋਵੇ। ਬਾਣੀ ਦੀ ਦੈਵੀ ਉੱਚਤਾ ਹੀ ਇਕੋ ਇਕ ਜ਼ਰੂਰੀ ਸ਼ਰਤ ਸੀ- ਰੂਹਾਨੀ ਉਡਾਣ ਹੀ ਕੇਵਲ ਇੱਕ ਨਿਸ਼ਾਨਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਰੂਹਾਨੀ ਏਕਤਾ ਦੀ ਇਹ ਮਾਨਤਾ ਸੰਸਾਰ ਧਰਮ ਅਨੁਭਵ ਦੇ ਖੇਤਰ ਵਿਚ ਆਪਣੀ ਕਿਸਮ ਦਾ ਪਹਿਲਾ ਵਿਲੱਖਣ ਪ੍ਰਮਾਣ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਭਾਈਚਾਰੇ ਦਾ ਸਰਬ ਸਾਂਝਾ ਧਰਮ ਗ੍ਰੰਥ ਹੈ। ਇਸ ਮਹਾਨ ਗ੍ਰੰਥ ਵਿਚ ਰੂਹਾਨੀਅਤ ਦਾ ਉੱਚਤਮ ਸੰਦੇਸ਼ ਦਰਜ ਹੈ। ਇਸ ਵਿਚ ਬਾਹਰਵੀਂ ਸਦੀ ਤੋਂ ਲੈ ਕੇ ਸਤਾਹਰਵੀਂ ਸਦੀ, ਲਗਭੱਗ ਪੰਜ ਸੌ ਸਾਲਾਂ ਦਾ ਭਾਰਤੀ ਨੈਤਿਕ ਅਤੇ ਅਧਿਆਤਮਕ ਸਭਿਆਚਾਰ ਸਮਾਇਆ ਹੋਇਆ ਹੈ। ਮੱਧ ਯੁੱਗ ਦੇ ਭਾਰਤ ਦਾ ਸੰਪੂਰਨ ਧਾਰਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਤੇ ਭਾਸ਼ਾਈ ਅਧਿਐਨ ਇਸ ਗ੍ਰੰਥ ਵਿਚ ਅੰਕਿਤ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਜਿਨ੍ਹਾਂ ਭਗਤਾਂ ਦੀ ਬਾਣੀ ਇਸ ਗ੍ਰੰਥ ਵਿਚ ਦਰਜ ਹੈ ਉਹਨਾਂ ਭਗਤਾਂ ਦੀਆਂ ਸੰਪਰਦਾਵਾਂ ਨੇ ਅਤੇ ਉਹਨਾਂ ਦੇ ਸ਼ਰਧਾਲੂਆਂ ਨੇ ਉਹਨਾਂ ਦੀਆਂ ਰਚਨਾਵਾਂ ਨੂੰ ਸੰਭਾਲਣ ਅਤੇ ਸੰਪਾਦਨ ਕਰਨ ਵੱਲ ਏਨੀ ਰੁਚੀ ਨਹੀਂ ਵਿਖਾਈ ਜਿੰਨੀ ਆਦਿ ਗ੍ਰੰਥ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਉਹਨਾਂ ਤੋਂ ਪਹਿਲੇ ਚਾਰ ਗੁਰੂ ਸਾਹਿਬਾਨਾਂ ਨੇ ਇਹ ਖ਼ਜ਼ਾਨਾ ਸਾਂਭਣ ਲਈ ਸਾਲਾਂ ਦੀ ਅਣਥੱਕ ਮਿਹਨਤ ਕੀਤੀ। ਗੁਰੂ ਗ੍ਰੰਥ ਤੋਂ ਬਿਨਾਂ ਸਾਨੂੰ ਮੱਧ ਯੁਗ ਜਾਂ ਉਸ ਤੋਂ ਪਹਿਲਾਂ ਦਾ ਕੋਈ ਪ੍ਰਮਾਣਿਕ ਗ੍ਰੰਥ ਅਜਿਹਾ ਪ੍ਰਾਪਤ ਨਹੀਂ ਹੁੰਦਾ ਜਿਹੜਾ ਕਿਸੇ ਵਿਅਕਤੀ ਦੀ ਮੂਲ ਰਚਨਾ ਮੰਨਿਆ ਜਾ ਸਕੇ, ਭਾਵ ਜਿਸ ਵਿਚ ਕੋਈ ਰਲਾਵਟ ਨਾ ਪਈ ਹੋਵੇ। ਅਨੇਕ ਕਵੀਆਂ ਦੀਆਂ ਰਚਨਾਵਾਂ ਤਾਂ ਸਦਾ ਲਈ ਸਾਡੇ ਤੋਂ ਖੁੱਸ ਗਈਆਂ ਹਨ ਕਿਉਂਕਿ ਉਨ੍ਹਾਂ ਦੇ ਵਾਰਿਸ ਉਨ੍ਹਾਂ ਦੀ ਸੰਭਾਲ ਨਹੀਂ ਕਰ ਸਕੇ। ਜਿਹੜੀਆਂ ਪ੍ਰਾਪਤ ਵੀ ਹੋਈਆਂ ਹਨ ਉਹ ਸ਼ੁੱਧ ਨਹੀਂ ਹਨ। ਇਸ ਪੱਖੋਂ ਗੁਰੂ ਸਾਹਿਬਾਨ ਦਾ ਮਹਾਨ ਯੋਗਦਾਨ, ਉਨ੍ਹਾਂ ਦੁਆਰਾ ਧੁਰ ਦੀ ਬਾਣੀ ਦਾ ਅੱਖਰ ਅੱਖਰ ਮੂਲ ਰੂਪ ਵਿਚ ਸਾਂਭਿਆ ਜਾਣਾ ਹੈ।

## ਸੰਪਾਦਨਾ ਦਾ ਕਾਰਜ

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਕੀਤਾ। ਇਸ ਮਹੱਤਵਪੂਰਨ ਕਾਰਜ ਸਦਕਾ ਪੂਰਬਲੇ ਗੁਰੂਆਂ ਤੇ ਭਗਤਾਂ ਦੀ ਬਾਣੀ ਨੂੰ ਗ੍ਰੰਥ ਸਰੂਪ ਵਿਚ ਸੰਭਾਲਿਆ। ਗੁਰੂ ਜੀ ਨੂੰ ਪਤਾ ਸੀ ਕਿ ਯੋਗ ਸੰਭਾਲ ਬਿਨਾਂ ਬਾਣੀ ਵਿਚ ਵਾਧਾ ਘਾਟਾ ਹੋਣਾ ਕਿਸੇ ਤਰ੍ਹਾਂ ਰੋਕਿਆ ਜਾਣਾ ਸੰਭਵ ਨਹੀਂ ਹੋ ਸਕੇਗਾ। ਉਹਨਾਂ ਦੇ ਆਪਣੇ ਤੋਂ ਪਹਿਲਾਂ ਹੋਏ ਬਹੁਤ ਸਾਰੇ ਭਗਤਾਂ ਦੀ ਬਾਣੀ ਅਲੋਪ ਹੋ ਚੁੱਕੀ ਸੀ ਜਾਂ ਸਹੀ ਸਰੂਪ ਗੁਆ ਚੁੱਕੀ ਸੀ।

ਗੁਰਬਾਣੀ ਨਾਲ ਵੀ ਅਜਿਹਾ ਕੁਝ ਵਾਪਰ ਸਕਦਾ ਸੀ। ਗੁਰੂ ਅਰਜਨ ਦੇਵ ਜੀ ਨੇ ਜਦੋਂ ਭਗਤਾਂ, ਸੂਫੀਆਂ ਅਤੇ ਨਾਥਾਂ ਜੋਗੀਆਂ ਦੀ ਬਾਣੀ ਦਾ ਅਧਿਐਨ ਕਰਨਾ ਚਾਹਿਆ ਤਾਂ ਉਹਨਾਂ ਨੂੰ ਪ੍ਰਤੀਤ ਹੋ ਗਿਆ ਕਿ ਸ਼ੁੱਧ ਰਚਨਾਵਾਂ ਪ੍ਰਾਪਤ ਕਰਨੀਆਂ ਕਠਿਨ ਹੋ ਰਹੀਆਂ ਹਨ। ਸੋ ਜੋ ਮੁਸ਼ਕਿਲਾਂ ਉਹਨਾਂ ਨੂੰ ਆਈਆਂ ਉਹ ਅੱਗੋਂ ਕਿਸੇ ਸ਼ਰਧਾਲੂ ਨੂੰ ਨਾਂ ਆਉਣ ਇਸ ਵਾਸਤੇ ਉਹਨਾਂ ਨੇ ਆਦਿ ਗ੍ਰੰਥ ਦੇ ਸੰਪਾਦਨ ਦਾ ਕਾਰਜ ਆਰੰਭ ਕਰ ਦਿੱਤਾ।

ਸੰਪਾਦਨਾ ਦਾ ਦੂਜਾ ਕਾਰਨ ਇਹ ਸੀ ਕਿ ਗੁਰੂ ਘਰ ਵਿਚੋਂ ਹੀ ਗੁਰਗੱਦੀ ਦੇ ਸ਼ਰੀਕ ਪੈਦਾ ਹੋ ਰਹੇ ਸਨ। ਉਹਨਾਂ ਨੇ ਵੀ ਅਖੌਤੀ ਬਾਣੀ ਦੀ ਰਚਨਾ ਸ਼ੁਰੂ ਕਰ ਦਿੱਤੀ ਸੀ ਤੇ ਬਾਣੀ ਵਿਚ ਉਹ ਗੁਰੂ ਸਾਹਿਬਾਨ ਵਾਂਗ ਹੀ 'ਨਾਨਕ' ਪਦ ਦੀ ਵਰਤੋਂ ਵੀ ਕਰ ਰਹੇ ਸਨ। ਸਿੱਖ ਰਿਵਾਇਤਾਂ ਅਨੁਸਾਰ ਪ੍ਰਿਥੀ ਚੰਦ ਦੇ ਸਪੁੱਤਰ ਮਿਹਰਬਾਨ ਨੇ ਬਾਣੀ ਰਚਨਾ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਗੱਲ ਦਾ ਵੀ ਡਰ ਸੀ ਕਿ ਪਿਛੋਂ ਜਾ ਕੇ ਇਹ ਨਿਖੇੜਾ ਕਰਨਾ ਮੁਸ਼ਕਿਲ ਹੋ ਜਾਵੇਗਾ ਕਿ ਕਿਹੜੀ ਬਾਣੀ ਅਸਲੀ ਹੈ ਤੇ ਕਿਹੜੀ ਨਕਲੀ। ਇਹ ਗੱਲ ਵੀ ਬਿਲਕੁਲ ਸੰਭਵ ਹੈ ਕਿ ਗੁਰੂ ਅਮਰਦਾਸ ਜੀ ਦੇ ਵੇਲੇ ਤੋਂ ਹੀ ਗੁਰਬਾਣੀ ਦੇ ਸੰਦੇਸ਼ ਨਾਲ ਰਲਦੀ ਬਾਣੀ ਰਚਣ ਦੀ ਪ੍ਰਵਿਰਤੀ ਆਰੰਭ ਹੋ ਗਈ ਹੋਵੇਗੀ ਜਿਸ ਬਾਰੇ ਆਨੰਦ ਸਾਹਿਬ ਵਿਚ ਗੁਰੂ ਅਮਰਦਾਸ ਜੀ ਨੇ ਇਸ ਕੱਚੀ ਬਾਣੀ ਦਾ ਸੰਕੇਤ ਦਿੱਤਾ ਹੈ ਤੇ ਸਿੱਖਾਂ ਨੂੰ ਇਹ ਕੱਚੀ ਬਾਣੀ ਪੜ੍ਹਨ ਸੁਣਨ ਤੋਂ ਮਨ੍ਹਾਂ ਕੀਤਾ ਗਿਆ ਹੈ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ।।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ।।
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ।। (ਪੰਨਾ, ੯੨੦)

ਕੱਚੀ ਬਾਣੀ ਦਾ ਕੀਰਤਨ ਕੀਤਾ ਜਾਣ ਲੱਗ ਪਿਆ ਤਾਂ ਇਸ ਵਿਚ ਸ਼ੱਕ ਨਾ ਰਿਹਾ ਕਿ ਜੇ ਗੁਰਬਾਣੀ ਦਾ ਸੰਪਾਦਨ ਨਾ ਕੀਤਾ ਜਾਂਦਾ ਤਾਂ ਇਹ ਸਾਰਾ ਬਾਗ ਉੱਜੜ ਜਾਣਾ ਸੀ।

ਗੁਰੂ ਅਰਜਨ ਦੇਵ ਜੀ ਨੇ ਭਾਰਤੀ ਭਾਸ਼ਾਵਾਂ ਅਤੇ ਧਰਮਾਂ ਦਾ ਗੰਭੀਰ ਅਧਿਐਨ ਕੀਤਾ ਹੋਇਆ ਸੀ ਤੇ ਉਹ ਜਾਣਦੇ ਸਨ ਕਿ ਭਾਰਤੀ ਧਰਮ ਗ੍ਰੰਥਾਂ ਅਤੇ ਇਸਲਾਮ ਦੇ ਗ੍ਰੰਥਾਂ ਦੀ ਭਾਸ਼ਾ ਲੋਕਾਂ ਦੀ ਸਮਝ ਤੋਂ ਪਰ੍ਹੇ ਹੈ। ਸੰਸਕ੍ਰਿਤ ਉਤੇ ਪੰਡਿਤਾਂ ਅਤੇ ਇਸਲਾਮ ਉਤੇ ਮੌਲਵੀਆਂ ਕਾਜ਼ੀਆਂ ਦੀ ਇਜਾਰੇਦਾਰੀ ਸੀ। ਮਨਮਰਜ਼ੀ ਦੇ ਅਰਥ ਕੀਤੇ ਜਾਂਦੇ ਸਨ ਅਤੇ ਮਨਮਰਜ਼ੀ ਦੀਆਂ ਰਸਮਾਂ ਰੀਤਾਂ ਨਾਲ ਅਰਬੀ ਲੋਕਾਂ ਨੂੰ ਲੁੱਟਿਆ ਜਾ ਰਿਹਾ ਸੀ। ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਕਾਜ਼ੀ ਰਿਸ਼ਵਤ ਲੈ ਕੇ ਬੇਇਨਸਾਫ਼ੀ ਕਰਦਾ ਸੀ ਤੇ ਜੇ ਕੋਈ ਇਤਰਾਜ ਕਰਦਾ ਤਾਂ ਕਾਜ਼ੀ ਧਰਮ ਪੋਥੀਆਂ ਵਿਚੋਂ ਆਪਣੇ ਮਤਲਬ ਦੀ ਤੁਕ ਪੜ੍ਹ ਕੇ ਸੁਣਾ ਦਿੰਦਾ। ਇਸੇ ਲਈ ਗੁਰੂ ਅਰਜਨ ਦੇਵ ਜੀ ਲੋਕ ਬੋਲੀ ਵਿਚ ਲੋਕਾਂ ਨੂੰ ਰੱਬੀ ਸੰਦੇਸ਼ ਦੇਣ ਹਿੱਤ ਇਕ ਧਰਮ ਗ੍ਰੰਥ ਦੀ ਸਥਾਪਨਾ ਕਰਨਾ ਚਾਹੁੰਦੇ ਸਨ।

ਭਾਸ਼ਾਵਾਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ, ਤਾਂ ਕਿ ਜਿਵੇਂ ਗੁਰੂ ਜੀ ਇਸ ਭਾਸ਼ਾਈ ਤਬਦੀਲੀ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਉਨ੍ਹਾਂ ਨੇ ਮੂਲ ਰੂਪ ਨੂੰ ਹਮੇਸ਼ਾਂ ਕਾਇਮ ਰੱਖਣ ਵਾਸਤੇ ਸਿਕੇਬੰਦ ਸੰਪਾਦਨ ਕਰਕੇ ਸਦਾ ਲਈ ਭਾਸ਼ਾ ਦੇ ਪਰਿਵਰਤਨ ਸੰਕਟ ਨੂੰ ਹੱਲ ਕਰ ਦਿੱਤਾ।

ਸਿੱਖ ਧਰਮ, ਕੋਈ ਸੁਧਾਰਕ ਲਹਿਰ ਨਹੀਂ ਸੀ। ਇਹ ਨਿਰੋਲ ਨਵੀਨ ਮੱਤ ਦਾ ਪ੍ਰਕਾਸ਼ ਸੀ ਜਿਹੜਾ ਉੱਤਰ ਪੱਛਮੀ ਭਾਰਤ ਵਿਚ ਬ੍ਰਾਹਮਣੀ ਮੱਤ ਅਤੇ ਇਸਲਾਮ ਦੀ ਥਾਂ ਲੈ ਰਿਹਾ ਸੀ। ਇਸ ਵਾਸਤੇ ਜ਼ਰੂਰੀ ਸੀ ਕਿ ਸਿੱਖਾਂ ਦੀ ਆਪਣੀ ਸੁਤੰਤਰ ਧਰਮ ਪੁਸਤਕ ਹੁੰਦੀ। ਧਰਮ ਪੁਸਤਕ ਤੋਂ ਬਗੈਰ ਕਿਸੇ ਧਰਮ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਪੰਚਮ ਪਾਤਸ਼ਾਹ ਨੇ ਆਦਿ ਗ੍ਰੰਥ ਦੀ ਧਰਮ ਪੁਸਤਕ ਦੀ ਵਿਲੱਖਣਤਾ ਅਤੇ ਮੌਲਿਕਤਾ ਕਾਇਮ ਕਰ ਦਿੱਤੀ। ਸਰਬ ਸਾਂਝੀ ਪੁਸਤਕ ਬਗੈਰ ਸਿੱਖ ਭਾਈਚਾਰਾ ਜਥੇਬੰਦ ਨਹੀਂ ਹੋ ਸਕਦਾ ਸੀ। ਇਸ ਗ੍ਰੰਥ ਨੇ ਸਿੱਖ ਜਗਤ ਨੂੰ ਸਾਂਝੀ ਧਰਮ ਲੜੀ ਵਿਚ ਪਰੋ ਦਿੱਤਾ ਸੀ

ਜਨਮ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਗੁਰੂ ਅਰਜਨ ਸਾਹਿਬ ਤੋਂ ਪਹਿਲੋਂ ਚਾਰੇ ਗੁਰੂ ਸਾਹਿਬਾਨ ਦੀ ਬਾਣੀ ਇਕ ਗੁਰੂ ਜੀ ਤੋਂ ਦੂਜੇ ਗੁਰੂ ਸਾਹਿਬ ਤੱਕ ਪੁਜਦੀ ਰਹੀ। ਪਰ ਭਗਤਾਂ, ਸੂਫੀਆਂ, ਭੱਟਾਂ ਦੀਆਂ ਸੰਪਰਦਾਵਾਂ ਕੋਈ ਅਨੁਸਾਸ਼ਿਤ ਲਹਿਰਾਂ ਨਹੀਂ ਸਨ। ਉਨ੍ਹਾਂ ਦੀਆਂ ਬਾਣੀਆਂ ਸੰਭਾਲ ਵਿਹੂਣੀਆਂ ਸਨ, ਵਿਗਾੜ ਪੈ ਗਿਆ ਸੀ ਤੇ ਹੋਰ ਪੈ ਰਿਹਾ ਸੀ। ਗੁਰੂ ਜੀ ਇਸ ਸਾਰੇ ਸਾਂਝੇ ਭਾਰਤੀ ਖਜ਼ਾਨੇ ਨੂੰ ਸੰਭਾਲਣਾ ਚਾਹੁੰਦੇ ਸਨ। ਇਹ ਕਾਰਨ ਹਨ ਜਿਨ੍ਹਾਂ

ਸਦਕਾ ਉਨ੍ਹਾਂ ਨੇ ਸੰਪਾਦਨ ਦਾ ਮਹਾਨ ਕਾਰਜ ਸਿਰੇ ਚਾੜ੍ਹਿਆ।

## ਸੰਪਾਦਨ ਸਮੱਗਰੀ ਦਾ ਸੰਕਲਨ

ਵਿਦਵਾਨ ਇਸ ਤੱਥ ਨਾਲ ਇਕ ਮੱਤ ਹਨ ਕਿ ਬਾਣੀ ਦੀ ਸੰਭਾਲ ਵੱਲ ਗੁਰੂ ਨਾਨਕ ਦੇਵ ਜੀ ਨੇ ਖ਼ੁਦ ਵੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਰਚਣਹਾਰ ਨੂੰ ਆਪਣੀ ਰਚਨਾ ਨਾਲ ਪਿਆਰ ਹੋਣਾ ਕੁਦਰਤੀ ਹੈ ਅਤੇ ਗੁਰਬਾਣੀ ਤਾਂ ਲੱਖਾਂ ਵਿਅਕਤੀਆਂ ਲਈ ਚਾਨਣ ਦਾ ਸਰੋਤ ਸੀ। ਇਸ ਕਰਕੇ ਇਸ ਦੀ ਸੰਭਾਲ ਵੱਲ ਖਾਸ ਧਿਆਨ ਦਿੱਤਾ ਗਿਆ। ਗੁਰੂ ਨਾਨਕ ਦੇਵ ਜੀ ਹਮੇਸ਼ਾ ਆਪਣੇ ਹੱਥ ਵਿਚ ਕਿਤਾਬ ਰੱਖਦੇ ਸਨ ਜਿਸ ਬਾਰੇ ਭਾਈ ਗੁਰਦਾਸ ਜੀ ਵੀ ਲਿਖਦੇ ਹਨ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ। (ਵਾਰ 1.33)

ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਉਚਾਰ ਕੇ ਆਪ ਲਿਖੀ ਅਤੇ ਸੰਭਾਲੀ। ਇਹ ਹੀ ਨਹੀਂ, ਗੁਰੂ ਜੀ ਜਿਸ ਵਿਦਵਾਨ ਨੂੰ ਜਾਂ ਭਗਤ ਨੂੰ ਮਿਲਦੇ ਸਨ ਜੇ ਉਨ੍ਹਾਂ ਪਾਸ ਕੋਈ ਰੂਹਾਨੀਅਤ ਦੀ ਗੱਲ ਹੁੰਦੀ, ਉਹ ਗੁਰੂ ਜੀ ਆਪਣੇ ਪਾਸ ਰੱਖੀ ਪੋਥੀ ਵਿਚ ਲਿਖ ਲੈਂਦੇ ਸਨ। ਗੁਰੂ ਜੀ ਪਾਸ ਭਗਤਾਂ ਦੀ ਬਾਣੀ ਵੀ ਸੀ ਇਸ ਗੱਲ ਦਾ ਸਬੂਤ ਇਥੋਂ ਮਿਲਦਾ ਹੈ ਕਿ ਸ਼ੇਖ ਫ਼ਰੀਦ ਜੀ ਦੇ ਸ਼ਲੋਕਾਂ ਨਾਲ ਗੁਰੂ ਨਾਨਕ ਦੇਵ ਜੀ ਦਾ ਸ਼ਲੋਕ ਰਚਿਆ ਹੋਇਆ ਹੈ, ਜੋ ਬਾਬਾ ਫ਼ਰੀਦ ਜੀ ਦੀ ਗੱਲ ਨੂੰ ਹੋਰ ਸਪੱਸ਼ਟ ਕਰਨ ਲਈ ਰਚਿਆ ਗਿਆ। ਬਾਬਾ ਫ਼ਰੀਦ ਜੀ ਦਾ ਸ਼ਲੋਕ ਹੈ :

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ।।
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ।। (ਪੰਨਾ ੧੩੮੪)

ਇਸ ਸਲੋਕ ਉਪਰੰਤ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ :

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ।।
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ।। (ਪੰਨਾ ੧੩੮੪)

ਜੇ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਸ਼ੇਖ ਫ਼ਰੀਦ ਜੀ ਦੀ ਇਹ ਬਾਣੀ ਨਾ ਹੁੰਦੀ ਤਾਂ ਅਜਿਹੀਆਂ ਮੇਲ ਖਾਂਦੀਆਂ ਟੂਕਾਂ ਨਾਲ ਦੇਣੀਆਂ ਸੰਭਵ ਨਹੀਂ ਸਨ। ਜਨਮ ਸਾਖੀਆਂ ਵਿਚ ਇਹ ਵੀ ਜ਼ਿਕਰ ਹੈ ਕਿ ਜਦੋਂ ਕੋਈ ਵਿਅਕਤੀ ਆਪਣਾ ਉਤਰਾਧਿਕਾਰੀ ਗੁਰੂ ਵਜੋਂ ਥਾਪਦਾ ਸੀ ਉਹ ਪੰਜ ਪੈਸੇ ਅਤੇ ਨਾਰੀਅਲ ਅੱਗੇ ਰੱਖ ਕੇ ਮੱਥਾ ਟੇਕਦਾ ਸੀ ਤੇ ਆਪਣੇ ਪਾਸ ਰੱਖੀ ਧਰਮ ਪੁਸਤਕ ਵੀ ਆਪਣੇ ਉਤਰ ਅਧਿਕਾਰੀ ਨੂੰ ਦਿੰਦਾ ਸੀ। ਇਹ ਧਰਮ ਪੁਸਤਕ ਪੂਰਬਲੇ ਚਹੁੰਆਂ ਗੁਰੂਆਂ ਦੀ ਬਾਣੀ ਸਮੇਤ ਗੁਰੂ ਅਰਜਨ ਦੇਵ ਜੀ ਪਾਸ ਪੁੱਜੀ। ਗੁਰੂ ਨਾਨਕ ਦੇਵ ਜੀ ਵਾਂਗ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਨਾਲ ਦਿੱਤੀਆਂ ਟੂਕਾਂ ਵੀ ਇਸ ਗੱਲ ਦਾ ਸਬੂਤ ਹਨ। ਗੁਰੂ ਨਾਨਕ ਦੇਵ ਜੀ ਤੋਂ ਬਾਦ ਵੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਤੋਂ ਇਲਾਵਾ ਭਗਤਾਂ ਦੀ ਬਾਣੀ ਸੰਭਾਲਣ ਵੱਲ ਧਿਆਨ ਦੇਈ ਰੱਖਿਆ।

ਜਦੋਂ ਗੁਰੂ ਅਰਜਨ ਦੇਵ ਜੀ ਨੇ ਸੰਪਾਦਕੀ ਦਾ ਕਾਰਜ ਆਰੰਭਿਆ ਤਾਂ ਸਾਨੂੰ ਸਾਖੀਆਂ ਦਸਦੀਆਂ ਹਨ ਕਿ ਆਪ ਜੀ ਬਾਬਾ ਮੋਹਨ ਜੀ ਪਾਸ ਵੀ ਪੋਥੀਆਂ ਪ੍ਰਾਪਤ ਕਰਨ ਗਏ। ਇਹ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਦੇਵ ਜੀ ਪਾਸ ਪੋਥੀਆਂ ਨਾ ਹੋਣ ਤੇ ਬਾਬਾ ਮੋਹਨ ਜੀ ਪਾਸ ਹੋਣ। ਇਹ ਹੋ ਸਕਦਾ ਹੈ ਕਿ ਜਿਹੜੀਆਂ ਲਿਖਤਾਂ ਪੰਜਵੇਂ ਪਾਤਸ਼ਾਹ ਪਾਸ ਸਨ ਉਹਨਾਂ ਦੇ ਪੁਰਾਣੇ ਉਤਾਰੇ ਬਾਬਾ ਮੋਹਨ ਜੀ ਪਾਸ ਹੋਣ ਤੇ ਗੁਰੂ ਅਰਜਨ ਦੇਵ ਜੀ ਇਨ੍ਹਾਂ ਪੋਥੀਆਂ ਨਾਲ ਆਪਣੇ ਪਾਸ ਪਈਆਂ ਪੋਥੀਆਂ ਦਾ ਮਿਲਾਣ ਕਰਨਾ ਚਾਹੁੰਦੇ ਹੋਣ। ਸ਼ੁਧ ਨਿਸਤਾਰੇ ਵਾਸਤੇ ਪੁਰਾਣੀਆਂ ਲਿਖਤਾਂ ਦੇ ਜਿੰਨੇ ਵੀ ਰੂਪ, ਸੈਂਚੀਆਂ, ਹੱਥ ਲਿਖਤਾਂ ਮਿਲ ਸਕਣ, ਸਾਰਿਆਂ ਨੂੰ ਘੋਖਿਆ ਜਾਂਦਾ ਹੈ। ਇਸੇ ਕਾਰਨ ਪੰਜਵੇਂ ਪਾਤਸਾਹ ਬਾਬਾ ਮੋਹਨ ਜੀ ਪਾਸ ਇੱਕਤਰ ਸਮੱਗਰੀ ਲੈਣ ਗਏ ਹੋਣਗੇ।

## ਬਾਣੀਕਾਰ

ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨਾ ਸਮੇਤ ਗੁਰੂ ਘਰ ਨਾਲ ਸੰਬੰਧਤ ਕੁਝ ਵਿਅਕਤੀਆਂ ਦੀਆਂ ਰਚਨਾਵਾਂ ਵੀ ਆਦਿ ਗ੍ਰੰਥ ਵਿਚ ਸ਼ਾਮਲ ਕੀਤੀਆਂ ਗਈਆਂ ਜਿਵੇਂ ਕਿ ਬਾਬਾ ਸੁੰਦਰ ਜੀ ਦੀ ਸੱਦ ਰਾਮਕਲੀ। ਗੁਰੂ ਘਰ ਦੇ ਨਜ਼ਦੀਕੀ ਰਾਗੀਆਂ, ਰਬਾਬੀਆਂ ਦੀਆਂ ਉੱਤਮ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਜਿਵੇਂ ਸੱਤੇ ਬਲਵੰਡ ਦੀ ਰਾਮਕਲੀ ਦੀ ਵਾਰ। ਗਿਆਰਾਂ ਭੱਟਾਂ ਦੀ ਰਚਨਾ ਨੂੰ ਵੀ ਆਦਿ ਗ੍ਰੰਥ ਵਿਚ ਦਰਜ ਕਰਕੇ ਸਨਮਾਨ ਮਿਲਿਆ ਜਿਨ੍ਹਾਂ ਦੇ ਨਾਮ ਇਹ ਹਨ — ਕਲ, ਜਲ, ਕੀਰਤ, ਭਿਖਾ, ਸਲ, ਭਲ, ਨਲ, ਗਯੰਦ, ਮਥਰਾ, ਬਲ ਅਤੇ ਹਰਬੰਸ। ਸੂਰਦਾਸ ਜੀ ਦੀ ਇਕ ਪੰਕਤੀ ਅਤੇ ਭੀਖਣ ਦੇ ਦੋ ਸ਼ਬਦ ਦਰਜ ਕੀਤੇ ਗਏ। ਇਸ ਤੋਂ ਇਲਾਵਾ ਸ਼ੇਖ ਫ਼ਰੀਦ, ਭਗਤ ਕਬੀਰ, ਨਾਮਦੇਵ, ਰਵਿਦਾਸ, ਰਾਮਾਨੰਦ, ਜੈ ਦੇਵ, ਤ੍ਰਿਲੋਚਨ, ਧੰਨਾ, ਸੈਣ, ਪੀਪਾ, ਸਧਨਾ, ਪਰਮਾਨੰਦ ਅਤੇ ਬੇਣੀ ਆਦਿਕ ਭਗਤਾਂ ਦੀ ਬਾਣੀ ਸਾਨੂੰ ਆਦਿ ਗ੍ਰੰਥ ਵਿਚ ਪ੍ਰਾਪਤ ਹੁੰਦੀ ਹੈ।

## ਬਾਣੀ ਦਰਜ ਕਰਨ ਦੀ ਤਰਤੀਬ

ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਦਿਆਂ ਬਾਣੀ ਦਰਜ ਕਰਨ ਵੇਲੇ ਜਿਹੜੀ ਤਰਤੀਬ ਦਿੱਤੀ ਉਸ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਸਭ ਤੋਂ ਪਹਿਲਾਂ ਪੰਨਾ ਨੰਬਰ 1 ਤੋਂ 13 ਤੱਕ ਨਿਤਨੇਮ ਦੀਆਂ ਬਾਣੀਆਂ ਦਰਜ ਕੀਤੀਆਂ ਹਨ ਜਿਨ੍ਹਾਂ ਵਿਚ ਜਪੁ, ਰਹਿਰਾਸ ਅਤੇ ਸੋਹਿਲਾ ਨਾਮ ਦੀਆਂ ਬਾਣੀਆਂ ਹਨ। ਜਪੁ ਰਾਗ ਰਹਿਤ ਬਾਣੀ ਹੈ। ਰਹਿਰਾਸ ਅਤੇ ਸੋਹਿਲਾ ਦੋ ਸ਼ਬਦ ਰਾਗਾਂ ਵਿਚ ਹਨ।
2. ਰਾਗਾਂ ਵਿਚ ਦਰਜ ਕੀਤੀ ਬਾਣੀ ਆਦਿ ਗ੍ਰੰਥ ਦਾ ਮੁੱਖ ਹਿੱਸਾ ਹੈ ਤੇ ਇਹ ਸਭ ਤੋਂ ਵੱਡਾ ਭਾਗ ਹੈ: ਗੁਰੂ ਅਰਜਨ ਦੇਵ ਜੀ ਨੇ ਇਸ ਭਾਗ ਨੂੰ 30 ਰਾਗਾਂ ਵਿਚ ਵੰਡਿਆ ਹੈ ਅਤੇ ਅੰਕ 14 ਤੋਂ ਅੰਕ 1352 ਤੱਕ ਬਾਣੀ ਇਸ ਭਾਗ ਵਿਚ ਦਰਜ ਹੈ। ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜੈਜਾਵੰਤੀ ਰਾਗ ਵਿਚ ਦਰਜ ਕਰਕੇ ਰਾਗਾਂ ਦੀ ਗਿਣਤੀ 31 ਕਰ ਦਿੱਤੀ।
3. ਅਖੀਰਲਾ ਭਾਗ ਰਾਗ ਮੁਕਤ ਬਾਣੀ ਦਾ ਹੈ ਤੇ ਇਹ ਬਾਣੀ ਅੰਕ 1353 ਤੋਂ 1430 ਤੱਕ ਦਰਜ ਹੈ। ਇਸ ਭਾਗ ਵਿਚ ਸਹਸਕ੍ਰਿਤੀ ਸਲੋਕ, ਗਾਥਾ, ਫੁਨਹੇ, ਸਲੋਕ ਸ਼ੇਖ ਫ਼ਰੀਦ ਅਤੇ ਕਬੀਰ, ਸਵੱਈਏ, ਸਲੋਕ ਵਾਰਾਂ ਤੇ ਵਧੀਕ, ਚਉਬੋਲੇ, ਸਲੋਕ ਮਹਲਾ ਨੌਂਵਾਂ ਅਤੇ ਅਖੀਰ ਵਿਚ ਮੁੰਦਾਵਣੀ। ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਇਥੇ ਹੁੰਦੀ ਹੈ। ਮੁੰਦਾਵਣੀ ਦੇ ਪਹਿਲੇ ਸਲੋਕ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਥਾਲ ਦੱਸਿਆ ਗਿਆ ਹੈ ਜਿਸ ਵਿਚ ਵਿਸ਼ੇਸ਼ ਪਦਾਰਥਾਂ ਦਾ ਭੋਜਨ ਹੈ। ਇਹ ਭੋਜਨ ਮਨੁੱਖਾ ਜੀਵਨ ਦਾ ਆਧਾਰ ਹੈ। ਇਸ ਨੂੰ ਖਾਣ ਨਾਲ ਹੀ ਮਨੁੱਖ ਦਾ ਤ੍ਰੈਗੁਣੀ ਸੰਸਾਰ ਵਿਚੋਂ ਉਧਾਰ ਹੋ ਸਕਣਾ ਸੰਭਵ ਹੈ। ਦੂਸਰੇ ਸ਼ਲੋਕ ਵਿਚ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਹੈ ਕਿ ਮਨੁੱਖਤਾ ਦੇ ਕਲਿਆਣ ਹਿਤ ਇਸ ਕਾਰਜ ਦੀ ਸਮਰਥਾ ਬਖਸ਼ੀ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਰਾਗ ਮਾਲਾ ਦਰਜ ਕੀਤੀ ਹੋਈ ਹੈ।

## ਆਦਿ ਗ੍ਰੰਥ ਵਿਚ ਬਾਣੀਕਾਰਾਂ ਦੀ ਤਰਤੀਬ

ਰਚਣਹਾਰਿਆਂ ਦੀਆਂ ਰਚਨਾਵਾਂ ਨੂੰ ਹਰੇਕ ਰਾਗ ਵਿਚ ਇਸ ਪ੍ਰਕਾਰ ਦੀ ਤਰਤੀਬ ਦਿੱਤੀ ਗਈ ਹੈ :

1. ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਕ੍ਰਮ ਅਨੁਸਾਰ
2. ਫਿਰ ਭਗਤਾਂ ਦੀ ਬਾਣੀ
3. ਪਿਛੋਂ ਭੱਟਾਂ ਆਦਿਕ ਬਾਕੀ ਬਾਣੀਕਾਰਾਂ ਦੀ ਰਚਨਾ

ਗੁਰੂ ਸਾਹਿਬਾਨ ਦੀ ਬਾਣੀ ਵੀ ਤਰਤੀਬ ਵਿਚ ਦਰਜ ਹੈ, ਭਾਵ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਆਉਂਦੀ ਹੈ ਫਿਰ ਗੁਰੂ ਅੰਗਦ ਦੇਵ ਜੀ ਦੀ, ਫਿਰ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਫਿਰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਹੈ। ਭਗਤਾਂ ਦੀ ਬਾਣੀ ਦਰਜ ਕਰਨ ਦੀ ਤਰਤੀਬ ਇਸ ਪ੍ਰਕਾਰ ਕ੍ਰਮਵਾਰ ਹੈ :

| | | | | | |
|---|---|---|---|---|---|
| 1. | ਕਬੀਰ | 2. | ਨਾਮਦੇਵ | 3. | ਰਵਿਦਾਸ |
| 4. | ਰਾਮਾਨੰਦ | 5. | ਜੈ ਦੇਵ | 6. | ਤ੍ਰਿਲੋਚਨ |
| 7. | ਧੰਨਾ | 8. | ਸੈਣ | 9. | ਪੀਪਾ |
| 10. | ਭੀਖਣ | 11. | ਸਧਨਾ | 12. | ਪਰਮਾਨੰਦ |
| 13. | ਸੂਰਦਾਸ | 14. | ਬੈਣੀ | 15. | ਫ਼ਰੀਦ |

ਇਥੇ ਇਹ ਦੱਸ ਦੇਣਾ ਉਚਿਤ ਹੈ ਕਿ ਜਿਵੇਂ ਭਗਤਾਂ ਦੀ ਬਾਣੀ ਦੇ ਆਰੰਭ ਵਿਚ ਰਚਨਹਾਰ ਭਗਤ ਦਾ ਨਾਮ ਦਿੱਤਾ ਹੈ ਉਸੇ ਤਰ੍ਹਾਂ ਗੁਰੂ ਸਾਹਿਬ ਦੀ ਰਚਨਾ ਤੋਂ ਪਹਿਲਾਂ ਉਨ੍ਹਾਂ ਦੇ ਨਾਮ ਨਹੀਂ ਦਿੱਤੇ ਗਏ ਸਗੋਂ ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਆਦਿਕ ਲਿਖੇ ਗਏ ਹਨ। ਮਹਲਾ ਪਹਿਲਾ ਤੋਂ ਭਾਵ ਗੁਰੂ ਨਾਨਕ ਦੇਵ ਜੀ ਦੀ ਬਾਣੀ, ਮਹਲਾ ਦੂਜਾ ਗੁਰੂ ਅੰਗਦ ਦੇਵ ਜੀ, ਮਹਲਾ ਤੀਜਾ ਗੁਰੂ ਅਮਰਦਾਸ ਜੀ, ਮਹਲਾ ਚੌਥਾ ਗੁਰੂ ਰਾਮ ਦਾਸ ਜੀ, ਮਹਲਾ ਪੰਜਵਾਂ ਗੁਰੂ ਅਰਜਨ ਦੇਵ ਜੀ ਅਤੇ ਮਹਲਾ ਨੌਵਾਂ ਗੁਰੂ ਤੇਗ ਬਹਾਦਰ ਜੀ ਹਨ। ਮਹਲਾ ਸ਼ਬਦ ਦੇ ਕਈ ਅਰਥ ਕੀਤੇ ਜਾਂਦੇ ਰਹੇ ਹਨ। ਇਸ ਦਾ ਭਾਵ ਰੌਸ਼ਨੀ ਦਾ ਸਰੋਤ ਵੀ ਹੈ ਅਤੇ ਗੁਰੂ ਜੀ ਇਸ ਮਨੁੱਖੀ ਸਰੀਰ ਨੂੰ ਅਕਾਲ ਪੁਰਖ ਸੱਚੇ ਪਾਤਸ਼ਾਹ ਦੀ ਰਿਹਾਇਸ਼ (ਮਹਿਲ) ਮੰਨਦੇ ਹਨ। ਇਸ ਕਰਕੇ ਕ੍ਰਮਵਾਰ ਹਰੇਕ ਦੇਹ ਨੂੰ ਮਹਲਾ ਦੂਜਾ, ਤੀਜਾ, ਚੌਥਾ, ਪੰਜਵਾਂ ਅਤੇ ਨੌਵਾਂ ਮਹਲਾ ਕਿਹਾ, ਜਿਸ ਵਿਚ ਬਾਣੀ ਦਾ ਪ੍ਰਕਾਸ਼ ਹੋਇਆ ਹੈ। ਮਹਲਾ ਦਾ ਅਰਥ ਇਸਤਰੀ ਵੀ ਕੀਤਾ ਜਾਂਦਾ ਹੈ ਕਿਉਂਕਿ ਗੁਰੂ ਸਾਹਿਬ ਆਪਣੇ ਆਪ ਨੂੰ ਜੀਵ-ਇਸਤਰੀ ਕਹਿ ਕੇ ਸੰਬੋਧਨ ਕਰਦੇ ਹਨ।

## ਰਾਗਾਂ ਦੀ ਤਰਤੀਬ

ਇਕੱਤੀ ਰਾਗਾਂ ਦੇ ਤਰਤੀਬਵਾਰ ਨਾਮ ਇਸ ਪ੍ਰਕਾਰ ਹਨ :

| | | | | | |
|---|---|---|---|---|---|
| 1. | ਸਿਰੀ ਰਾਗ | 2. | ਮਾਝ | 3. | ਗਉੜੀ |
| 4. | ਆਸਾ | 5. | ਗੂਜਰੀ | 6. | ਦੇਵਗੰਧਾਰੀ |
| 7. | ਬਿਹਾਗੜਾ | 8. | ਵਡਹੰਸੁ | 9. | ਸੋਰਠਿ |
| 10. | ਧਨਾਸਰੀ | 11. | ਜੈਤਸਰੀ | 12. | ਟੋਡੀ |
| 13. | ਬੈਰਾੜੀ | 14. | ਤਿਲੰਗ | 15. | ਸੂਹੀ |
| 16. | ਬਿਲਾਵਲੁ | 17. | ਗੌਂਡ | 18. | ਰਾਮਕਲੀ |
| 19. | ਨਟ ਨਰਾਇਣ | 20. | ਮਾਲੀ ਗਉੜਾ | 21. | ਮਾਰੂ |
| 22. | ਤੁਖਾਰੀ | 23. | ਕੇਦਾਰਾ | 24. | ਭੈਰਉ |
| 25. | ਬਸੰਤੁ | 26. | ਸਾਰੰਗ | 27. | ਮਲਾਰ |
| 28. | ਕਾਨੜਾ | 29. | ਕਲਿਆਨ | 30. | ਪ੍ਰਭਾਤੀ |
| 31. | ਜੈਜਾਵੰਤੀ | | | | |

ਹਰ ਰਾਗ ਕਿਸੇ ਖਾਸ ਰੁੱਤ ਵਿਚ ਅਤੇ ਕਿਸੇ ਨਿਸ਼ਚਿਤ ਵਕਤ ਉਪਰ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਅਨੁਸਾਰ ਸਾਰੀ ਕੁਦਰਤ ਰੱਬੀ ਗਾਇਨ ਵਿਚ ਲੀਨ ਹੈ ਅਤੇ ਅਕਾਲ ਪੁਰਖ ਦੀ ਪ੍ਰਾਪਤੀ ਅਸੀਂ ਉਸ ਦੇ ਗਾਇਨ ਕਰਨ ਨਾਲ ਕਰ ਸਕਦੇ ਹਾਂ। ਇਹੀ ਕਾਰਨ ਹੈ ਕਿ ਬਾਕੀ ਧਰਮਾਂ ਨਾਲੋਂ ਗੁਰਮਤਿ ਵਿਚ ਕੀਰਤਨ ਨੂੰ ਖਾਸ ਮਹੱਤਤਾ ਮਿਲੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਸੱਚੇ ਦਰਬਾਰ ਦਾ ਢਾਡੀ ਆਖਿਆ ਹੈ। ਭਾਈ ਮਰਦਾਨਾ ਜੀ ਤੋਂ ਲੈ ਕੇ ਅੱਜ ਤਕ ਗੁਰਬਾਣੀ ਕੀਰਤਨੀਏ ਗੁਰੂ ਘਰ ਦਾ ਅਟੁੱਟ ਅੰਗ ਬਣੇ ਰਹੇ ਹਨ।

## ਕਾਵਿ ਰੂਪਾਂ ਦੀ ਤਰਤੀਬ

ਆਦਿ ਗ੍ਰੰਥ ਦੇ ਸੰਪਾਦਕ ਨੇ ਬਾਣੀ ਰਚਨਾ-ਕਰਤਿਆਂ ਦੀ ਤਰਤੀਬ ਅਤੇ ਰਾਗਾਂ ਦੀ ਤਰਤੀਬ ਦੇ ਨਾਲ ਹਰੇਕ ਬਾਣੀ ਦੇ ਆਰੰਭ ਵਿਚ ਮੰਗਲਾਚਰਨ ਦੀ ਵਿਸ਼ੇਸ਼ ਤਰਤੀਬ ਦਿੱਤੀ ਹੈ। ਹਰ ਰਾਗ ਵਿਚ ਹਰੇਕ ਬਾਣੀ ਦੇ ਆਰੰਭ ਵਿਚ ਮੰਗਲਾਚਰਣ ਦਿੱਤਾ ਹੋਇਆ ਹੈ। ਮੰਗਲਾਚਰਣ ਨੂੰ ਮੂਲ ਮੰਤਰ ਕਿਹਾ ਜਾਂਦਾ ਹੈ। ਇਹ ਮੂਲ ਮੰਤਰ ਜਪੁ ਦੇ ਆਰੰਭ ਵਿਚ ਆਇਆ ਹੈ ਤੇ ਹਰੇਕ ਰਾਗ ਦੇ ਸ਼ੁਰੂ ਵਿਚ ਇਹ ਪੂਰਾ ਦਿੱਤਾ ਹੋਇਆ ਹੈ। ਪਰ ਜਿਆਦਾਤਰ ਇਸ ਮੂਲ ਮੰਤਰ ਦੇ ਲਘੂ ਰੂਪ ਦਿੱਤੇ ਗਏ ਹਨ। ਪੂਰਾ ਮੂਲ ਮੰਤਰ ਅਤੇ ਇਸ ਦੇ ਵੱਖ-ਵੱਖ ਸੰਖਿਪਤ ਰੂਪ ਇਹ ਹਨ

1. ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।
2. ੴ ਸਤਿਨਾਮੁ ਕਰਤਾਪੁਰਖੁ ਗੁਰਪ੍ਰਸਾਦਿ।
3. ੴ ਸਤਿਨਾਮੁ ਗੁਰਪ੍ਰਸਾਦਿ।
4. ੴ ਸਤਿਗੁਰ ਪ੍ਰਸਾਦਿ।
5. ੴ ।

ਮੂਲ ਮੰਤਰ ਤੋਂ ਨਿਤਨੇਮ ਅਤੇ ਫਿਰ ਰਾਗ ਕ੍ਰਮ ਸ਼ੁਰੂ ਹੋ ਜਾਂਦਾ ਹੈ। ਹਰੇਕ ਰਾਗ ਮੂਲ ਮੰਤਰ ਨਾਲ ਆਰੰਭ ਕਰਕੇ ਫਿਰ ਪਦੇ ਦਰਜ ਕੀਤੇ ਗਏ ਹਨ। ਪਦਿਆਂ ਦੀਆਂ ਕਈ ਕਿਸਮਾਂ ਹਨ ਜਿਵੇਂ ਕਿ ਦੋ ਪਦਿਆਂ ਵਾਲੇ ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਤੇ ਛੇ ਪਦਿਆਂ ਵਾਲੇ ਛਿਪਦੇ ਹਨ। ਉਪਰੰਤ ਅਸਟਪਦੀਆਂ ਆਉਂਦੀਆਂ ਹਨ ਜਿਨ੍ਹਾਂ ਵਿਚ ਅੱਠ ਅੱਠ ਪਦੇ ਦਰਜ ਕੀਤੇ ਹੋਏ ਹਨ। ਅਸ਼ਟਪਦੀਆਂ ਤੋਂ ਬਾਦ ਛੰਤ ਅਤੇ ਛੰਤਾਂ ਪਿਛੋਂ ਲੰਮੇਰੀਆਂ ਰਚਨਾਵਾਂ ਅਤੇ ਵਾਰਾਂ ਦਰਜ ਕੀਤੀਆਂ ਹੋਈਆਂ ਮਿਲਦੀਆਂ ਹਨ। ਅਖੀਰ ਵਿਚ ਸਲੋਕ ਅਤੇ ਰਾਗ ਮੁਕਤ ਬਾਣੀਆਂ ਆਉਂਦੀਆਂ ਹਨ।

ਰਚਣਹਾਰਿਆਂ ਨੂੰ ਅਤੇ ਕਾਵਿ ਰੂਪਾਂ ਨੂੰ ਉੱਪਰ ਦੱਸੀ ਵਿਉਂਤ ਅਨੁਸਾਰ ਦਰਜ ਕਰਕੇ ਕੰਮ ਖ਼ਤਮ ਨਹੀਂ ਹੋਇਆ। ਹਰੇਕ ਬਾਣੀ ਦੀ ਲਘੁਤਮ ਸੰਪੂਰਣ ਟੁਕੜੀ ਦੇ ਨਾਲ ਗਣਿਤ ਦੇ ਹਿੰਦਸੇ ਬਾਣੀ ਦੇ ਵੱਖ-ਵੱਖ ਰਾਗਾਂ ਦੀ ਗਿਣਤੀ ਕਰਦੇ ਜਾਂਦੇ ਹਨ। ਇਹ ਗਿਣਤੀ ਆਦਿ ਗ੍ਰੰਥ ਦੀ ਬਾਣੀ ਦੀ ਸ਼ੁੱਧਤਾ ਬਰਕਰਾਰ ਰੱਖਣ ਵਿਚ ਬਹੁਤ ਸਹਾਈ ਹੋਈ ਹੈ। ਇਸ ਨਾਲ ਪਦਾਂ ਨੂੰ ਹਟਾਉਣਾ ਜਾਂ ਹੋਰ ਬਾਣੀ ਇਸ ਵਿਚ ਸ਼ਾਮਲ ਕਰ ਦੇਣੀ ਸੰਭਵ ਨਾ ਰਹੀ। ਬਾਣੀ ਵਿਚ ਵਾਧਾ ਘਾਟਾ ਕਰਨ ਨਾਲ ਪਦਾਂ ਦੀ ਗਿਣਤੀ ਬਦਲ ਜਾਵੇਗੀ। ਸਪਸ਼ਟ ਹੈ ਕਿ ਆਦਿ ਗ੍ਰੰਥ ਦੇ ਸੰਪਾਦਕ ਸਾਹਿਬ ਨੇ ਗੁਰਬਾਣੀ ਦੀ ਸ਼ੁੱਧਤਾ ਅਤੇ ਪਰਮਾਣਿਕਤਾ ਨੂੰ ਕਾਇਮ ਰੱਖਣ ਲਈ ਇਸ ਵਿਲੱਖਣ ਤਕਨੀਕ ਦਾ ਪ੍ਰਯੋਗ ਕੀਤਾ।

## ਘਰ, ਤਾਲ ਅਤੇ ਰਹਾਉ

'ਘਰ' ਸ਼ਬਦ ਰਾਗ ਨਾਲ ਸਬੰਧਤ ਹੈ ਤੇ ਇਹ ਵਿਸ਼ੇਸ਼ ਰਾਗ ਦੀ ਪ੍ਰਧਾਨ ਸੁਰ ਦਾ ਸੰਕੇਤ ਦਿੰਦਾ ਹੈ। ਕੁਲ ਸਤਾਰਾਂ ਘਰਾਂ ਦੀ ਵਰਤੋਂ ਕੀਤੀ ਗਈ ਹੈ। ਘਰ ਤੋਂ ਇਲਾਵਾ ਤਾਲ ਵਾਸਤੇ 'ਛੰਤਾਂ ਕੀ ਜਤਿ' ਸ਼ਬਦ ਆਏ ਹਨ। 'ਪੜਤਾਲ' ਸ਼ਬਦ ਆਇਆ ਹੈ, ਇਹ ਵੀ ਤਾਲ ਦਾ ਸੂਚਕ ਹੈ। ਜਿਵੇਂ ਇਕ ਤਾਲ, ਤਿੰਨ ਤਾਲ ਹਨ। ਇਵੇਂ ਹੀ ਪੜਤਾਲ ਤਾਲ ਦੀ ਇਕ ਕਿਸਮ ਹੈ। ਇਵੇਂ ਹੀ ਰਹਾਉ ਸ਼ਬਦ ਦੀ ਵਰਤੋਂ ਤਾਂ ਬਹੁਤ ਵਾਰ ਹੋਈ ਹੈ। 'ਰਹਾਉ' ਸ਼ਬਦ ਦੀਆਂ ਪੰਕਤੀਆਂ ਵਿਚ ਸ਼ਬਦਾਂ ਦਾ ਕੇਂਦਰੀ ਭਾਵ ਦਰਜ ਹੁੰਦਾ ਹੈ। ਇਹੀ ਕਾਰਨ ਹੈ ਕਿ ਰਹਾਉ ਦੀਆਂ ਪੰਕਤੀਆਂ ਨੂੰ ਕੀਰਤਨੀਏ 'ਟੇਕ' ਵਜੋਂ ਲੈਂਦੇ ਹਨ, ਭਾਵ ਕੀਰਤਨ ਵਿਚ ਬਾਰ ਬਾਰ ਦੁਹਰਾਈਆਂ ਜਾਣ ਵਾਲੀਆਂ ਪੰਕਤੀਆਂ ਰਹਾਉ ਵਾਲੀਆਂ ਹੀ ਹੁੰਦੀਆਂ ਹਨ। ਉਦਾਹਰਣ ਲਈ ਦੱਖਣੀ ਓਅੰਕਾਰ ਬਾਣੀ ਵਿਚ ਕਿਤਾਬੀ ਪੜ੍ਹਾਈ ਜਾਂ ਫੋਕਟ ਵਿੱਦਿਆ ਅਤੇ ਕਰਮਕਾਡਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਬਾਣੀ ਦੀਆਂ ਪੰਕਤੀਆਂ ਇਹ ਹਨ :

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ।।
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ।।ਰਹਾਉ।। (ਪੰਨਾ ੯੩੦)

ਇਨ੍ਹਾਂ ਪੰਕਤੀਆਂ ਵਿਚ ਕੁੱਲ ਬਾਣੀ ਦੀ ਸਿਖਿਆ ਦਾ ਸਾਰ ਹੈ। ਇਵੇਂ ਹੀ ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਸਿੱਧਾਂ ਨਾਲ ਵਿਚਾਰ ਕਰਦੇ ਹੋਏ ਜੀਵਨ ਦੇ ਉਦੇਸ਼ ਦਾ ਵਿਸਥਾਰ ਨਾਲ ਵਰਣਨ ਕਰਦੇ ਹਨ ਤੇ ਦਸਦੇ ਹਨ ਕਿ ਪਰੰਪਰਾਗਤ ਵਿਧੀਆਂ ਨਾਲ ਰੱਬ ਨਹੀਂ ਮਿਲ ਸਕਦਾ ਤੇ ਨਾ ਹੀ ਤੀਰਥ ਤੇ ਜਾਣਾ ਇਸ ਵਾਸਤੇ ਸਹਾਈ ਹੁੰਦੇ ਹਨ। ਸਿੱਧ ਗੋਸ਼ਟਿ ਦੀਆਂ ਰਹਾਉ ਦੀਆਂ ਪੰਕਤੀਆਂ ਇਹ ਹਨ :

ਕਿਆ ਭਵੀਐ ਸਚਿ ਸੂਚਾ ਹੋਇ ।।
ਸਾਚ ਸਬਦ ਬਿਨੁ ਮੁਕਤਿ ਨ ਕੋਇ ।।ਰਹਾਉ।। (ਪੰਨਾ ੯੩੮)

ਇਹ ਪੰਕਤੀਆਂ ਸਿਧ ਗੋਸ਼ਟਿ ਬਾਣੀ ਦਾ ਤੱਤਸਾਰ ਹਨ।

ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਕਿੰਨੀ ਮਿਹਨਤ ਅਤੇ ਲਗਨ ਨਾਲ ਇਹ ਮਹਾਨ ਕਾਰਜ ਸਿਰੇ ਚਾੜ੍ਹਿਆ। ਡੇਢ ਹਜ਼ਾਰ ਪੰਨਿਆਂ ਦੇ ਸੰਪਾਦਨ ਹਿਤ ਲੱਖਾਂ ਪੰਨਿਆਂ ਦੀਆਂ ਹੱਥ ਲਿਖਤਾਂ, ਗ੍ਰੰਥਾਂ ਦੀ ਖੋਜ ਕੀਤੀ, ਅਧਿਐਨ ਕੀਤਾ ਤੇ ਛਾਂਟੀ ਕੀਤੀ। ਹੱਥ ਲਿਖਤਾਂ ਪ੍ਰਾਪਤ ਕਰਨੀਆਂ ਆਸਾਨ ਕੰਮ ਨਹੀਂ। ਹੱਥ ਲਿਖਤਾਂ ਦੇ ਉਤਾਰੇ ਕਰਵਾਣ ਵਿਚ ਸੈਂਕੜੇ ਲਿਖਾਰੀਆਂ ਦਾ ਯੋਗਦਾਨ ਇਸ ਵਿਚ ਸ਼ਾਮਲ ਹੈ। ਭਾਈ ਗੁਰਦਾਸ ਜੀ ਭਾਰਤੀ ਭਾਸ਼ਾਵਾਂ ਦੇ ਬਹੁਤ ਵੱਡੇ ਵਿਦਵਾਨ ਸਨ। ਉਨ੍ਹਾਂ ਨੂੰ ਗ੍ਰੰਥ ਲਿਖਣ ਦਾ ਮਾਣ ਮਿਲਿਆ। ਗੁਰੂ ਅਰਜਨ ਦੇਵ ਜੀ ਲਗਾਤਾਰ ਇਸ ਗ੍ਰੰਥ ਦੀ ਲਿਖਤ ਪੜ੍ਹ ਪੜ੍ਹ ਕੇ ਸੁਧਾਈ ਕਰਦੇ ਰਹੇ। ਇਹ ਗ੍ਰੰਥ ਸਦਾ ਲਈ ਮਨੁੱਖਤਾ ਦਾ ਕਲਿਆਣ ਕਰਦਾ ਰਹੇਗਾ। ਇਸ ਗ੍ਰੰਥ ਦੀ ਸੰਪਾਦਨਾ ਦੇ ਸਾਰੇ ਪੱਖ ਹਾਲੇ ਵੀ ਪੂਰੀ ਤਰ੍ਹਾਂ ਰੌਸ਼ਨ ਨਹੀਂ ਹੋਏ। ਸਮਾਂ ਬੀਤਦਾ ਜਾਵੇਗਾ, ਵਿਦਵਾਨ ਖੋਜੀ ਇਸ ਸਾਗਰ ਵਿਚੋਂ ਹੋਰ ਮੋਤੀ ਜਵਾਹਰ ਲੱਭਦੇ ਰਹਿਣਗੇ। ਦਿਨ-ਬਦਿਨ ਇਸ ਧਰਮ ਗ੍ਰੰਥ ਦੀ ਜ਼ਰੂਰਤ ਅਤੇ ਉਪਯੋਗਤਾ ਮਨੁੱਖੀ ਮਾਨਸਿਕਤਾ ਨੂੰ ਸਮਝ ਆਉਂਦੀ ਜਾਵੇਗੀ।

## ਸਹਾਇਕ ਪੁਸਤਕਾਂ


1. ਏ ਕਰੀਟੀਕਲ ਸਟੱਡੀ ਆਫ ਆਦਿ ਗ੍ਰੰਥ : ਸੁਰਿੰਦਰ ਸਿੰਘ ਕੋਹਲੀ
2. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ : ਮਹਿੰਦਰ ਕੌਰ ਗਿੱਲ
3. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ : ਡਾ. ਤਾਰਨ ਸਿੰਘ
4. ਆਦਿ ਬੀੜ ਬਾਰੇ : ਪ੍ਰੋ. ਸਾਹਿਬ ਸਿੰਘ


## ਅਭਿਆਸ ਲਈ ਪ੍ਰਸ਼ਨ

1. 'ਗੁਰੂ ਗ੍ਰੰਥ ਇੱਕ ਵਿਲੱਖਣ ਧਰਮ ਗ੍ਰੰਥ ਹੈ' ਵਿਸਤਾਰ ਸਹਿਤ ਦੱਸੋ।
2. ਆਦਿ ਗ੍ਰੰਥ ਦੇ ਸੰਪਾਦਕ ਅਤੇ ਸੰਪਾਦਨਾ ਬਾਰੇ ਨੋਟ ਲਿਖੋ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਪਰਿਚਯ

ਸੰਸਾਰ ਧਰਮਾਂ ਦੇ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਕਿਸੇ ਇਕ ਕੌਮ ਤੀਕ ਸੀਮਤ ਨਾ ਹੋ ਕੇ ਪੂਰੀ ਮਾਨਵ ਜਾਤੀ ਦੇ ਕਲਿਆਣ ਲਈ ਹੈ। ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਪੂਰੀ ਮਨੁੱਖਤਾ ਦੇ ਨੈਤਿਕ ਤੇ ਅਧਿਆਤਮਿਕ ਕਲਿਆਣ ਲਈ ਹੈ। ਇਸ ਦੇ ਸਰੂਪ ਦੀ ਸਿਰਜਨਾ ਸਮੂਹ ਮਾਨਵਤਾ ਨੂੰ ਸਾਂਝੀਵਾਲਤਾ ਦਾ ਸੁਨੇਹਾ ਦੇਣ ਹਿਤ ਕੀਤੀ ਗਈ ਹੈ। ਇਸੇ ਲਈ ਇਸ ਵਿਚ ਗੁਰੂ ਪਾਤਸ਼ਾਹਾਂ ਤੋਂ ਇਲਾਵਾ ਵਿਭਿੰਨ ਪ੍ਰਾਂਤਾਂ, ਵੱਖ-ਵੱਖ ਸੰਪ੍ਰਦਾਵਾਂ ਅਤੇ ਅੱਡ-ਅੱਡ ਸੰਸਕ੍ਰਿਤੀਆਂ ਨਾਲ ਸਬੰਧਿਤ ਹਿੰਦੂ ਸੰਤਾਂ, ਭਗਤਾਂ ਅਤੇ ਮੁਸਲਮਾਨ ਫ਼ਕੀਰਾਂ ਦੀ ਅਧਿਆਤਮਕ ਤਦਰੂਪਤਾ ਤੋਂ ਉਤਪੰਨ ਅਧਿਆਤਮਕ ਅਨੁਭਵ ਦੀ ਰਚਨਾ ਨੂੰ ਗੁਰਬਾਣੀ ਤੁਲ ਸਵੀਕਾਰ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਮਹਾਂਪੁਰਸ਼ਾਂ ਦੀ ਪਵਿੱਤਰ ਬਾਣੀ ਸੰਮਿਲਿਤ ਹੈ ਉਹਨਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ :

(ੳ) ਬਾਣੀ ਰਚੈਤਾ ਗੁਰੂ ਪਾਤਸ਼ਾਹ।

(ਅ) ਭਾਰਤ ਦੇ ਸੰਤ-ਭਗਤ ਅਤੇ ਸੂਫ਼ੀ ਫ਼ਕੀਰ।

(ੲ) ਗੁਰੂ ਪਾਤਸ਼ਾਹਾਂ ਦੇ ਨਿਕਟਵਰਤੀ ਸਿੱਖ ਕੀਰਤਨਕਾਰ, ਭੱਟ ਅਤੇ ਹੋਰ ਮਹਾਨ ਪੁਰਸ਼।

ਇਹਨਾਂ ਸਾਰੇ ਬਾਣੀਕਾਰ ਮਹਾਂਪੁਰਸ਼ਾਂ ਦੇ ਜੀਵਨ ਦਾ ਸੰਖੇਪ ਵਿਵਰਣ ਅੱਗੇ ਦਿੱਤਾ ਗਿਆ ਹੈ।

## (ੳ) ਬਾਣੀ ਰਚੈਤਾ ਗੁਰੂ ਪਾਤਸ਼ਾਹ

### ਗੁਰੂ ਨਾਨਕ ਦੇਵ ਜੀ

ਸਿੱਖ ਧਰਮ ਵਿਚ ਗੁਰੂ ਜੋਤਿ ਦੀ ਸਦੈਵਤਾ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਸਾਰੇ ਪ੍ਰਕਾਸ਼-ਸੋਮਿਆਂ ਨੂੰ ਗੁਰੂ-ਜੋਤਿ ਤੋਂ ਪ੍ਰਕਾਸ਼ਮਾਨ ਮੰਨਿਆ ਹੈ। ਗੁਰੂ-ਜੋਤਿ ਆਦਿ ਕਾਲ ਤੋਂ ਕਿਸੇ ਨਾ ਕਿਸੇ ਜੁਗਤਿ ਰਾਹੀਂ, ਜੀਵਾਂ ਦੇ ਹਿਰਦਿਆਂ ਨੂੰ ਪ੍ਰਕਾਸ਼ਮਾਨ ਕਰਦੀ ਰਹੀ ਹੈ, ਪਰ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਕਾਸ਼ ਦੇ ਇਸ ਮੂਲ ਸੋਮੇ ਦਾ ਪੂਰਣ ਪ੍ਰਗਟਾਵਾ ਹੋਇਆ।

ਗੁਰੂ ਨਾਨਕ ਸਾਹਿਬ ਦਾ ਜਨਮ ਲਾਹੌਰ ਤੋਂ ਲਗਭੱਗ 48 ਮੀਲ ਦੂਰ ਦੌਲਤ ਖਾਂ ਲੋਧੀ ਦੇ ਸਹੁਰੇ ਭੱਟੀ ਰਾਜਪੂਤ ਰਾਇ ਭੋਇੰ ਦੀ ਤਲਵੰਡੀ ਵਿਚ ਸ਼ਿਵਰਾਮ (ਜਾਂ ਸ਼ਿਵ ਨਰਾਇਣ) ਦੇ ਪੁੱਤਰ ਕਾਲੂ ਚੰਦ (ਕਾਲੂ ਰਾਇ ਜਾਂ ਕਲਯਾਣ ਚੰਦ ਭੀ ਕਿਹਾ ਜਾਂਦਾ ਹੈ) ਦੀ ਸੁਪਤਨੀ ਤ੍ਰਿਪਤਾ (ਸਾਖੀਆਂ ਵਿਚ ਤਿਪਰਾ ਜਾਂ ਤਿਪਤਾ ਭੀ ਆਖਿਆ ਹੈ) ਦੀ ਕੁੱਖੋਂ 15 ਅਪ੍ਰੈਲ (20 ਅਕਤੂਬਰ ਕੱਤਕ ਪੂਰਨਮਾਸ਼ੀ ਭੀ ਕਿਹਾ ਹੈ) 1469 ਈਸਵੀ ਨੂੰ ਹੋਇਆ। ਕਾਲੂ ਦਾਸ ਰਾਇ ਭੋਇੰ ਦੀ ਜਾਗੀਰ ਦਾ ਜਾਗੀਰਦਾਰ ਸੀ ਅਤੇ ਗੁਰੂ ਨਾਨਕ ਜੀ ਦੇ ਜਨਮ ਸਮੇਂ ਉਸਦੀ ਉਮਰ ਲਗਭੱਗ 29 ਸਾਲ ਸੀ। ਜਨਮ ਸਾਖੀਆਂ ਅਨੁਸਾਰ ਗੁਰੂ ਜੀ ਦੇ ਜਨਮ ਸਮੇਂ ਹੀ ਭਵਿੱਖ ਵਿਚ ਨਾਨਕ ਦੇ ਉੱਚਤਮ ਵਿਅਕਤੀਤਵ ਦੇ ਧਾਰਨੀ ਹੋਣ ਸੰਬੰਧੀ ਪੁਰੋਹਿਤ ਹਰਦਿਆਲ ਨੇ ਭਵਿੱਖ ਬਾਣੀ ਕਰ ਦਿੱਤੀ ਸੀ।

5 ਸਾਲ ਦੀ ਆਯੂ ਵਿਚ ਇਹਨਾਂ ਨੂੰ ਗੋਪਾਲ ਪਾਂਧੇ ਪਾਸ ਪੜ੍ਹਨ ਲਈ ਭੇਜਿਆ, ਪ੍ਰੰਤੂ ਬਾਲ ਨਾਨਕ ਵਲ-ਛਲ ਸਿਖਾਉਣ ਅਤੇ ਹਉਮੈ ਵਿਚ ਵਾਧਾ ਕਰਨ ਵਾਲੀ ਸੰਸਾਰਕ ਵਿੱਦਿਆ ਨਾਲੋਂ ਪਰਮਾਰਥਕ ਵਿੱਦਿਆ ਦੀ ਪ੍ਰਾਪਤੀ ਨੂੰ ਸ੍ਰੇਸ਼ਟ ਮੰਨਦੇ ਸਨ। ਜਿਵੇਂ ਕਿ ਪੱਟੀ ਬਾਣੀ ਵਿਚ ਉਹਨਾਂ ਦਾ ਕਥਨ ਹੈ :

ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ।।
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ।। (ਪੰਨਾ ੪੩੨)

ਲਗਭੱਗ 2 ਸਾਲ ਉਹਨਾਂ ਨੇ ਪੰਡਿਤ ਬ੍ਰਿਜਨਾਥ ਤੋਂ ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤ ਕੀਤੀ ਅਤੇ ਹਿੰਦੂ ਗ੍ਰੰਥਾਂ ਦਾ ਅਧਿਐਨ ਕੀਤਾ। ਤਕਰੀਬਨ 2 ਸਾਲ ਹੀ ਉਹਨਾਂ ਮੁੱਲਾਂ ਕੁਤਬ-ਉ-ਦੀਨ ਤੋਂ ਫ਼ਾਰਸੀ ਦੀ ਪੜ੍ਹਾਈ ਵੀ ਕੀਤੀ।

8 ਸਾਲ ਦੀ ਆਯੂ ਵਿਚ ਹਿੰਦੂ ਧਰਮ ਵਿਧਾਨ ਅਨੁਸਾਰ ਉਹਨਾਂ ਨੂੰ ਜਨੇਊ ਧਾਰਨ ਕਰਨ ਲਈ ਕਿਹਾ ਤਾਂ ਉਹਨਾਂ ਨੇ ਇਸ ਰਸਮ ਤੇ ਇਕੱਤਰ ਹੋਏ ਲੋਕਾਂ ਨੂੰ ਕੱਚੇ ਧਾਗੇ ਦੇ ਟੁੱਟਣਹਾਰ ਜਨੇਊ ਦੀ ਥਾਂ ਜਤ, ਸਤ, ਦਇਆ ਅਤੇ ਸੰਤੋਖ ਵਰਗੇ ਨੈਤਿਕ ਗੁਣਾਂ ਦਾ ਵਾਸਤਵਿਕ ਜਨੇਊ ਪਹਿਨਣ ਲਈ ਪ੍ਰੇਰਿਤ ਕੀਤਾ। 18 ਸਾਲ ਦੀ ਉਮਰ ਵਿਚ ਉਹਨਾਂ ਦਾ ਵਿਆਹ ਬਟਾਲੇ ਦੇ ਪਟਵਾਰੀ ਮੂਲ ਚੰਦ ਦੀ ਪੁੱਤਰੀ ਸੁਲੱਖਣੀ ਨਾਲ ਹੋਇਆ ਅਤੇ ਉਸ ਤੋਂ ਦੋ ਪੁੱਤਰਾਂ ਸ੍ਰੀ ਚੰਦ ਅਤੇ ਲੱਖਮੀ ਚੰਦ ਜੀ ਦਾ ਜਨਮ ਹੋਇਆ। ਜੀਵਨ ਦੇ ਅਗਲੇ ਤਕਰੀਬਨ 12 ਸਾਲ ਉਹਨਾਂ ਨੇ ਸੁਲਤਾਨਪੁਰ ਦੇ ਨਵਾਬ ਦੌਲਤ ਖਾਨ ਦੇ ਮੋਦੀਖਾਨੇ ਵਿਚ ਮੋਦੀ ਦੇ ਜ਼ਿੰਮੇਵਾਰ ਪਦ ਤੇ ਕੰਮ ਕਰਦਿਆਂ ਬਿਤਾਏ। ਸੁਲਤਾਨਪੁਰ ਵਿਖੇ ਆਪ ਜੀ ਈਮਾਨਦਾਰੀ ਨਾਲ ਮੋਦੀ ਦਾ ਕੰਮ ਕਰਦਿਆਂ ਜ਼ਰੂਰਤ ਮੰਦਾਂ ਦੀ ਸਹਾਇਤਾ ਕਰਦੇ ਅਤੇ ਈਸ਼ਵਰੀ ਉਪਾਸ਼ਨਾ ਵਿਚ ਮਗਨ ਰਹਿੰਦੇ। ਨਿੱਤਕਰਮ ਅਨੁਸਾਰ ਸੰਨ 1499 ਈ. ਦੀ ਇਕ ਸਵੇਰ ਜਦੋਂ ਉਹ ਨਗਰ ਦੇ ਨਾਲ ਵਗਦੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤਾਂ ਆਪ ਜੀ ਨਦੀ ਵਿਚ ਪ੍ਰਵੇਸ਼ ਕਰਦਿਆਂ ਹੀ ਅਲੋਪ ਹੋ ਗਏ ਅਤੇ ਤਿੰਨ ਦਿਨ ਤੱਕ ਅਲੋਪ ਰਹੇ। ਇਸ ਸਮੇਂ ਉਨ੍ਹਾਂ ਨੂੰ ਪਰਮ ਸ਼ਕਤੀ ਪਰਮਾਤਮਾ ਨਾਲ ਸਾਖਿਆਤਕਾਰ ਪ੍ਰਾਪਤ ਹੋਇਆ ਅਤੇ ਅਕਾਲ ਪੁਰਖ ਨੇ ਉਹਨਾਂ ਨੂੰ ਗੁਰਤਾ ਦਾ ਅਧਿਕਾਰ ਦੇ ਕੇ ਵਿਸ਼ਵ ਕਲਿਆਣ ਲਈ ਨਾਮ ਅੰਮ੍ਰਿਤ ਵੰਡਣ ਦਾ ਆਦੇਸ਼ ਦਿੱਤਾ। ਵੇਈਂ ਨਦੀ ਵਿਚੋਂ ਬਾਹਰ ਆ ਕੇ ਉਹਨਾਂ ਨੇ ਪਹਿਲੀ ਵਾਰ ਅਧਿਕਾਰ ਸਹਿਤ ਕਿਹਾ 'ਨਾ ਕੋ ਹਿੰਦੂ ਨਾ ਮੁਸਲਮਾਨ।' ਪਰਮਾਤਮਾ ਵੱਲੋਂ ਨਿਰਧਾਰਿਤ ਉਦੇਸ਼ ਦੀ ਪੂਰਤੀ ਅਤੇ ਧਰਮ-ਕਲਾ ਨੂੰ ਸਥਾਪਿਤ ਕਰਨ ਲਈ ਉਹਨਾਂ ਨੇ ਦੇਸ਼-ਪ੍ਰਦੇਸ਼ ਵਿਚ ਯਾਤਰਾ ਫੇਰੀ ਦਾ ਪ੍ਰੋਗਰਾਮ ਅਰੰਭਿਆ। ਉਹ ਮੋਦੀਖਾਨੇ ਦਾ ਤਿਆਗ ਕਰਕੇ ਸੁਲਤਾਨਪੁਰੋਂ ਲਾਹੌਰ, ਗੁਜਰਾਂਵਾਲਾ, ਏਮਨਾਬਾਦ, ਤੁਲੰਬਾ, ਪਾਕਪਟਨ ਇਤਯਾਦਿਕ ਸਥਾਨਾਂ ਤੇ ਹੁੰਦੇ ਹੋਏ, ਪੰਜ ਦਿਨ ਆਪਣੇ ਪਿਤਰੀ ਨਗਰ ਤਲਵੰਡੀ ਠਹਿਰੇ ਅਤੇ ਫਿਰ ਚਾਰ ਲੰਬੀਆਂ ਯਾਤਰਾਵਾਂ ਲਈ ਨਿਕਲ ਪਏ। ਇਹਨਾਂ ਯਾਤਰਾਵਾਂ ਨੂੰ ਉਦਾਸੀਆਂ ਕਿਹਾ ਗਿਆ ਹੈ।।

ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਜਨ-ਸਾਧਾਰਣ ਵਿਚ ਇਕ ਜੋਤਿ ਦੀ ਸਿਰਜਨਾ ਦੀ ਚੇਤਨਾ ਪੈਦਾ ਕੀਤੀ। ਉਨ੍ਹਾਂ ਦੱਸਿਆ ਕਿ ਦਿਖਾਵੇ ਦੇ ਪੂਜਾ ਪਾਠ, ਧਾਰਮਿਕ ਰੀਤਾਂ ਅਤੇ ਕਰਮ ਕਾਂਡ ਅਧਿਆਤਮਿਕ ਜੀਵਨ ਪੰਧ ਵਿਚ ਕਿਸੇ ਤਰ੍ਹਾਂ ਵੀ ਲਾਹੇਵੰਦ ਨਹੀਂ ਹਨ। ਇਕ ਈਸ਼ਵਰ ਦੀ ਹੋਂਦ ਤੇ ਦ੍ਰਿੜ੍ਹ ਨਿਸ਼ਚਾ ਕਰਕੇ ਅਤੇ ਉਸ ਦੇ ਨਾਮ ਸਿਮਰਨ ਰਾਹੀਂ ਉਪਾਸਨਾ ਕਰਕੇ, ਸਦਾਚਾਰਕ ਜੀਵਨ ਦੇ ਧਾਰਨੀ ਹੋ ਕੇ ਸਚਿਆਰ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਉਨ੍ਹਾਂ ਮਾਨਵ ਸਮਾਜ ਦੇ ਸਨਮੁਖ ਸਾਂਝੀਵਾਲਤਾ ਦੇ ਉਦੇਸ਼ ਦੀ ਪੂਰਤੀ ਲਈ ਸਤ ਸੰਗਤ ਦੀ ਸੰਸਥਾ ਕਾਇਮ ਕੀਤੀ ਅਤੇ ਬਾਣੀ ਦੇ ਪਾਠ ਕੀਰਤਨ ਨੂੰ ਸਤਿਸੰਗਤ ਵਿਚ ਨਿੱਤ ਦਾ ਨੇਮ ਥਾਪਿਆ। ਮਾਨਵ ਨੂੰ ਨਿਰਮਲ ਪੰਥ ਦੱਸਿਆ।

ਆਪਣੇ ਇਸ ਨਿਰਮਲ ਪੰਥ ਨੂੰ ਥਿਰ ਆਧਾਰ ਪ੍ਰਦਾਨ ਕਰਨ ਲਈ ਉਹਨਾਂ ਨੇ ਆਪਣੇ ਸਰਵ-ਸ੍ਰੇਸ਼ਟ ਸਿੱਖ, ਭਾਈ ਲਹਿਣਾ ਜੀ ਨੂੰ ਆਪਣਾ ਉਤਰਾਧਿਕਾਰੀ ਸਥਾਪਤ ਕਰਕੇ ਅੰਗਦ ਨਾਮ ਦਿੱਤਾ। ਅੱਸੂ ਵਦੀ 10 ਜਾਂ 7 ਸਤੰਬਰ 1539 ਨੂੰ ਉਹ ਕਰਤਾਰਪੁਰ ਵਿਖੇ ਦਿਵਯ-ਜੋਤੀ ਵਿਚ ਵਿਲੀਨ ਹੋ ਗਏ। ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ ਕੁੱਲ 19 ਰਾਗਾਂ ਵਿਚ ਉਹਨਾਂ ਦੇ ਕੁੱਲ 974 ਪਦੇ ਹਨ।

## ਗੁਰੂ ਅੰਗਦ ਦੇਵ ਜੀ

ਗੁਰੂ ਅੰਗਦ ਦੇਵ ਜੀ ਦਾ ਜਨਮ ਜਿਲ੍ਹਾ ਫਿਰੋਜ਼ਪੁਰ ਦੇ ਪਿੰਡ ਮੱਤੇ ਦੀ ਸਰ੍ਹਾਂ ਵਿਚ 31 ਮਾਰਚ 1504 ਈ. ਨੂੰ ਹੋਇਆ। ਮਾਤਾ ਪਿਤਾ ਨੇ ਉਹਨਾਂ ਦਾ ਨਾਮ ਲਹਿਣਾ ਰੱਖਿਆ। ਉਹਨਾਂ ਦੇ ਪਿਤਾ ਫੇਰੂਮੱਲ ਜੀ ਚੰਗੇ ਸਰਦੇ-ਪੁਜਦੇ ਦੁਕਾਨਦਾਰ ਅਤੇ ਅਸਰ-ਰਸੂਖ ਵਾਲੇ ਵਿਅਕਤੀ ਸਨ। ਪਿੰਡ ਚੌਧਰੀ ਤਖ਼ਤ ਮੱਲ ਅਤੇ ਫਿਰੋਜ਼ਪੁਰ ਦੇ ਮੁਸਲਮਾਨ ਹਾਕਮ ਨਾਲ ਉਨ੍ਹਾਂ ਦੇ ਬਹੁਤ ਮਧੁਰ ਸਬੰਧ ਸਨ। ਸੰਸਾਰਿਕ ਮਾਨ-ਤਾਨ ਹੁੰਦਿਆਂ ਭੀ ਉਹਨਾਂ ਦੀ ਸ਼ਖ਼ਸੀਅਤ ਨਿਮਰਤਾ ਅਤੇ ਮਿਠਾਸ ਜਿਹੇ ਸਦਗੁਣਾਂ ਨਾਲ ਸੁਸੱਜਿਤ ਸੀ। ਇਸ ਦਾ ਪ੍ਰਭਾਵ ਲਹਿਣਾ ਜੀ ਉਤੇ ਪੈਣਾ ਸੁਭਾਵਿਕ ਗੱਲ ਸੀ।

1519 ਈ. ਵਿਚ ਸੰਘਰ ਪਿੰਡ ਦੇ ਵਸਨੀਕ ਸ੍ਰੀ ਦੇਵੀ ਚੰਦ ਜੀ ਦੀ ਸਪੁੱਤਰੀ ਖੀਵੀ ਨਾਲ ਉਹਨਾਂ ਦੀ ਸ਼ਾਦੀ ਹੋਈ

ਅਤੇ ਉਹਨਾਂ ਦੇ ਪਰਿਵਾਰ ਵਿਚ ਦੋ ਲੜਕਿਆਂ ਦਾਤੂ ਜੀ ਅਤੇ ਦਾਸੂ ਜੀ ਨੇ ਜਨਮ ਲਿਆ। ਬਾਬਰ ਦੇ ਹਮਲੇ ਸਮੇਂ ਮੱਤੇ ਦੀ ਸਰਾਂ ਨਸ਼ਟ ਹੋਣ ਕਾਰਨ ਫੇਰੂਮੱਲ ਜੀ ਦਾ ਪਰਿਵਾਰ ਲਾਗਲੇ ਪਿੰਡ ਸਰਾਇ ਨਾਗਾ ਵਿਖੇ ਚਲਾ ਗਿਆ। ਕੁਝ ਸਮੇਂ ਪਿਛੋਂ ਹਾਕਮ ਅਤੇ ਚੌਧਰੀ ਨਾਲ ਅਣਬਣ ਹੋਣ ਕਾਰਨ ਉਹ ਹਰੀਕੇ ਪੱਤਣ ਚਲੇ ਗਏ ਅਤੇ ਫਿਰ ਲਹਿਣਾ ਜੀ ਦੇ ਸਹੁਰਿਆਂ ਦੇ ਜ਼ੋਰ ਪਾਉਣ ਤੇ ਸੰਘਰ ਆ ਗਏ। ਪਿੰਡ ਖਡੂਰ ਵਿਚ ਭਾਈ ਫੇਰੂ ਜੀ ਦੀ ਭੈਣ ਵਿਆਹੀ ਹੋਈ ਸੀ, ਇਸ ਕਰਕੇ ਖਡੂਰ ਵਿਚ ਲਹਿਣਾ ਜੀ ਦਾ ਆਣ-ਜਾਣ ਲੱਗਿਆ ਰਹਿੰਦਾ ਸੀ। 1526 ਈ. ਵਿਚ ਫੇਰੂ ਮੱਲ ਜੀ ਅਕਾਲ ਚਲਾਣਾ ਕਰ ਗਏ। ਭਾਈ ਫੇਰੂ ਮੱਲ ਦੇਵੀ ਭਗਤ ਸਨ ਅਤੇ ਉਹਨਾਂ ਦੇ ਚਲਾਣੇ ਮਗਰੋਂ ਲਹਿਣਾ ਜੀ ਹਰ ਸਾਲ ਦੇਵੀ ਦਰਸ਼ਨ ਨੂੰ ਜਾਇਆ ਕਰਦੇ ਸਨ।

ਇਕ ਵਾਰੀ ਲਹਿਣਾ ਜੀ ਨੇ ਭਾਈ ਜੋਧ ਨਾਮੀ ਸਿੱਖ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣੀ ਤਾਂ ਉਹਨਾਂ ਦੇ ਮਨ ਵਿਚ ਗੁਰੂ ਦਰਸ਼ਨਾਂ ਲਈ ਤਾਂਘ ਜਾਗ ਪਈ। 1532 ਈ. ਵਿਚ ਜਦੋਂ ਉਹ ਦੇਵੀ ਦਰਸ਼ਨਾਂ ਲਈ ਜਾ ਰਹੇ ਸਨ ਤਾਂ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਕੋਲ ਰੁਕੇ। ਉਹਨਾਂ ਨੇ ਦੇਵੀ ਦਰਸ਼ਨਾਂ ਦਾ ਵਿਚਾਰ ਤਿਆਗ ਕੇ ਗੁਰੂ ਸੇਵਾ ਵਿਚ ਆਪਾ ਸਮਰਪਿਤ ਕਰ ਦਿੱਤਾ। ਹਉਮੈ-ਮੁਕਤ ਹੋ ਕੇ ਨਿਰਸੁਆਰਥ ਸੇਵਾ ਅਤੇ ਗੁਰੂ-ਭਗਤੀ ਕਰਨ ਕਰਕੇ 1539 ਈ. ਵਿਚ ਉਹਨਾਂ ਨੂੰ ਅੰਗਦ ਨਾਮ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਪ੍ਰਦਾਨ ਕੀਤੀ ਅਤੇ ਗੁਰੂ ਹੁਕਮ ਅਨੁਸਾਰ ਉਹ ਕਰਤਾਰਪੁਰ ਤੋਂ ਖਡੂਰ ਵਿਖੇ ਆ ਗਏ।

1540 ਈ. ਵਿਚ ਖਡੂਰ ਵਿਖੇ ਹੁਮਾਯੂੰ ਬਾਦਸ਼ਾਹ ਨੇ ਉਹਨਾਂ ਦੇ ਦਰਸ਼ਨ ਕੀਤੇ। ਆਪਣੇ ਗੁਰਗੱਦੀ ਕਾਲ ਵਿਚ ਉਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਣਥੱਕ ਪ੍ਰਯਾਸ ਕੀਤੇ। ਉਹਨਾਂ ਨੇ ਨਾਨਕ ਬਾਣੀ ਦਾ ਪ੍ਰਚਾਰ ਕੀਤਾ। ਗੁਰਮੁਖੀ ਲਿਪੀ ਨੂੰ ਤਰਤੀਬ ਦੇ ਕੇ ਇਸ ਦੇ ਵਿਸਤਾਰ ਲਈ ਯਤਨ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਵਿਵਰਣ ਕਰਕੇ ਲਿਖਵਾਏ। ਉਹਨਾਂ ਨੇ ਬੱਚਿਆਂ ਦੀ ਪੜ੍ਹਾਈ ਲਈ ਪਾਠਸ਼ਾਲਾ ਦੀ ਸਥਾਪਨਾ ਕੀਤੀ ਅਤੇ ਸਰੀਰਕ ਤੰਦਰੁਸਤੀ ਲਈ ਲੋਕਾਂ ਵਿਚ ਕਸਰਤ ਦਾ ਸ਼ੌਕ ਪੈਦਾ ਕੀਤਾ। ਸੰਨ 1552 ਈ. ਵਿਚ ਉਹਨਾਂ ਨੇ ਸਰੀਰਕ ਜਾਮਾ ਤਿਆਗ ਕੇ ਪਰਮ-ਜੋਤਿ ਵਿਚ ਵਿਲੀਨਤਾ ਪ੍ਰਾਪਤ ਕੀਤੀ। ਗੁਰੂ ਗ੍ਰੰਥ ਸਾਹਿਬ ਦੇ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲਾਰ ਰਾਗਾਂ ਦੀਆਂ ਵਾਰਾਂ ਵਿਚ ਉਹਨਾਂ ਦੁਆਰਾ ਰਚਿਤ ਕੁੱਲ 62 ਸਲੋਕ ਸੰਕਲਿਤ ਕੀਤੇ ਮਿਲਦੇ ਹਨ।

## ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਦਾ ਜਨਮ 5 ਮਈ 1479 ਈ. ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿੱਚ ਮਾਤਾ ਰਾਮ ਕੌਰ ਜੀ ਦੀ ਕੁੱਖੋਂ ਹੋਇਆ। ਉਹਨਾਂ ਦੇ ਪਿਤਾ ਤੇਜ ਭਾਨ ਜੀ ਭੱਲੇ ਖੱਤ੍ਰੀ ਸਨ ਜੋ ਖੇਤੀ ਤੇ ਦੁਕਾਨਦਾਰੀ ਦਾ ਕੰਮ ਕਰਦੇ ਸੀ। ਉਹਨਾਂ ਦਾ ਪਰਿਵਾਰ ਸਨਾਤਨੀ ਹਿੰਦੂ ਵਿਚਾਰਾਂ ਦਾ ਅਨੁਸਾਰੀ ਸੀ ਅਤੇ ਵੈਸ਼ਨਵ ਭਗਤੀ ਵੱਲ ਉਹਨਾਂ ਦਾ ਵਿਸ਼ੇਸ਼ ਝੁਕਾਅ ਸੀ। ਮਾਤਾ ਰਾਮ ਕੌਰ ਪਵਿੱਤਰ ਵਿਚਾਰਾਂ ਵਾਲੀ ਸੰਤ-ਸੇਵੀ ਨੇਕ ਇਸਤਰੀ ਸੀ। ਸ੍ਰੀ ਅਮਰਦਾਸ ਜੀ ਨੇ ਕਈ ਵਾਰ ਹਿੰਦੂ ਤੀਰਥਾਂ ਦੀ ਯਾਤਰਾ ਕੀਤੀ। 1502 ਈ. ਵਿਚ ਉਹਨਾਂ ਦੀ ਸ਼ਾਦੀ ਹੋਈ ਅਤੇ ਉਹਨਾਂ ਦੇ ਘਰ ਦੋ ਸਪੁੱਤਰ, ਮੋਹਨ ਅਤੇ ਮੋਹਰੀ ਤੇ ਦੋ ਸਪੁੱਤਰੀਆਂ, ਦਾਨੀ ਅਤੇ ਭਾਨੀ ਨੇ ਜਨਮ ਲਿਆ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਸ੍ਰੀ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ, ਉਸ ਤੋਂ ਗੁਰੂ ਅਮਰਦਾਸ ਜੀ ਨੇ ਇਕ ਵਾਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸ੍ਰਵਣ ਕੀਤੀ ਤਾਂ ਉਹਨਾਂ ਦਾ ਮਨ ਗੁਰੂ ਚਰਨਾਂ ਵੱਲ ਖਿੱਚਿਆ ਗਿਆ। 1540 ਈ. ਤੋਂ 1552 ਈ. ਤੀਕ ਉਹ ਮਾਨ-ਅਪਮਾਨ ਨੂੰ ਤਿਆਗ ਕੇ ਗੁਰੂ ਸੇਵਾ ਅਤੇ ਪ੍ਰਭੂ-ਭਗਤੀ ਵਾਲੇ ਪਾਸੇ ਲੱਗੇ ਰਹੇ। ਕਿਹਾ ਜਾਂਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਰਹਿੰਦਿਆਂ, ਬਿਰਧ ਆਯੂ ਵਿਚ ਭੀ, ਉਹ ਲਗਾਤਾਰ 12 ਸਾਲ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਲਿਆ ਕੇ ਹਰ ਰੋਜ਼ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ ਸਨ। ਉਹਨਾਂ ਦੀ ਅਥੱਕ ਘਾਲਣਾਂ ਕਾਰਨ 1552 ਈ. ਵਿਚ ਗੁਰੂ ਅੰਗਦ ਦੇਵ ਜੀ ਨੇ ਉਹਨਾਂ ਨੂੰ ਗੁਰ-ਗੱਦੀ ਸੌਂਪ ਦਿੱਤੀ। ਇਸ ਜ਼ਿੰਮੇਵਾਰੀ ਨੂੰ 1574 ਈ. ਤੱਕ ਨਿਭਾ ਕੇ ਉਹ ਜੋਤੀ-ਜੋਤਿ ਸਮਾਏ।

22 ਸਾਲ ਦੇ ਆਪਣੇ ਗੁਰਿਆਈ ਕਾਲ ਵਿਚ ਉਹਨਾਂ ਨੇ ਸਤੀ ਦੀ ਰਸਮ ਤੇ ਅੰਕੁਸ਼ ਰੋਕ ਲਗਾਉਣ ਦੇ ਕਈ ਯਤਨ ਕੀਤੇ, ਇਸਤਰੀਆਂ ਨੂੰ ਪਰਦਾ ਕਰਨ ਤੋਂ ਵਿਵਰਜਿਤ ਕੀਤਾ ਅਤੇ ਛੂਤ-ਛਾਤ ਵਿਰੁੱਧ ਆਵਾਜ਼ ਉਠਾਈ। ਨਾਰੀ ਉਥਾਨ

ਲਈ ਵਿਧਵਾ ਵਿਆਹ ਦੀ ਰੀਤ ਤੋਰੀ। ਉਹਨਾਂ ਨੇ ਸਿੱਖ ਧਰਮ ਦੇ ਪਹਿਲੇ ਤੀਰਥ ਦੀ ਗੋਇੰਦਵਾਲ ਵਿਖੇ ਸਥਾਪਨਾ ਕੀਤੀ ਅਤੇ 22 ਪ੍ਰਚਾਰ ਕੇਂਦਰਾਂ (ਮੰਜੀਆਂ) ਨੂੰ ਸਥਾਪਿਤ ਕੀਤਾ। ਲੰਗਰ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ ਅਤੇ ਸਿੱਖ ਧਰਮ ਦੇ ਵਿਸਤਾਰ ਹਿੱਤ ਪ੍ਰਚਾਰ ਦੌਰੇ ਭੀ ਕੀਤੇ। ਉਹਨਾਂ ਦੇ ਸੁਝਾਅ ਦੇਣ ਤੇ ਮੁਗਲ ਸ਼ਹਿਨਸ਼ਾਹ ਅਕਬਰ ਨੇ ਹਿੰਦੂ ਤੀਰਥ ਯਾਤਰੀਆਂ ਨੂੰ ਯਾਤਰਾ-ਕਰ ਤੋਂ ਮੁਕਤ ਕਰ ਦਿੱਤਾ। ਉਹਨਾਂ ਨੇ ਆਪਣੇ ਤੋਂ ਪਹਿਲੇ ਦੋ ਗੁਰੂ ਪਾਤਸ਼ਾਹਾਂ ਅਤੇ ਆਪਣੀ ਬਾਣੀ ਦੀਆਂ ਪੋਥੀਆਂ ਤਿਆਰ ਕਰਵਾਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 18 ਰਾਗਾਂ ਵਿਚ ਉਹਨਾਂ ਦੇ 901 ਸ਼ਬਦ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਇਹਨਾਂ ਸ਼ਬਦਾਂ ਦੀ ਗਿਣਤੀ 869 ਕੀਤੀ ਹੈ।

## ਗੁਰੂ ਰਾਮਦਾਸ ਜੀ

ਗੁਰੂ ਨਾਨਕ ਜੋਤਿ ਦੀ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਮਾਤਾ ਦਯਾ ਕੌਰ ਦੀ ਉਦਰ ਤੋਂ 25 ਦਸੰਬਰ 1534 ਈ. (26 ਅੱਸੂ, ਕੱਤਕ ਵਦੀ 2, ਸੰਮਤ 1591) ਨੂੰ ਸੋਢੀ ਖਾਨਦਾਨ ਵਿਚ ਚੂਨਾ ਮੰਡੀ ਲਾਹੌਰ ਵਿਚ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਮ ਸ੍ਰੀ ਹਰਿਦਾਸ ਜੀ ਸੀ। ਗੁਰੂ ਰਾਮਦਾਸ ਜੀ ਦਾ ਬਚਪਨ ਦਾ ਨਾਮ ਜੇਠਾ ਜੀ ਸੀ। ਬਚਪਨ ਵਿਚ ਹੀ ਮਾਤਾ-ਪਿਤਾ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਉਹਨਾਂ ਦਾ ਪਾਲਣ-ਪੋਸ਼ਣ ਨਾਨਕਿਆਂ ਨੇ ਕੀਤਾ ਅਤੇ ਛੋਟੀ ਅਵਸਥਾ ਵਿਚ ਹੀ ਉਹਨਾਂ ਨੂੰ ਕਿਰਤ ਵਾਲੇ ਪਾਸੇ ਲੱਗਣਾ ਪਿਆ। ਇਹਨਾਂ ਹਾਲਤਾਂ ਵਿਚ ਇਹ ਸੰਭਵ ਹੈ ਕਿ ਉਹਨਾਂ ਨੂੰ ਸੰਸਾਰਿਕ ਵਿੱਦਿਆ ਪ੍ਰਾਪਤੀ ਲਈ ਯੋਗ ਮੌਕੇ ਪ੍ਰਾਪਤ ਨਹੀਂ ਹੋਏ ਹੋਣਗੇ। ਲਗਭੱਗ 14 ਸਾਲ ਦੀ ਆਯੂ ਵਿਚ ਉਹ ਸੰਗਤ ਨਾਲ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਏ। ਇਸ ਸਮੇਂ ਗੋਇੰਦਵਾਲ ਵਿਚ ਸਿੱਖਾਂ ਦੇ ਪਹਿਲੇ ਤੀਰਥ ਅਸਥਾਨ ਬਾਉਲੀ ਸਾਹਿਬ ਦੀ ਖੁਦਾਈ ਦਾ ਕੰਮ ਚਲ ਰਿਹਾ ਸੀ। ਆਪ ਜੀ ਨੇ ਜਿਸ ਨਿਸ਼ਠਾ ਨਾਲ ਬਾਉਲੀ ਸਾਹਿਬ ਦੀ ਸੇਵਾ ਅਤੇ ਪ੍ਰਭੂ ਭਗਤੀ ਅਥਵਾ ਗੁਰੂ ਪ੍ਰਤੀ ਸ਼ਰਧਾ ਦਾ ਪ੍ਰਦਰਸ਼ਨ ਕੀਤਾ, ਉਸ ਤੇ ਸਤਿਗੁਰੂ ਅਮਰਦਾਸ ਜੀ ਨੇ ਪ੍ਰਸੰਨ ਹੋ ਕੇ 22 ਫੱਗਣ 1610 ਸੰਮਤ ਨੂੰ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਜੇਠਾ ਜੀ ਨਾਲ ਕਰ ਦਿੱਤਾ। ਭਾਨੀ ਜੀ ਦੇ ਉਦਰੋਂ ਤਿੰਨ ਪੁੱਤਰਾਂ ਪ੍ਰਿਥੀਚੰਦ, ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ ਦਾ ਜਨਮ ਹੋਇਆ।

ਗੁਰੂ ਅਮਰਦਾਸ ਜੀ ਦੀ ਆਗਿਆ ਪਾ ਕੇ 'ਅੰਮ੍ਰਿਤਸਰ ਸਿਫਤੀ ਦਾ ਘਰ' ਵਸਾਉਣ ਦੀ ਯੋਜਨਾ ਨੂੰ ਸਾਕਾਰ ਕਰਨ ਹਿੱਤ ਉਹਨਾਂ ਨੇ ਗੁਮਟਾਲਾ, ਸੁਲਤਾਨਵਿੰਡ ਆਦਿ ਪਿੰਡਾਂ ਪਾਸ ਸੰਮਤ 1631 ਨੂੰ 'ਗੁਰੂ ਕਾ ਚੱਕ' ਨਾਮੀ ਇਕ ਨਗਰ ਵਸਾਇਆ ਅਤੇ ਇਸ ਨਗਰ ਦੇ ਪੂਰਬ ਵਾਲੀ ਦਿਸ਼ਾ ਵਿਚ ਇਕ ਕੱਚੇ ਸਰੋਵਰ ਦੀ ਖੁਦਵਾਈ ਕਰਵਾਈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਸ ਨਗਰ ਦਾ ਨਾਮ ਰਾਮਦਾਸਪੁਰ ਅਤੇ ਸਰੋਵਰ ਦਾ ਨਾਮ ਅੰਮ੍ਰਿਤਸਰ ਮਸ਼ਹੂਰ ਹੋਇਆ।

ਉਹਨਾਂ ਦੀ ਅਥੱਕ ਸੇਵਾ ਉਸ ਸਮੇਂ ਪ੍ਰਵਾਨ ਚੜ੍ਹੀ ਜਦੋਂ ਸਤਿਗੁਰੂ ਅਮਰਦਾਸ ਜੀ ਨੇ 2 ਅੱਸੂ ਸੰਮਤ 1631 (ਸੰਨ 1574) ਨੂੰ ਗੁਰਤਾ ਗੱਦੀ ਆਪਣੇ ਸਪੁੱਤਰਾਂ ਨੂੰ ਨਾ ਦੇ ਕੇ ਜੇਠਾ ਜੀ ਨੂੰ ਦਿੱਤੀ ਅਤੇ ਉਹ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਕਰਕੇ ਪ੍ਰਸਿੱਧ ਹੋਏ। ਉਹਨਾਂ ਨੇ ਪੂਰੇ 7 ਸਾਲ ਗੁਰਤਾ ਦਾ ਕਾਰਜ ਸਫਲਤਾ ਪੂਰਵਕ ਨਿਭਾਉਂਦਿਆਂ ਸਿੱਖ ਧਰਮ ਦੇ ਪ੍ਰਸਾਰ ਲਈ ਅਣਥੱਕ ਪ੍ਰਯਾਸ ਕੀਤੇ। ਆਪਣੇ ਗੁਰਤਾ ਕਾਲ ਵਿਚ ਉਹਨਾਂ ਨੇ ਸਿੱਖ ਸੰਗਠਨ ਨੂੰ ਸੁਦ੍ਰਿੜ੍ਹ ਕਰਨ ਅਤੇ ਉਸਾਰੂ ਕਾਰਜਾਂ ਅਥਵਾ ਯੋਜਨਾਵਾਂ ਨੂੰ ਸੰਪੂਰਨ ਕਰਨ ਲਈ ਸੰਗਤਾਂ ਤੋਂ ਕਰ ਭੇਟਾ ਇਕੱਤਰ ਕਰਨ ਅਥਵਾ ਦੂਰ ਦੂਰ ਤੀਕ ਪਸਰੀਆਂ ਸਿੱਖ ਸੰਗਤਾਂ ਨੂੰ ਇਕ ਸੂਤਰ ਵਿਚ ਪਰੋਣ ਲਈ ਮਸੰਦ ਪਰੰਪਰਾ ਚਲਾਈ ਅਤੇ ਵਿਦਵਾਨ ਪ੍ਰਚਾਰਕਾਂ ਨੂੰ ਦੂਰ-ਦਰਾਜ ਦੇ ਇਲਾਕਿਆਂ ਵਿਚ ਭੇਜਿਆ। ਭਾਈ ਗੁਰਦਾਸ ਜੀ ਜਿਹੇ ਵਿਦਵਾਨ ਨੂੰ ਆਗਰੇ ਜਾਣ ਲਈ ਕਿਹਾ ਅਤੇ ਹਿੰਦਾਲ ਜਿਹੇ ਨਿਸ਼ਠਾਵਾਨ ਸਿੱਖ ਨੂੰ ਜੰਡਿਆਲੇ ਰਹਿ ਕੇ ਸਿੱਖ ਧਰਮ ਦਾ ਵਿਸਤਾਰ ਕਰਨ ਦਾ ਕਾਰਜ ਸੌਂਪਿਆ। ਇਸ ਸਮੇਂ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਗੋਇੰਦਵਾਲ ਤੋਂ ਅੰਮ੍ਰਿਤਸਰ ਆ ਗਿਆ।

2 ਅੱਸੂ ਸੰਮਤ 1638 (ਸੰਨ 1581) ਨੂੰ 46 ਸਾਲ 11 ਮਹੀਨੇ 7 ਦਿਨ ਦੀ ਆਯੂ ਵਿਚ ਉਹ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਏ।

ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀਆਂ ਸਭ ਤੋਂ ਵਧੀਕ 8 ਵਾਰਾਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਾਲੇ 10 ਰਾਗਾਂ ਤੋਂ ਇਲਾਵਾ ਉਹਨਾਂ ਨੇ ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਾਰਾਇਣ,

ਮਾਲੀ ਗਉੜਾ, ਕੇਦਾਰਾ, ਕਾਨੜਾ ਅਤੇ ਕਲਿਆਣ ਤੋਂ ਇਲਾਵਾ 11 ਹੋਰ ਰਾਗਾਂ ਵਿਚ ਬਾਣੀ ਉਚਾਰਣ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀਆਂ ਕਈ ਪੜਤਾਲ ਰਚਨਾਵਾਂ ਤੋਂ ਉਹਨਾਂ ਦਾ ਮਹਾਨ ਸੰਗੀਤਕਾਰ ਹੋਣਾ ਸਿੱਧ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੇ ਸ਼ਬਦ, ਸਲੋਕ, ਪਉੜੀਆਂ ਤੇ ਹੋਰ ਰਚਨਾਵਾਂ ਦੀ ਕੁੱਲ ਗਿਣਤੀ 679 ਹੈ।

## ਗੁਰੂ ਅਰਜਨ ਦੇਵ ਜੀ

ਗੁਰੂ ਨਾਨਕ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਸੁਪਤਨੀ ਬੀਬੀ ਭਾਨੀ ਜੀ ਦੇ ਉਦਰ ਤੋਂ ਹੋਇਆ। ਉਹ ਆਪਣੇ ਭਰਾਵਾਂ ਪ੍ਰਿਥੀਚੰਦ ਅਤੇ ਮਹਾਂਦੇਵ ਤੋਂ ਛੋਟੇ ਸਨ ਪ੍ਰੰਤੂ ਧਰਮ-ਕਰਮ ਵਿਚ ਕਿਤੇ ਅਗੇਰੇ ਸਨ। ਬਚਪਨ ਤੋਂ ਹੀ ਉਹ ਸੰਤ-ਸਰੂਪ, ਬਾਣੀ ਦੇ ਰਸੀਏ, ਮਾਨਵ-ਸਨੇਹੀ, ਸੇਵਾ-ਭਾਵ ਅਤੇ ਨਿਸ਼ਕਪਟ ਸੁਭਾਅ ਵਾਲੇ ਸਨ। 23 ਹਾੜ੍ਹ ਸੰਮਤ 1636 ਨੂੰ ਉਹਨਾਂ ਦੀ ਸ਼ਾਦੀ ਮੇਉ ਪਿੰਡ ਨਿਵਾਸੀ ਸ੍ਰੀ ਕ੍ਰਿਸ਼ਨ ਚੰਦ ਦੀ ਸਪੁੱਤਰੀ ਗੰਗਾ ਦੇਵੀ ਜੀ ਨਾਲ ਹੋਈ। ਗੰਗਾ ਦੇਵੀ ਜੀ ਨੇ 1595 ਈ. ਨੂੰ ਵਡਾਲੀ ਵਿਖੇ ਮਹਾਂਬਲੀ ਸਪੁਤਰ ਹਰਗੋਬਿੰਦ ਜੀ ਨੂੰ ਜਨਮ ਦਿੱਤਾ। ਆਪ ਜੀ ਵਲੋਂ ਲਾਹੌਰ ਤੋਂ ਲਿਖੇ ਤਿੰਨ ਪੱਤਰਾਂ ਤੋਂ ਆਪ ਜੀ ਦੀ ਪ੍ਰਤਿਭਾ ਅਤੇ ਨਿਰਛਲ ਵਿਅਕਤਿਤਵ ਨੂੰ ਪਹਿਚਾਨ ਕੇ ਵੱਡੇ ਭਰਾਵਾਂ ਦੀ ਤੁਲਨਾ ਵਿਚ ਯੋਗ ਜਾਣਦਿਆਂ ਹੋਇਆਂ, ਗੁਰੂ ਰਾਮਦਾਸ ਜੀ ਨੇ ਆਪ ਨੂੰ 1 ਸਤੰਬਰ 1581 ਈ. (2 ਅੱਸੂ ਸੰਮਤ 1638) ਨੂੰ ਗੁਰਗੱਦੀ ਉਤੇ ਬਿਰਾਜਮਾਨ ਕੀਤਾ।

ਗੁਰੂ ਨਾਨਕ ਸਾਹਿਬ ਦੇ ਸਿੱਖ ਪੰਥ ਨੂੰ ਪ੍ਰਸਾਰਨ ਹਿੱਤ ਅਥਵਾ ਕੌਮੀ ਸੰਗਠਨ ਦੇ ਕਾਰਜਾਂ ਦੇ ਨਿਰਬਾਹ ਲਈ ਉਹਨਾਂ ਨੇ ਦਸਵੰਧ (ਦਸਮਾਂਸ਼) ਦੇਣ ਦੀ ਮਰਯਾਦਾ ਤੋਰੀ। ਦਾਨ ਤੋਂ ਉਪਜਣ ਵਾਲੇ ਅਹੰਕਾਰ ਤੋਂ ਸਿੱਖਾਂ ਨੂੰ ਅਲੇਪ ਰੱਖਣ ਲਈ ਉਹਨਾਂ ਨੇ ਧਰਮ ਅਰਥ ਕੀਤੀ ਸੇਵਾ ਨੂੰ ਇਹ ਨਵਾਂ ਨਾਮ ਦਿੱਤਾ। ਆਪਣੇ ਗੁਰਿਆਈ ਕਾਲ ਵਿਚ ਉਹਨਾਂ ਨੇ ਕਈ ਸਿੱਖ ਤੀਰਥਾਂ ਦੀ ਉਸਾਰੀ ਕਰਵਾਈ। ਸੰਮਤ 1645 ਵਿਚ ਸੰਤੋਖਸਰ ਨੂੰ ਪੱਕਾ ਕਰਨ ਦਾ ਕਾਰਜ ਕੀਤਾ ਗਿਆ ਅਤੇ ਇਸ ਨਾਲ ਹੀ ਸਿੱਖਾਂ ਦੇ ਕੇਂਦਰੀ ਤੀਰਥ ਹਰਿਮੰਦਰ ਦੀ ਨੀਂਵ ਰਖਵਾਈ। ਸੰਮਤ 1647 ਵਿਚ ਤਰਨਤਾਰਨ ਤਲਾ ਖੁਦਵਾਇਆ ਅਤੇ 1651 ਵਿਚ ਜਲੰਧਰ ਨੇੜੇ ਕਰਤਾਰਪੁਰ ਨਗਰ ਵਸਾਇਆ। ਸੰਮਤ 1659-60 ਵਿਚ ਰਾਮਸਰ ਦੀ ਸਥਾਪਨਾ ਕੀਤੀ।

ਗੁਰੂ ਗ੍ਰੰਥ ਦੀ ਪਹਿਲੀ ਸੰਪਾਦਨਾਂ ਉਹਨਾਂ ਦੇ ਗੁਰਤਾ ਕਾਲ ਦੀ ਇਕ ਵਿਸ਼ੇਸ਼ ਉਪਲੱਬਧੀ ਹੈ। ਉਹਨਾਂ ਨੇ ਆਪਣੀ ਬਾਣੀ ਸਮੇਤ ਪਹਿਲੇ ਗੁਰੂ ਪਾਤਸ਼ਾਹਾਂ, ਕਈ ਹੋਰ ਭਗਤਾਂ, ਮਹਾਨ ਪੁਰਸ਼ਾਂ ਅਤੇ ਗੁਰ ਸਿੱਖਾਂ ਦੀ ਬਾਣੀ ਨੂੰ ਇਕੱਤਰ ਕਰਕੇ ਸੰਮਤ 1661 ਵਿਚ ਇਕ ਵੱਡੇ ਆਕਾਰ ਦੇ ਗ੍ਰੰਥ ਦਾ ਰੂਪ ਦਿੱਤਾ ਅਤੇ ਸਰਵ-ਸਾਂਝੇ ਧਰਮ ਗ੍ਰੰਥ ਨੂੰ ਹਰਿਮੰਦਰ ਵਿਚ ਸਥਾਪਿਤ ਕਰਕੇ ਬਾਬਾ ਬੁੱਢਾ ਜੀ ਨੂੰ ਸਿੱਖ ਧਰਮ ਦੇ ਪਹਿਲੇ ਗ੍ਰੰਥੀ ਨਿਯੁਕਤ ਕੀਤਾ।

ਸਾਧਾਰਣ ਜਨਤਾ ਦੀਆਂ ਨਿਤਾ-ਪ੍ਰਤੀ ਔਕੜਾਂ ਦੂਰ ਕਰਨ ਲਈ ਭੀ ਆਪ ਸਦਾ ਜਾਗਰੂਕ ਰਹਿੰਦੇ ਸਨ। ਉਸ ਸਮੇਂ ਵਿਚ ਪਾਣੀ ਦੀ ਔਕੜ ਦੂਰ ਕਰਨ ਲਈ ਆਪ ਜੀ ਨੇ ਜਨ-ਕਲਿਆਣ ਹਿੱਤ ਕਈ ਥਾਈਂ ਨਵੇਂ ਖੂਹਾਂ ਦੀ ਉਸਾਰੀ ਕਰਵਾਈ। ਰੋਗੀਆਂ ਦੇ ਦੁੱਖ ਦੂਰ ਕਰਨ ਲਈ ਉਪਚਾਰਕ ਕੇਂਦਰਾਂ ਦੀ ਸਥਾਪਨਾ ਕੀਤੀ। ਉਹਨਾਂ ਦੇ ਗੁਰਿਆਈ ਕਾਲ ਸਮੇਂ ਇਕ ਵਾਰੀ ਪੰਜਾਬ ਵਿਚ ਭੁੱਖਮਰੀ ਦੀ ਸਥਿਤੀ ਉਤਪੰਨ ਹੋਈ ਤੇ ਉਹਨਾਂ ਦੇ ਸੁਝਾਅ ਨੂੰ ਪ੍ਰਵਾਨ ਕਰਕੇ ਬਾਦਸ਼ਾਹ ਅਕਬਰ ਨੇ ਕਿਸਾਨਾਂ ਦਾ ਸਾਲਾਨਾ ਮੁਆਮਲਾ ਮੁਆਫ਼ ਕਰ ਦਿੱਤਾ ਸੀ।

ਆਪ ਜੀ ਦੇ ਸਰਵ-ਗੁਣ ਵਿਅਕਤੀਤਵ ਦੀ ਇਕ ਹੋਰ ਵਿਸ਼ੇਸ਼ਤਾ ਸੀ, ਅਨਿਆਂ ਦਾ ਮੁਕਾਬਲਾ ਦ੍ਰਿੜ੍ਹਤਾ ਸਹਿਤ ਕਰਨਾ। ਅੰਮ੍ਰਿਤਸਰ ਦੇ ਵਸਨੀਕਾਂ ਉਤੇ ਬੀਰਬਲ ਵਲੋਂ ਲਗਾਏ ਗਏ ਕਰ ਦਾ ਉਨ੍ਹਾਂ ਖੁੱਲ੍ਹਾ ਵਿਰੋਧ ਕੀਤਾ ਅਤੇ ਜਨ-ਸਾਧਾਰਣ ਦੇ ਭਲੇ ਲਈ ਉਹਨਾਂ ਨੇ ਉਚ ਅਧਿਕਾਰੀਆਂ ਦੀ ਨਾਰਾਜ਼ਗੀ ਦੀ ਥਾਵੇਂ ਸ਼ਰਣ ਆਏ ਦੀ ਲਾਜ ਰੱਖਣ ਵਾਲੇ ਦਿਆਲੂ ਸੁਭਾਅ ਦਾ ਬਿਰਦ ਪਾ ਲਿਆ ਜੋ ਉਹਨਾਂ ਦੀ ਸ਼ਹਾਦਤ ਦਾ ਇਕ ਪ੍ਰਮੁੱਖ ਕਾਰਨ ਬਣਿਆ। ਇਸਲਾਮ ਪੱਖੀ ਹੋਣ ਕਰਕੇ ਜਹਾਂਗੀਰ ਬਾਦਸ਼ਾਹ ਨੇ ਸਿੱਖ ਲਹਿਰ ਕੁਚਲਣ ਵਾਸਤੇ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਅਤੇ ਸ਼ਹਾਦਤ ਦਾ ਹੁਕਮ ਦਿੱਤਾ। ਇੰਝ ਜ਼ਬਰ ਵਿਰੁੱਧ ਡਟੇ ਰਹਿਣ ਕਰਕੇ 30 ਮਈ 1606 ਈ. (2 ਹਾੜ੍ਹ ਜੇਠ ਸੁਦੀ 4, ਸੰਮਤ 1663) ਨੂੰ ਲਾਹੌਰ ਵਿਚ ਰਾਵੀ ਨਦੀ ਦੇ ਕਿਨਾਰੇ ਉਹਨਾਂ ਨੂੰ ਸ਼ਹੀਦ ਕੀਤਾ ਗਿਆ। ਉਹਨਾਂ ਦੀ ਕੁੱਲ

ਆਯੂ 43 ਸਾਲ 1 ਮਹੀਨਾ 15 ਦਿਨ ਸੀ। ਉਹ 24 ਸਾਲ 9 ਮਹੀਨੇ ਗੁਰਗੱਦੀ ਤੇ ਆਸੀਨ ਰਹੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀ ਬਾਣੀ ਹੋਰ 35 ਮਹਾਂਪੁਰਖਾਂ ਦੀ ਕੁੱਲ ਬਾਣੀ ਨਾਲੋਂ ਵੀ ਵਧੀਕ ਹੈ। ਭਾਵ ਗੁਰੂ ਗ੍ਰੰਥ ਸਾਹਿਬ ਦਾ ਅੱਧੇ ਤੋਂ ਵਧੀਕ ਹਿੱਸਾ ਆਪ ਜੀ ਦੀ ਰਚਨਾ ਹੈ। ਉਹਨਾਂ ਨੇ 30 ਰਾਗਾਂ ਵਿਚ ਬਾਣੀ ਉਚਾਰਨ ਕੀਤੀ। ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿਚੋਂ ਉਹਨਾਂ ਦੀਆਂ 6 ਵਾਰਾਂ ਹਨ। ਸੁਖਮਨੀ, ਬਾਵਨ ਅੱਖਰੀ ਅਤੇ ਬਾਰਾਂਮਾਹ ਉਹਨਾਂ ਦੀਆਂ ਪ੍ਰਸਿੱਧ ਬਾਣੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੇ ਕੁੱਲ 2312 ਸ਼ਬਦ ਹਨ।

## ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਤੇਰ ਬਹਾਦਰ ਜੀ ਦਾ ਜਨਮ 1 ਅਪ੍ਰੈਲ ਸੰਨ 1621 (5 ਵੈਸਾਖ ਸੰਮਤ 1678) ਨੂੰ ਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਨੇ ਸ਼ਾਸ਼ਤਰ ਵਿੱਦਿਆ ਆਪਣੇ ਗੁਰੂ-ਪਿਤਾ ਦੀ ਨਿੱਜੀ ਦੇਖ-ਰੇਖ ਵਿਚ ਪ੍ਰਾਪਤ ਕੀਤੀ। ਆਪਣੇ ਸਾਰੇ ਭਰਾਵਾਂ ਤੋਂ ਉਮਰ ਵਿਚ ਸਭ ਤੋਂ ਛੋਟੇ ਹੋਣ ਦੇ ਬਾਵਜੂਦ ਉਹ ਸਭਨਾਂ ਵਿਚੋਂ ਪ੍ਰਤਿਭਾਵਾਨ ਅਤੇ ਅਸਾਧਾਰਣ ਗੁਣਾਂ ਦੇ ਧਾਰਨੀ ਸਨ। ਸ੍ਰੀ ਗੁਰੂ ਹਰਗੋਬਿੰਦ ਜੀ ਦਾ ਮੀਰੀ-ਪੀਰੀ ਦਾ ਸੁਮੇਲ ਆਪ ਵਿਚ ਸਭ ਤੋਂ ਵਧੀਕ ਸੀ।

15 ਅੱਸੂ 1689 ਈ. ਨੂੰ ਉਹਨਾਂ ਦਾ ਵਿਆਹ ਕਰਤਾਰਪੁਰ ਵਿਚ ਮਾਤਾ ਗੁਜਰੀ ਨਾਲ ਹੋਇਆ ਅਤੇ 1666 ਈ. (ਸੰਮਤ 1723) ਨੂੰ ਗੁਜਰੀ ਜੀ ਨੇ ਮਹਾਂਬਲੀ ਪੁੱਤਰ ਸ੍ਰੀ (ਗੁਰੂ) ਗੋਬਿੰਦ ਰਾਏ (ਸਿੰਘ) ਜੀ ਨੂੰ ਜਨਮ ਦਿੱਤਾ। 13 ਸਾਲ ਦੀ ਆਯੂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਰਤਾਰਪੁਰ ਦੇ ਯੁੱਧ ਵਿਚ ਆਪਣੇ ਨਾਮ ਦੇ ਅਨੁਰੂਪ ਤੇਗ ਦਾ ਕਮਾਲ ਦਿਖਾਇਆ। ਸੰਮਤ 1701 ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਅਕਾਲ ਚਲਾਣੇ ਪਿਛੋਂ ਉਹ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਕਾਲੇ ਵਿਚ ਚਲੇ ਗਏ। ਇਥੇ ਉਹਨਾਂ ਨੇ ਸੰਮਤ 1722 ਤੀਕ ਗੁਰਮਤਿ ਸਾਧਨਾ ਕੀਤੀ। 20 ਮਾਰਚ, 1665 ਈ. (24 ਚੇਤ ਸੰਮਤ 1722) ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤਿ ਵਿਲੀਨ ਹੋਣ ਪਿਛੋਂ ਉਹ ਗੁਰੂ ਪਦ ਦੇ ਧਾਰਨੀ ਹੋਏ।

ਗੁਰਤਾ ਕਾਲ ਵਿਚ ਉਹ ਮਾਲਵਾ, ਪੁਆਧ, ਬਾਂਗਰ, ਬਿਹਾਰ, ਬੰਗਾਲ, ਆਸਾਮ ਆਦਿ ਇਲਾਕਿਆਂ ਵਿਚ ਪ੍ਰਚਾਰ ਦੌਰਿਆਂ ਤੇ ਗਏ। ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਉਹਨਾਂ ਨੇ ਹੀ ਦੂਰ-ਦਰਾਜ਼ ਦੇ ਇਲਾਕਿਆਂ ਵਿਚ ਭ੍ਰਮਣ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਸਤਲੁਜ ਕਿਨਾਰੇ ਪਹਾੜੀ ਰਾਜਿਆਂ ਤੋਂ ਜ਼ਮੀਨ ਖ਼ਰੀਦ ਕੇ ਅਨੰਦਪੁਰ ਨਾਮੀ ਨਗਰ ਦਾ ਨਿਰਮਾਣ ਕੀਤਾ ਅਤੇ ਜਲਦੀ ਹੀ ਸ੍ਰੀ ਅੰਮ੍ਰਿਤਸਰ ਪਿਛੋਂ ਇਹ ਨਗਰ ਸਿੱਖਾਂ ਦੇ ਦੂਜੇ ਵੱਡੇ ਕੇਂਦਰ ਦੇ ਰੂਪ ਵਿਕਸਿਤ ਹੋਇਆ। ਇਸੇ ਨਗਰ ਵਿਚ ਤਖ਼ਤ ਸ੍ਰੀ ਕੇਸਗੜ੍ਹ ਸੁਸ਼ੋਭਿਤ ਹੈ ਅਤੇ ਇਸ ਨੂੰ 'ਖਾਲਸੇ ਦਾ ਵਾਸੀ' ਨਗਰ ਹੋਣ ਦਾ ਮਾਣ ਪ੍ਰਾਪਤ ਹੈ।

ਧਾਰਮਿਕ ਵਿਚਾਰਾਂ ਦੀ ਸੁਤੰਤਰਤਾ ਅਤੇ ਭਾਰਤ ਦੇ ਲੋਕਾਂ ਉਤੇ ਹੋ ਰਹੇ ਜ਼ੁਲਮਾਂ ਨੂੰ ਨਿਵਾਰ ਕੇ ਧਰਮ ਦਾ ਬੀਜ ਕਾਇਮ ਰੱਖਣ ਲਈ ਉਹਨਾਂ ਭਾਰਤ ਦੀ ਧੱਗਵੇਦੀ ਉਤੇ ਆਪਣਾ ਸੀਸ 11 ਨਵੰਬਰ 1675 ਈ. (12 ਮੱਘਰ ਸੰਮਤ 1732) ਨੂੰ ਚਾਂਦਨੀ ਚੌਕ ਦਿੱਲੀ ਵਿਖੇ ਭੇਟ ਕੀਤਾ। ਸ਼ਹਾਦਤ ਸਮੇਂ ਉਹਨਾਂ ਦੀ ਕੁੱਲ ਆਯੂ 54 ਸਾਲ 7 ਮਹੀਨੇ 7 ਦਿਨ ਸੀ ਅਤੇ ਉਹ ਗੁਰਤਾ ਗੱਦੀ ਉਤੇ ਦਸ ਸਾਲ 7 ਮਹੀਨੇ 18 ਦਿਨ ਬਿਰਾਜਮਾਨ ਰਹੇ।

## (ਅ) ਭਾਰਤ ਦੇ ਸੰਤ ਭਗਤ ਅਤੇ ਸੂਫ਼ੀ ਫ਼ਕੀਰ

## ਸ਼ੇਖ ਫ਼ਰੀਦ ਜੀ

ਬਾਬਾ ਫ਼ਰੀਦ ਜੀ ਉਹਨਾਂ ਸੂਫ਼ੀ ਸੰਤਾਂ ਵਿਚੋਂ ਸਨ, ਜਿਨ੍ਹਾਂ ਨੇ ਆਪਣੇ ਆਤਮਕ ਪ੍ਰਭਾਵ ਨਾਲ ਅਨੇਕਾਂ ਲੋਕਾਂ ਨੂੰ ਰੱਬ ਦੀ ਬੰਦਗੀ ਵੱਲ ਲਾਇਆ। ਉਹਨਾਂ ਦੇ ਨਿਮਰ ਸੁਭਾਅ ਅਤੇ ਰਸ ਭਰਪੂਰ ਵਿਅਕਤਿਤਵ ਦੀ ਮਧੁਰਤਾ ਨੇ ਮਨੁੱਖੀ ਉੱਚਤਾ ਦੇ ਨੈਤਿਕ ਮਾਨਦੰਡ ਥਾਪੇ।

ਸ਼ੇਖ ਫ਼ਰੀਦੁ ਦੀਨ ਮਸਊਦ ਸ਼ੱਕਰਗੰਜ ਦਾ ਜਨਮ ਇਸਲਾਮ ਦੇ ਦੂਜੇ ਖਲੀਫ਼ੇ ਹਜ਼ਰਤ ਉਮਰ ਦੇ ਵੰਸ਼ ਵਿਚ ਸ਼ੇਖ ਜਲਾਲੁਦੀਨ ਸੁਲੇਮਾਨ ਦੇ ਘਰ 1172 ਈ. ਨੂੰ ਪਿੰਡ ਕੋਠੀਵਾਲ ਜਾਂ ਖੋਤਵਾਲ (ਚਾਵਲੀ ਮਸ਼ਾਯਖ) ਵਿਖੇ ਮਰਿਯਮ

ਦੇ ਉਦਰ ਤੋਂ ਹੋਇਆ। ਉਹਨਾਂ ਦੀ ਮਾਤਾ ਦੇ ਧਾਰਮਿਕ ਜੀਵਨ ਦੀ ਨਿਰਮਲਤਾ ਨੇ ਫ਼ਰੀਦ ਜੀ ਦੇ ਵਿਅਕਤਿਤਵ ਦਾ ਨਿਰਮਾਣ ਕਰਨ ਵਿਚ ਵੱਡਾ ਯੋਗਦਾਨ ਪਾਇਆ। ਫਰੀਦ ਜੀ ਨੂੰ ਛੋਟੀ ਉਮਰੇ, ਉਹਨਾਂ ਦੀ ਮਾਤਾ ਸ਼ੱਕਰ ਦਾ ਲਾਲਚ ਦੇ ਕੇ ਨਮਾਜ਼ ਲਈ ਉਤਸ਼ਾਹਿਤ ਕਰਿਆ ਕਰਦੀ ਸੀ। ਘਰ ਦੇ ਧਾਰਮਿਕ ਵਾਤਾਵਰਣ ਕਾਰਨ ਫ਼ਰੀਦ ਜੀ ਨੇ ਛੋਟੀ ਉਮਰੇ ਕੁਰਾਨ ਮਜ਼ੀਦ ਜ਼ੁਬਾਨੀ ਯਾਦ ਕਰ ਲਈ। ਉਹ ਆਪਣੇ ਮਾਤਾ-ਪਿਤਾ ਨਾਲ 16 ਸਾਲ ਦੀ ਅਲਪ ਆਯੂ ਵਿਚ ਮੱਕੇ ਦੇ ਹੱਜ ਲਈ ਗਏ।

ਫ਼ਰੀਦ ਜੀ ਖ਼ੁਆਜ਼ਾ ਬਖਤਯਾਰ ਕਾਕੀ ਦੇ ਮੁਰੀਦ ਸਨ ਅਤੇ ਇਸ ਨੇਕ ਮੁਰਸ਼ਿਦ ਦੀ ਆਗਿਆ ਅਨੁਸਾਰ ਉਹਨਾਂ ਨੇ ਹਾਂਸੀ ਰਹਿਕੇ ਕਰੜੀ ਸਾਧਨਾ ਕੀਤੀ। ਭੁੱਲੀ ਭਟਕੀ ਲੋਕਾਈ ਨੂੰ ਖ਼ੁਦਾ ਦੇ ਰਾਹ ਤੋਰਨ ਲਈ ਉਹਨਾਂ ਪ੍ਰਚਾਰ ਹਿੱਤ ਭ੍ਰਮਣ ਵੀ ਕੀਤਾ ਅਤੇ ਕੁਝ ਸਮਾਂ ਵਾਰਧਾ ਟਿਕੇ ਰਹੇ। ਜੀਵਨ ਦਾ ਬਹੁਤ ਹਿੱਸਾ ਉਹਨਾਂ ਅਜੋਧਨ ਵਿਚ ਬਿਤਾਇਆ, ਜੋ ਬਾਅਦ ਵਿਚ ਪਾਕਪਟਨ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਫ਼ਰੀਦ ਜੀ ਦੀ ਇਕ ਸ਼ਾਦੀ ਨਾਸੀਰੁਦੀਨ ਮਹਿਮੂਦ ਬਲਬਨ ਬਾਦਸ਼ਾਹ ਦੀ ਪੁੱਤਰੀ ਹਜ਼ਬਰਾ ਨਾਲ ਹੋਈ, ਜਿਸ ਨੂੰ ਉਹਨਾਂ ਨੇ ਦਰਵੇਸ਼ੀ ਲਿਬਾਸ ਪਹਿਨਾ ਕੇ ਆਪਣੇ ਨਾਲ ਰੱਖਿਆ। ਉਹਨਾਂ ਦੀਆਂ ਤਿੰਨ ਹੋਰ ਪਤਨੀਆਂ ਸਨ। ਉਹਨਾਂ ਦੇ ਪੰਜ ਪੁੱਤਰ ਅਤੇ ਤਿੰਨ ਪੁੱਤ੍ਰੀਆਂ ਸਨ। 1266 ਈ. ਵਿਚ ਫ਼ਰੀਦ ਜੀ ਦਾ ਦਿਹਾਂਤ ਹੋਇਆ। ਪਰ ਕਈ ਵਿਦਵਾਨਾਂ ਨੇ ਉਹਨਾਂ ਦੀ ਕੁੱਲ ਆਯੂ 120 ਸਾਲ ਸਵੀਕਾਰ ਕੀਤੀ ਹੈ, ਇੰਝ ਦਿਹਾਂਤ 1293 ਈ. ਵਿਚ ਹੋਇਆ ਮੰਨਿਆ ਗਿਆ ਹੈ। ਉਹਨਾਂ ਦੀ ਗੱਦੀ ਉਤੇ ਦੀਵਾਨ ਬਦਰੁਦੀਨ ਸੁਲੈਮਾਨ ਬੈਠਾ ਪਰ ਇਹ ਵੀ ਸਵੀਕਾਰ ਕੀਤਾ ਗਿਆ ਹੈ ਕਿ ਅੰਤ ਸਮੇਂ ਉਹਨਾਂ ਆਪਣਾ ਮੁਸੱਲਾ ਅਤੇ ਤਸਬੀ ਸੱਯਦ ਮੁਹੰਮਦ ਕਿਰਮਾਨੀ ਦੇ ਹੱਥ ਹਜ਼ਰਤ ਨਿਜ਼ਾਮੁਦੀਨ ਔਲੀਆ ਨੂੰ ਸੌਂਪੇ ਸਨ।

ਫ਼ਰੀਦ ਜੀ ਮਹਾਨ ਵਿਦਵਾਨ, ਉੱਚੇ ਤਿਆਗੀ, ਪਰਮ ਤਪੱਸਵੀ ਅਤੇ ਕਰਤਾਰ ਦੇ ਅਨਿੰਨ ਉਪਾਸ਼ਕ ਸਨ। ਉਹਨਾਂ ਦੇ ਜੀਵਨ ਵਿਚੋਂ ਡੁਲ੍ਹ ਡੁਲ੍ਹ ਪੈਂਦੀ ਨਿਮਰਤਾ ਅਤੇ ਮਿਠਾਸ ਕਰਕੇ ਉਹਨਾਂ ਨੂੰ ਸ਼ੱਕਰਗੰਜ ਕਹਿਕੇ ਯਾਦ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੇ 112 ਸਲੋਕ ਅਤੇ ਆਸਾ ਅਤੇ ਸੂਹੀ ਰਾਗਾਂ ਵਿਚ ਦੋ ਦੋ ਸ਼ਬਦ ਦਰਜ ਕੀਤੇ ਮਿਲਦੇ ਹਨ। ਉਨ੍ਹਾਂ ਆਪਣੀ ਰਚਨਾ ਵਿਚ ਕਿਹਾ ਹੈ ਕਿ ਜਿਸ ਦੇ ਹਿਰਦੇ ਵਿਚ ਰੱਬੀ ਮੁਹੱਬਤ ਪੈਦਾ ਹੋਈ ਹੈ ਉਹੋ ਹੀ ਸਚਾ ਇਨਸਾਨ ਹੈ-

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ।। (ਪੰਨਾ ੪੮੮)

## ਭਗਤ ਜੈਦੇਵ ਜੀ

ਸ੍ਰੀ ਜੈਦੇਵ ਬੰਗਾਲ ਦੇ ਪ੍ਰਮੁੱਖ ਭਗਤ ਸਨ, ਜਿਨ੍ਹਾਂ ਦੀ ਰਚਨਾ ਕਾਵਿ ਤੇ ਸੰਗੀਤ ਕਲਾ ਦੇ ਪੱਖੋਂ ਕਾਫੀ ਪ੍ਰਸਿੱਧੀ ਰੱਖਦੀ ਹੈ ਅਤੇ ਇਹ ਵੈਸ਼ਨਵ ਮੰਦਰਾਂ ਵਿਚ ਆਮ ਗਾਈ ਜਾਂਦੀ ਹੈ। ਇਸ ਤਰ੍ਹਾਂ ਦਾ ਲਿਖਿਆ ਹੋਇਆ ਕਾਵਯ (ਗੀਤ ਗੋਵਿੰਦ) ਕ੍ਰਿਸ਼ਨ ਭਗਤੀ ਦੀ ਸਰਵੋਤਮ ਰਚਨਾ ਮੰਨੀ ਗਈ ਹੈ।

ਜੈਦੇਵ ਕਨੌਜ ਨਿਵਾਸੀ ਭੋਜ ਦੇਵ ਬ੍ਰਾਹਮਣ ਦਾ ਪੁੱਤਰ ਸੀ, ਜੋ ਬਾਮਦੇਵੀ (ਰਾਮਦੇਵੀ) ਦੀ ਕੁੱਖ ਤੋਂ ਬੰਗਾਲ ਦੇ ਬੀਰ ਭੂਮਿ ਜ਼ਿਲ੍ਹੇ ਦੇ ਪਿੰਡ ਕੇਂਦੁਲੀ ਵਿਚ 1170 ਈ. (1201 ਭੀ ਮੰਨਿਆ ਹੈ) ਵਿਚ ਜਨਮਿਆ। ਇਸ ਨਗਰ ਵਿਚ ਉਹਨਾਂ ਦੀ ਯਾਦ ਅੰਦਰ ਉਸਦੇ ਮੰਦਿਰ ਵਿਚ ਹਰ ਸਾਲ ਮਾਘ ਦੀ ਸੰਗਰਾਂਦ ਦਾ ਮੇਲਾ ਲਗਦਾ ਹੈ। ਬਚਪਨ ਤੋਂ ਹੀ ਜੈ ਦੇਵ ਜੀ ਨੂੰ ਦਿੱਤੀ ਜਾਣ ਵਾਲੀ ਸੰਸਕ੍ਰਿਤ ਦੀ ਵਿੱਦਿਆ ਵਾਲੇ ਪਾਸੇ ਵਿਸ਼ੇਸ਼ ਧਿਆਨ ਦਿੱਤਾ ਗਿਆ ਅਤੇ ਫਿਰ ਕ੍ਰਿਸ਼ਨਾ ਭਗਤੀ ਨੇ ਕਾਵਿਕ ਪ੍ਰਤਿਭਾ ਨੂੰ ਜਾਗ੍ਰਿਤ ਕਰ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਹੈ, ''ਜੈਦੇਵ ਵੈਸ਼ਨਵ ਮੱਤਧਾਰੀ, ਕ੍ਰਿਸ਼ਨ ਉਪਾਸਕ ਸੀ, ਪਰ ਤੱਤਵ ਵੇਤਾ ਸਾਧੂਆਂ ਦੀ ਸੰਗਤਿ ਕਰਕੇ ਕਰਤਾਰ ਦਾ ਅਨਿੰਨ ਸੇਵਕ ਹੋਇਆ।'' ਜੈਦੇਵ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦਾ ਪੂਰਣ ਪੰਡਿਤ ਸੀ। ਉਹ ਕਿਉਂ ਜੁ ਇਕ ਕਵੀ ਦੇ ਨਾਲ ਨਾਲ ਉਚ-ਕੋਟੀ ਦਾ ਸੰਗੀਤਕਾਰ ਸੀ, ਇਸ ਕਰਕੇ ਉਹ ਆਪਣੇ ਰਚੇ ਪਦੇ ਆਪਣੀ ਪਤਨੀ ਪਦਮਾਵਤੀ ਨਾਲ ਮਿਲਕੇ ਮਨਮੋਹਕ ਸੁਰ ਵਿਚ ਗਾਉਂਦਾ ਸੀ। ਉਸਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਬੰਗਾਲ ਦੇ ਰਾਜਾ ਬਲਾਲ ਸੇਨ ਦੇ ਪੁੱਤਰ ਲਕਸ਼ਮਣ ਸੇਨ ਦੇ ਪਾਸ ਰਹਿਕੇ ਬਿਤਾਇਆ ਸੀ। 'ਗੀਤ ਗੋਵਿੰਦ' ਇਸ ਮਹਾਂਪੁਰਖ ਦੀ ਅਤਿ ਉੱਤਮ ਕ੍ਰਿਤ ਹੈ।

ਕ੍ਰਿਸ਼ਨ-ਭਗਤੀ ਦੀ ਸ਼ਾਇਦ ਹੀ ਕੋਈ ਹੋਰ ਰਚਨਾ 'ਗੀਤ ਗੋਵਿੰਦ' ਦੀ ਬਰਾਬਰੀ ਕਰ ਸਕੇ।

ਗੁਰੂ ਗ੍ਰੰਥ ਸਾਹਿਬ ਵਿਚ ਜੈਦੇਵ ਦੇ ਨਾਮ ਹੇਠ ਰਾਗ ਗੂਜਰੀ ਅਤੇ ਮਾਰੂ ਵਿਚ ਇਕ ਇਕ ਸ਼ਬਦ ਹੈ। ਰਾਗ ਗੂਜਰੀ ਵਿਚ ਭਗਤ ਜੀ ਨੇ ਪਰਮਾਤਮਾ ਦੀ ਮਨ, ਚਿਤ ਅਤੇ ਬਚਨ ਨਾਲ ਭਗਤੀ ਕਰਨ ਦਾ ਸੰਦੇਸ਼ ਦਿਤਾ ਹੈ। ਹੋਰ ਬਾਹਰੀ ਤਪ ਯੋਗ ਕਿਰਿਆ ਦਾ ਖੰਡਨ ਕੀਤਾ ਹੈ

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ।। (ਪੰਨਾ ੫੨੬)

## ਭਗਤ ਤ੍ਰਿਲੋਚਨ ਜੀ

ਭਗਤ ਤ੍ਰਿਲੋਚਨ ਜੀ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਵਿਦਵਾਨਾਂ ਨੇ ਇਹ ਮੰਨਿਆ ਹੈ ਕਿ ਉਹਨਾਂ ਦਾ ਜਨਮ 1267 ਈ. ਨੂੰ ਵੈਸ਼ ਕੁਲ ਵਿਚ ਹੋਇਆ ਸੀ। ਕਈ ਵਿਦਵਾਨ ਉਹਨਾਂ ਨੂੰ ਬ੍ਰਾਹਮਣ ਕੁਲ ਨਾਲ ਸੰਬੰਧਿਤ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਨੂੰ ਤਿਲੋਚਨ ਭੀ ਲਿਖਿਆ ਹੈ। ਬਹੁਤੇ ਵਿਦਵਾਨਾਂ ਦਾ ਮੱਤ ਹੈ ਕਿ ਤ੍ਰਿਲੋਚਨ ਜੀ ਦਾ ਜਨਮ ਮਹਾਂਰਾਸ਼ਟਰ ਵਿਚ ਸ਼ੋਲਾਪੁਰ ਜ਼ਿਲ੍ਹੇ ਦੇ ਪਿੰਡ ਬਾਰਸੀ ਵਿਚ ਹੋਇਆ, ਪਰ ਕੁਝ ਵਿਦਵਾਨ ਸੁਝਾਉਂਦੇ ਹਨ ਕਿ ਉਹ ਉੱਤਰ ਪ੍ਰਦੇਸ਼ ਦੇ ਜੰਮਪਲ ਸਨ, ਪ੍ਰੰਤੂ ਮਗਰੋਂ ਉਹ ਮਹਾਂਰਾਸ਼ਟਰ ਦੇ ਵਾਸੀ ਹੋਏ।

ਤ੍ਰਿਲੋਚਨ ਜੀ ਦੇ ਸ਼ਬਦਾਂ ਦੀ ਬੋਲੀ ਉੱਤੇ ਮਰਾਠੀ ਰੰਗ ਪ੍ਰਤੱਖ ਹੈ। ਉਹਨਾਂ ਦੀਆਂ ਰਚਨਾਵਾਂ ਵਿਚ 'ਤਾਚਿਰਿ ਸੁਆਰਥੀ', 'ਨਦੀ ਨਾਥੰ', 'ਤਾ ਚੇ', 'ਰਾਮ ਚੇ' ਇਤਯਾਦਿਕ ਸ਼ਬਦ ਉਹਨਾਂ ਦੇ ਮਹਾਂਰਾਸ਼ਟਰ ਇਲਾਕੇ ਨਾਲ ਸੰਬੰਧਿਤ ਹੋਣ ਨੂੰ ਪ੍ਰਮਾਣਿਤ ਕਰਦੇ ਹਨ। ਦਾਦੂ ਪੰਥੀਆਂ ਦੇ 'ਸਰਵਾਂਗੀ ਗ੍ਰੰਥ' ਵਿਚ ਤ੍ਰਿਲੋਚਨ ਜੀ ਦੀ ਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਬੀੜਾਂ ਵਿਚ ਉਹਨਾਂ ਦੇ ਨਾਮ ਤੇ ਇਕ ਵਾਧੂ ਸ਼ਬਦ ਭੀ ਮਰਾਠੀ ਰੰਗ ਵਿਚ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਤ੍ਰਿਲੋਚਨ ਜੀ ਅਤੇ ਨਾਮਦੇਵ ਜੀ ਦੇ ਸਮਕਾਲੀ ਅਥਵਾ ਮਿੱਤਰ ਹੋਣ ਦਾ ਪਤਾ ਲਗਦਾ ਹੈ। ਨਾਮਦੇਵ ਵਾਂਗ ਉਹਨਾਂ ਵੀ ਮੌਤ ਦੇ ਆਗਮਨ ਸਬੰਧੀ ਭੈਅ ਤੋਂ ਮੁਕਤ ਕਰਨ ਲਈ 'ਬੀਠਲ' ਅੱਗੇ ਸਹਾਇਤਾ ਲਈ ਬੇਨਤੀ ਕੀਤੀ ਹੈ। ਇਹਨਾਂ ਸਾਰੇ ਪ੍ਰਮਾਣਾਂ ਤੋਂ ਉਹਨਾਂ ਦਾ ਮਰਾਠੀ ਹੋਣਾ ਸਾਬਤ ਹੁੰਦਾ ਹੈ।

ਤ੍ਰਿਲੋਚਨ ਦਾ ਦਿਹਾਂਤ 1335 ਈ. ਵਿਚ ਹੋਇਆ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੇ ਸਿਰੀ ਅਤੇ ਧਨਾਸਰੀ ਰਾਗਾਂ ਵਿਚ ਇਕ ਇਕ ਅਤੇ ਗੂਜਰੀ ਰਾਗ ਵਿਚ ਦੋ ਸ਼ਬਦ ਸ਼ਾਮਿਲ ਕੀਤੇ ਗਏ ਹਨ। ਉਨ੍ਹਾਂ ਧਨਾਸਰੀ ਰਾਗ ਵਿਚ ਮਨੁੱਖ ਨੂੰ ਸਿਖਿਆ ਦਿਤੀ ਹੈ ਕਿ ਮਨੁੱਖ ਦੇ ਮੰਦੇ ਚੰਗੇ ਭਾਗ ਉਸ ਦੇ ਕੀਤੇ ਕਰਮਾਂ ਦਾ ਪਰਿਣਾਮ ਹੈ। ਇਸ ਲਈ ਮੰਦੇ ਕਰਮਾਂ ਲਈ ਨਾਰਾਇਣ ਨੂੰ ਨਿੰਦਣਾ ਭੁੱਲ ਹੈ ਯਥਾ

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ।।
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ।। (ਪੰਨਾ ੬੯੫)

## ਭਗਤ ਨਾਮਦੇਵ ਜੀ

ਸ੍ਰੀ ਨਾਮਦੇਵ ਜੀ ਮਹਾਂਰਾਸ਼ਟਰ ਦੇ ਸਰਵ-ਸੰਮਾਨਿਤ ਮਹਾਂਪੁਰਸ਼ ਹਨ, ਜਿਨ੍ਹਾਂ ਦੀ ਬਾਣੀ ਅੱਜ ਵੀ ਸ਼ਰਧਾ ਨਾਲ ਘਰ ਘਰ ਗਾਈ ਜਾਂਦੀ ਹੈ। ਪ੍ਰਮਾਣਿਤ ਤੱਥ ਇਹ ਹੈ ਕਿ ਉਹਨਾਂ ਦਾ ਜਨਮ ਜ਼ਿਲ੍ਹਾ ਸਤਾਰਾ (ਮਹਾਂਰਾਸ਼ਟਰ) ਦੇ ਪਿੰਡ ਨਰਸੀ ਬਾਮਨੀ ਵਿਚ ਦਾਮਸ਼ੇਟੀ ਛੀਂਬੇ ਦੇ ਘਰ ਗੋਨਾਬਾਈ ਦੀ ਕੁੱਖੋਂ 1210 ਈ. ਵਿਚ ਹੋਇਆ, ਪਰ ਕੁਝ ਵਿਦਵਾਨਾਂ ਨੇ ਨਾਮਦੇਵ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਠਹਿਰਾਉਣ ਦੇ ਯਤਨ ਵੀ ਕੀਤੇ ਹਨ। ਭਾਈ ਗੁਰਦਾਸ ਜੀ ਨੇ ਆਪਣੀ ਗਿਆਰ੍ਹਵੀਂ ਵਾਰ ਵਿਚ ਭਗਤਾਂ ਸੰਬੰਧੀ ਜਾਣਕਾਰੀ ਦਿੱਤੀ ਹੈ। ਜਿਸ ਤੋਂ ਇੰਞ ਲਗਦਾ ਹੈ ਕਿ ਉਹਨਾਂ ਨੇ ਵਾਰ ਦੀਆਂ ਪਉੜੀਆਂ ਵਿਚ ਭਗਤਾਂ ਨੂੰ ਕਾਲ ਅਨੁਸਾਰ ਕ੍ਰਮ ਦਿੱਤਾ ਹੈ। ਜਿਸ ਤੋਂ ਉਹਨਾਂ ਦੇ ਜਨਮ ਸਬੰਧੀ ਪਹਿਲਾ ਮੱਤ ਹੀ ਉਚਿਤ ਲੱਗਦਾ ਹੈ। ਉਹਨਾਂ ਦੀ ਸ਼ਾਦੀ ਗੋਬਿੰਦ ਸੇਤੀ ਦੀ ਪੁੱਤਰੀ ਰਾਜਾ ਬਾਈ ਨਾਲ ਹੋਈ ਅਤੇ ਰਾਜਾ ਬਾਈ ਨੇ ਚਾਰ ਪੁੱਤਰਾਂ ਨਾਰਾਇਣ, ਮਹਾਂਦੇਵ, ਗੋਬਿੰਦ, ਵਿੱਠਲ ਅਤੇ ਸਪੁੱਤਰੀ ਲਿੰਬਾਬਾਈ ਨੂੰ ਜਨਮ

ਦਿੱਤਾ।

ਭਗਤ ਜੀ ਬਾਰੇ ਪ੍ਰਚਲਿਤ ਹੈ ਕਿ ਛੋਟੀ ਆਯੂ ਵਿਚ ਹੀ ਉਹਨਾਂ ਨੇ ਆਪਣੇ ਨਾਨਾ ਜੀ ਦੀ ਆਗਿਆ ਦਾ ਪਾਲਣ ਕਰਕੇ ਠਾਕੁਰਾਂ (ਪੱਥਰ ਦੀਆਂ ਮੂਰਤੀਆਂ) ਨੂੰ ਦੁੱਧ ਭੇਂਟ ਕੀਤੇ। ਉਹਨਾਂ ਦੀ ਅਥਾਹ ਸ਼ਰਧਾ ਅਤੇ ਭਗਤੀ-ਭਾਵ ਨੂੰ ਵੇਖਕੇ ਗੋਬਿੰਦ ਨੇ ਉਹਨਾਂ ਦੀ ਭੇਂਟ ਸਵੀਕਾਰ ਕਰ ਲਈ। ਇਕ ਹੋਰ ਪ੍ਰਚੱਲਿਤ ਰਿਵਾਇਤ ਹੈ ਕਿ ਉਹਨਾਂ ਨੂੰ ਜਾਤ ਅਭਿਮਾਨੀ ਬ੍ਰਾਹਮਣਾਂ ਨੇ ਸ਼ੂਦਰ ਹੋਣ ਕਰਕੇ ਮੰਦਿਰ ਵਿਚੋਂ ਬਾਹਰ ਕੱਢ ਦਿੱਤਾ ਅਤੇ ਉਹ ਮੰਦਿਰ ਦੇ ਪਿਛਵਾੜੇ ਬੈਠ ਕੇ ਪ੍ਰਭੂ ਚਰਨਾਂ ਵਿਚ ਅਜਿਹੇ ਵਿਲੀਨ ਹੋਏ ਕਿ ਪਰਮਾਤਮਾ ਨੇ ਸੇਵਕ ਦੀ ਲਾਜ ਰੱਖਣ ਹਿੱਤ ਮੰਦਿਰ ਦਾ ਦਰ ਉਨ੍ਹਾਂ ਵੱਲ ਫੇਰ ਦਿੱਤਾ। ਨਾਮਦੇਵ ਜੀ ਨੇ ਬਾਣੀ ਵਿਚ ਵੀ ਇਸ ਘਟਨਾ ਦਾ ਉਲੇਖ ਕਰਦਿਆਂ ਕਿਹਾ ਹੈ :

ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥
ਭਗਤ ਜਨਾਂ ਕਉ ਦੇਹੁਰਾ ਫਿਰੈ ॥ (ਪੰਨਾ ੧੧੬੪)

ਭੈਰਉ ਰਾਗ ਦੇ ਇਕ ਸ਼ਬਦ ਵਿਚ ਆਪ ਜੀ ਕਹਿੰਦੇ ਹਨ ਕਿ ਉਸ ਸਮੇਂ ਦੇ ਸੁਲਤਾਨ (ਮੁਹੰਮਦ ਤੁਗਲਕ ਜਾਂ ਫੀਰੋਜ਼ਸ਼ਾਹ ਤੁਗਲਕ) ਨੇ ਨਾਮਦੇਵ ਜੀ ਨੂੰ ਇਸਲਾਮ ਧਾਰਨ ਕਰਨ ਜਾਂ ਮ੍ਰਿਤ ਗਊ ਜ਼ਿੰਦਾ ਕਰਨ ਜਾਂ ਫਿਰ ਮ੍ਰਿਤੂ ਦੰਡ ਵਿਚੋਂ ਇਕ ਨੂੰ ਚੁਣਨ ਲਈ ਕਿਹਾ ਅਤੇ ਭਗਤ-ਵਛਲ ਪਰਮਾਤਮਾ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਮੋਈ ਗਊ ਨੂੰ ਜੀਵਨ ਪ੍ਰਦਾਨ ਕਰ ਦਿੱਤਾ।

ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਕਹਿੰਦੇ ਹਨ ਕਿ ਨਾਮਦੇਵ ਜੀ ਪਹਿਲੀ ਉਮਰ ਵਿਚ ਸ਼ਿਵ ਅਤੇ ਵਿਸ਼ਣੂ ਦੇ ਉਪਾਸ਼ਕ ਰਹੇ ਪਰ ਮਗਰੋਂ ਵਿਨੋਭਾ ਖੇਚਰ ਅਤੇ ਗਿਆਨ ਦੇਵ ਜਿਹੇ ਬ੍ਰਹਮ ਵੇਤਿਆਂ ਦੀ ਸੰਗਤ ਕਰਕੇ ਆਤਮ ਗਿਆਨ ਨੂੰ ਪ੍ਰਾਪਤ ਹੋਏ। ਜੀਵਨ ਦਾ ਬਹੁਤਾ ਹਿੱਸਾ ਉਹਨਾਂ ਜ਼ਿਲ੍ਹਾ ਸੋਲਾਪੁਰ ਦੇ ਪਿੰਡ ਪੰਡਰ ਪੁਰ ਵਿਚ ਹੀ ਬਿਤਾਇਆ। ਇਕ ਰਿਵਾਇਤ ਅਨੁਸਾਰ ਉਹ ਪਿਛਲੀ ਉਮਰੇ ਗਿਆਨ ਦੇਵ ਨਾਲ ਤੀਰਥ ਯਾਤਰਾ ਕਰਦੇ ਹੋਏ ਪੰਜਾਬ ਪੁੱਜੇ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘੁਮਾਣ ਵਿਚ ਉਨ੍ਹਾਂ ਦਾ ਦੇਹਾਂਤ ਹੋਇਆ। ਇਸ ਨਗਰ ਵਿਚ ਹੁਣ ਭੀ 2 ਮਾਘ ਨੂੰ ਨਾਮਦੇਵ ਜੀ ਦੀ ਯਾਦ ਵਿਚ ਸਾਲਾਨਾ ਮੇਲਾ ਆਯੋਜਿਤ ਕੀਤਾ ਜਾਂਦਾ ਹੈ, ਪਰ ਇਹ ਭੀ ਮੰਨਿਆ ਜਾਂਦਾ ਹੈ ਕਿ ਉਹਨਾਂ ਦਾ ਦੇਹਾਂਤ ਪੰਡਰਪੁਰ ਵਿਚ ਹੀ ਹੋਇਆ।

ਉਨ੍ਹਾਂ ਦੀ ਰਚਨਾ ਮਰਾਠੀ ਅਤੇ ਸੰਤ-ਭਾਸ਼ਾ ਵਿਚ ਉਪਲੱਬਧ ਹੁੰਦੀ ਹੈ। ਮਰਾਠੀ ਵਿਚ ਉਨ੍ਹਾਂ ਦੇ ਅਭੰਗ 'ਨਾਮਦੇਵ ਗਾਥਾ' ਵਿਚ ਸੰਕਲਿਤ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀ ਰਚਨਾ ਸੰਤ-ਭਾਸ਼ਾ ਵਿਚ ਹੈ, ਜਿਸ ਉਤੇ ਮਰਾਠੀ ਦਾ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 18 ਰਾਗਾਂ ਅੰਦਰ ਨਾਮਦੇਵ ਜੀ ਦੇ ਉਚਾਰਣ ਕੀਤੇ 61 ਸ਼ਬਦ ਹਨ।

## ਭਗਤ ਸਧਨਾ ਜੀ

ਭਗਤ ਸਧਨਾ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਿੰਧ ਦੇ ਇਲਾਕੇ ਵਿਚ ਸੇਹਵਾਨ ਦੇ ਵਸਨੀਕ ਸਨ। ਸਧਨਾ ਜੀ ਦਾ ਦੇਹੁਰਾ (ਉਹਨਾਂ ਦੇ ਨਾਂ ਨਾਲ ਜੁੜਿਆ ਸਥਾਨ) ਸਰਹਿੰਦ ਨੇੜੇ ਹੈ। ਖਿਆਲ ਕੀਤਾ ਜਾਂਦਾ ਹੈ ਕਿ ਉਹ ਭਗਤ ਨਾਮਦੇਵ ਜੀ ਦੇ ਸਮਕਾਲੀ ਸਨ, ਪ੍ਰੰਤੂ ਕਿਸੇ ਇਤਿਹਾਸਕ ਲਿਖਤ ਤੋਂ ਇਸ ਤੱਥ ਦੀ ਪੁਸ਼ਟੀ ਨਹੀਂ ਹੁੰਦੀ। ਸਧਨਾ ਜੀ ਕਿੱਤੇ ਤੋਂ ਕਸਾਈ ਸਨ ਪਰ ਭਗਤੀ ਭਾਵਨਾ ਕਰਕੇ ਜਦੋਂ ਪੂਰਬਲੇ ਭਲੇ ਸੰਸਕਾਰਾਂ ਦਾ ਉਦੈਮਾਨ ਹੋਇਆ ਤਾਂ ਮਨ ਪਲਟ ਕੇ ਪ੍ਰੇਮਾ-ਭਗਤੀ ਵੱਲ ਰੁਚਿਤ ਹੋਇਆ ਅਤੇ ਸਧਨਾ ਜੀ ਰੱਬ ਦੇ ਵੱਡੇ ਭਗਤ ਸਿੱਧ ਹੋਏ।

ਉਹਨਾਂ ਦੇ ਜੀਵਨ ਨਾਲ ਸਬੰਧਿਤ ਕਈ ਗਾਥਾਵਾਂ ਅੱਜ ਵੀ ਪ੍ਰਚੱਲਿਤ ਹਨ। ਕਿਹਾ ਜਾਂਦਾ ਹੈ ਕਿ ਤੀਰਥ ਯਾਤਰਾ ਜਾਂਦਿਆਂ ਇਕ ਵੇਰ ਇਕ ਸੁੰਦਰ ਇਸਤ੍ਰੀ ਨੇ ਉਨ੍ਹਾਂ ਨੂੰ ਆਪਣੇ ਰੂਪ-ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਅਸਫਲ ਰਹੀ। ਇਹ ਸੋਚ ਕੇ ਸ਼ਾਇਦ ਸਧਨਾ ਜੀ ਉਸ ਦੇ ਪਤੀ ਤੋਂ ਡਰਦੇ ਹੋਣ ਉਸਨੇ ਆਪਣੇ ਪਤੀ ਦੀ ਹੱਤਿਆ ਕਰ ਦਿੱਤੀ। ਜਦੋਂ ਭਗਤ ਜੀ ਫਿਰ ਭੀ ਮੰਦ-ਵਾਸ਼ਨਾ ਤੋਂ ਅਲੇਪ ਰਹੇ ਤਾਂ ਉਸ ਇਸਤ੍ਰੀ ਨੇ ਭਗਤ ਜੀ ਉਤੇ ਉਸ ਦਾ ਸਤ ਭੰਗ ਕਰਨ ਅਤੇ ਪਤੀ ਦੀ ਹੱਤਿਆ ਦਾ ਆਰੋਪ ਲਾਇਆ। ਇਹ ਸੁਣਕੇ ਕ੍ਰੋਧਿਤ ਲੋਕਾਂ ਨੇ ਭਗਤ ਜੀ ਨੂੰ ਕੈਦ ਕਰਕੇ ਉਨ੍ਹਾਂ ਦੇ ਹੱਥ ਕੱਟ ਦਿੱਤੇ, ਪਰ ਸਧਨਾ ਜੀ ਦੇ ਸੱਚੇ ਆਚਰਣ ਅਤੇ ਈਸ਼ਵਰ ਭਗਤੀ ਕਰਕੇ

ਉਨ੍ਹਾਂ ਦੇ ਹੱਥ ਫਿਰ ਠੀਕ ਹੋ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਬਿਲਾਵਲ ਵਿਚ ਉਨ੍ਹਾਂ ਦਾ ਇਕੋ ਇਕ ਸ਼ਬਦ ਹੈ। ਸਿੱਖ ਟੀਕਾਕਾਰਾਂ ਦਾ ਮੱਤ ਹੈ ਕਿ ਕਾਜ਼ੀਆਂ ਦੇ ਪ੍ਰਭਾਵ ਥੱਲੇ ਬਾਦਸ਼ਾਹ ਨੇ ਸਧਨਾ ਜੀ ਨੂੰ ਬੁਰਜ ਵਿਚ ਚਿਣਨ ਦਾ ਹੁਕਮ ਦਿੱਤਾ ਤਾਂ ਸਧਨਾ ਜੀ ਨੇ ਆਪਣੇ ਇਸ ਸ਼ਬਦ ਰਾਹੀਂ ਪਰਮੇਸ਼ਰ ਅੱਗੇ ਸਹਾਇਤਾ ਲਈ ਅਰਜ਼ੋਈ ਕੀਤੀ।

## ਭਗਤ ਬੇਣੀ ਜੀ

ਭਗਤ ਬੇਣੀ ਜੀ ਦੇ ਜੀਵਨ ਹਾਲਾਤ ਉਪਲੱਬਧ ਨਹੀਂ ਹੁੰਦੇ, ਇਸ ਕਰਕੇ ਉਨ੍ਹਾਂ ਦੇ ਸਮੇਂ ਅਤੇ ਸਥਾਨ ਬਾਰੇ ਨਿਸ਼ਚਿਤ ਤੌਰ ਤੇ ਕੁਝ ਕਹਿਣਾ ਕਠਿਨ ਹੈ। ਆਮ ਖਿਆਲ ਹੈ ਕਿ ਉਹ 15ਵੀਂ ਸਦੀ ਵਿਚ ਹੋਏ ਹੋਣਗੇ। ਕਿਹਾ ਜਾਂਦਾ ਹੈ ਕਿ ਜੀਵਨ ਨਿਰਵਾਹ ਲਈ ਲੋੜੀਂਦੇ ਸਾਧਨਾਂ ਦਾ ਆਭਾਵ ਹੁੰਦਿਆਂ ਭੀ ਉਹ ਇਕ ਪਰਮੇਸ਼ਰ ਤੇ ਟੇਕ ਰੱਖਕੇ ਸਬਰ ਅਤੇ ਸੰਤੋਖ ਵਿਚ ਦਿਨ ਗੁਜ਼ਾਰਦੇ ਸਨ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਭਗਤ ਬੇਣੀ ਜੀ ਇਕਾਂਤ ਵਾਸ ਲੈ ਕੇ ਪ੍ਰਭੂ-ਭਗਤੀ ਵਿਚ ਮਗਨ ਰਹਿੰਦੇ ਸਨ ਅਤੇ ਜਦੋਂ ਘਰ ਆਇਆਂ ਨੂੰ ਕੋਈ ਪੁੱਛਦਾ ਤਾਂ ਕਹਿ ਦਿੰਦੇ ਕਿ ਰਾਜ ਦਰਬਾਰ ਵਿਚ ਨੌਕਰੀ ਕਰਕੇ ਆਇਆ ਹਾਂ। ਬੇਣੀ ਜੀ ਦੇ ਭਗਤੀ ਭਾਵ ਤੋਂ ਪ੍ਰਸੰਨ ਹੋ ਕੇ, ਭਗਵਾਨ ਰਾਜੇ ਦੇ ਰੂਪ ਵਿਚ ਘਰ ਆ ਕੇ ਧਨ-ਪਦਾਰਥ ਦੇ ਜਾਂਦੇ।

ਗੁਰੂ ਗ੍ਰੰਥ ਸਾਹਿਬ ਦੇ ਸਿਰੀ, ਰਾਮਕਲੀ ਅਤੇ ਪ੍ਰਭਾਤੀ ਰਾਗਾਂ ਵਿਚ ਉਹਨਾਂ ਦਾ ਇਕ ਇਕ ਸ਼ਬਦ ਹੈ। ਇਨ੍ਹਾਂ ਸ਼ਬਦਾਂ ਵਿਚ ਬੇਣੀ ਨੇ ਬ੍ਰਾਹਮਣੀ ਧਰਮ-ਕਰਮ, ਕਾਂਡਾਂ ਅਤੇ ਯੋਗ-ਮੱਤ ਦੀ ਸਖ਼ਤ ਨਿਖੇਧੀ ਕੀਤੀ ਹੈ।

## ਸੁਆਮੀ ਰਾਮਾਨੰਦ ਜੀ

ਦੱਖਣ ਭਾਰਤ ਵਿਚੋਂ ਭਗਤੀ ਲਹਿਰ ਦਾ ਬੀਜ ਉੱਤਰੀ ਭਾਰਤ ਵਿਚ ਲਿਆਉਣ ਵਾਲੇ ਸੁਆਮੀ ਰਾਮਾਨੰਦ ਜੀ ਰਾਮਾਨੁਜ ਦੀ ਸ਼ਿਸ਼ ਪਰੰਪਰਾ ਵਿਚੋਂ ਰਾਘਵਾਚਾਰਯ ਦੇ ਅਨੁਯਾਈ ਸਨ, ਪਰ ਉਹਨਾਂ ਦੀ ਪ੍ਰਸਿੱਧੀ ਰਾਘਵਾਚਾਰਯ ਨਾਲੋਂ ਭੀ ਵਧੀਕ ਹੋਈ। ਉਨ੍ਹਾਂ ਨੇ ਕ੍ਰਿਸ਼ਨ-ਭਗਤੀ ਦੀ ਥਾਂ ਰਾਮ ਭਗਤੀ ਨੂੰ ਸਥਾਪਤ ਕੀਤਾ। ਵੈਰਾਗੀ ਸੰਪ੍ਰਦਾਇ ਉਨ੍ਹਾਂ ਨੂੰ ਆਪਣਾ ਆਚਾਰਯ ਸਵੀਕਾਰ ਕਰਦੀ ਹੈ ਅਤੇ ਵੈਰਾਗੀਆਂ ਦਾ 'ਰਾਮਾਵਤ' ਫਿਰਕਾ ਉਨ੍ਹਾਂ ਤੋਂ ਹੀ ਚੱਲਿਆ ਹੈ। ਇਸ ਫਿਰਕੇ ਦੇ ਵੈਰਾਗੀ ਰਾਮਾਨੁਜ ਦੇ ਅਨੁਸਾਰ ਹੀ ਲਕਸ਼ਮੀ-ਨਾਰਾਇਣ ਦੀ ਥਾਂ ਸੀਤਾ-ਰਾਮ ਦੀ ਉਪਾਸ਼ਨਾ ਕਰਦੇ ਹਨ।

ਰਾਮਾਨੰਦ ਜੀ ਦਾ ਜਨਮ ਪ੍ਰਯਾਗ ਦੇ ਕਾਨਯਕੁਬਜ ਬ੍ਰਾਹਮਣ ਘਰਾਣੇ ਵਿਚ ਪਿਤਾ ਭੂਰਿ ਕਰਮਾ ਅਤੇ ਮਾਤਾ ਸੁਸ਼ੀਲਾ ਦੇ ਗ੍ਰਹਿ ਵਿਖੇ ਹੋਇਆ। ਵਿਦਵਾਨਾਂ ਦੀ ਰਾਏ ਹੈ ਕਿ ਸੁਆਮੀ ਜੀ ਦਾ ਜਨਮ 1366 ਈ. ਵਿਚ ਹੋਇਆ ਪਰ ਕਈ ਵਿਦਵਾਨਾਂ ਨੇ 1299 ਈ. ਦਾ ਲਿਖਿਆ ਹੈ। ਪਿਤਾ ਨੇ ਉਹਨਾਂ ਦਾ ਨਾਮ ਰਾਮਦੱਤ ਰੱਖਿਆ। ਬਚਪਨ ਤੋਂ ਹੀ ਉਨ੍ਹਾਂ ਨੂੰ ਧਾਰਮਿਕ ਲਗਨ ਲੱਗ ਗਈ ਸੀ। ਪਹਿਲਾਂ ਉਹਨਾਂ ਨੇ ਇਕ ਸੰਨਿਆਸੀ ਸਾਧੂ ਤੋਂ ਦੀਖਿਆ ਲਈ ਅਤੇ ਫਿਰ ਆਚਾਰਯ ਰਾਘਵਾਨੰਦ ਦਾ ਸ਼ਿਸ਼ਤਵ ਗ੍ਰਹਿਣ ਕੀਤਾ। ਰਾਘਵਾਚਾਰਯ ਤੋਂ ਉਹਨਾਂ ਯੋਗ ਨੂੰ ਮਰ੍ਹਮ ਸਮਝ ਕੇ ਕਾਫੀ ਸਮਾਂ ਯੋਗ ਸਾਧਨਾ ਕੀਤੀ ਅਤੇ ਕਈ ਤੀਰਥਾਂ ਦੀਆਂ ਯਾਤਰਾਵਾਂ ਭੀ ਕੀਤੀਆਂ। ਤੀਰਥ ਯਾਤਰਾ ਕਰਦੇ ਉਹ ਕਾਂਸ਼ੀ ਉਸ ਸਥਾਨ ਤੇ ਆ ਟਿਕੇ ਜਿਥੇ ਹੁਣ ਗੰਗਾ ਦੇ ਪੰਚਾਂਗ ਘਾਟ ਤੇ ਉਹਨਾਂ ਦਾ ਯਾਦਗਾਰੀ ਸਥਾਨ ਹੈ। ਇਥੇ ਰਹਿੰਦਿਆਂ ਉਹਨਾਂ ਦੇ ਵੈਸ਼ਨਵ ਵਿਚਾਰਾਂ ਵਿਚ ਤਬਦੀਲੀ ਆਈ ਅਤੇ ਪਰੰਪਰਾ ਦੇ ਉਲਟ ਉਹਨਾਂ ਨੇ ਵੈਸ਼ਨਵ ਧਰਮ ਦੀਆਂ ਵਰਨਾਸ਼ਰਮ ਸਬੰਧੀ ਪਾਬੰਦੀਆਂ ਨੂੰ ਅਨੁਚਿਤ ਸਮਝ ਕੇ ਸਭ ਵਰਣਾਂ ਦੇ ਸ਼ਿਸ਼ਾਂ ਨੂੰ ਦੀਖਿਅਤ ਕੀਤਾ।

ਭਾਵੇਂ ਹਜ਼ਾਰਾਂ ਲੋਕ ਰਾਮਾਨੰਦ ਜੀ ਦੇ ਸ਼ਰਧਾਲੂ ਸਨ, ਫਿਰ ਭੀ ਉਹਨਾਂ ਦੇ 12 ਨਾਮਵਰ ਚੇਲੇ ਹੋਏ ਹਨ, ਇਹਨਾਂ ਦੇ ਨਾਮ ਹਨ : ਅਨੰਤਾਨੰਦ, ਸੁਰਸੁਰਾਨੰਦ, ਸਖਾਨੰਦ, ਨਰਹਰੀਨੰਦ, ਯੋਗਾਨੰਦ, ਪੀਪਾ, ਕਬੀਰ, ਸੈਨ, ਭਾਵਾਨੰਦ, ਧਨੇਸ਼ਰ, ਹਲਵਾਨੰਦ ਅਤੇ ਰਾਮਦਾਸ।

ਰਾਮਾਨੰਦ ਇਕ ਵਿਦਵਾਨ ਪੁਰਖ ਸਨ। ਉਹਨਾਂ ਨੇ ਕਈ ਪੁਸਤਕਾਂ ਰਚੀਆਂ ਜਿਨ੍ਹਾਂ ਵਿਚੋਂ ਵੈਸ਼ਨਵ ਮਤਾਂਬੁਜ, ਸ੍ਰੀ ਰਾਮਚਰਨ ਪੱਧਤੀ ਪ੍ਰਸਿੱਧੀ ਪ੍ਰਾਪਤ ਹਨ। ਉਂਞ ਕੋਈ 17 ਪੁਸਤਕਾਂ ਉਹਨਾਂ ਦੇ ਨਾਮ ਨਾਲ ਸਬੰਧਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦਾ ਕੇਵਲ ਰਾਗ ਬਸੰਤ ਵਿਚ ਇਕ ਸ਼ਬਦ ਹੈ।

## ਭਗਤ ਕਬੀਰ ਜੀ

ਕਬੀਰ ਜੀ ਭਗਤੀ ਲਹਿਰ ਵਿਚ ਸਭ ਤੋਂ ਕ੍ਰਾਂਤੀਕਾਰੀ ਸੰਤ ਪੁਰਸ਼ ਹੋਏ ਹਨ। ਉਹਨਾਂ ਨੇ ਉਚ ਨੀਚ ਦੇ ਵਿਤਕਰੇ ਅਤੇ ਧਾਰਮਿਕ ਅੰਧ ਵਿਸ਼ਵਾਸਾਂ ਅਥਵਾ ਵਹਿਮਾਂ ਭਰਮਾਂ ਦੀ ਸਖਤ ਨਿਖੇਧੀ ਕਰਕੇ ਮਾਨਵੀ-ਏਕਤਾ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਆਮ ਵਿਚਾਰ ਹੈ ਕਿ ਇਕ ਵਿਧਵਾ ਬ੍ਰਾਹਮਣੀ ਦੇ ਘਰ 1398 ਈ. (ਜੇਠ ਸੁਦੀ 15 ਸੰਮਤ 1455) ਵਿਚ ਬਨਾਰਸ ਵਿਖੇ ਉਹਨਾਂ ਦਾ ਜਨਮ ਹੋਇਆ ਅਤੇ ਅਲੀ (ਨੀਰੂ) ਜੁਲਾਹੇ ਅਤੇ ਉਸਦੀ ਪਤਨੀ ਨੀਮਾ ਦੇ ਮੁਸਲਮਾਨੀ ਪਰਿਵਾਰ ਵਿਚ ਕਬੀਰ ਜੀ ਦੀ ਪਾਲਣਾ ਹੋਈ। ਯੁਵਾ ਅਵਸਥਾ ਵਿਚ ਉਹਨਾਂ ਦੀ ਸ਼ਾਦੀ ਲੋਈ ਨਾਲ ਹੋਈ, ਜਿਸਦੇ ਉਦਰ ਤੋਂ ਉਹਨਾਂ ਦੇ ਪੁੱਤਰ ਕਮਾਲ ਦਾ ਜਨਮ ਹੋਇਆ।

ਰਾਮਾਨੰਦ ਜੀ ਤੋਂ ਨਾਮ ਗੁਰਮੰਤ੍ਰ ਲੈ ਕੇ ਉਹ ਵੈਸ਼ਨਵ ਮੱਤ ਦੇ ਧਾਰਨੀ ਹੋਏ, ਪਰ ਸਾਧਨਾਂ ਮਾਰਗ ਤੇ ਨਿਰੰਤਰ ਅਧਿਆਤਮਿਕ ਵਿਕਾਸ ਰਾਹੀਂ ਉਹ ਸਰਗੁਣ ਪੂਜਾ ਤੋਂ ਨਿਰਗੁਣ ਭਗਤੀ ਦੀ ਸਿਖਰ ਤੀਕ ਪੁਜੇ। ਕਾਸ਼ੀ ਵਿਦਵਾਨਾਂ ਦੀ ਨਗਰੀ ਹੋਣ ਕਰਕੇ ਉਹਨਾਂ ਨੂੰ ਮੱਤ-ਮੱਤਾਤਰਾਂ ਦੇ ਨਿਯਮਾਂ ਦੀ ਜਾਣਕਾਰੀ ਅਤੇ ਧਾਰਮਿਕ ਚਰਚਾਵਾਂ ਦਾ ਅਵਸਰ ਮਿਲਿਆ। ਤੀਖਣ ਬੁੱਧੀ ਹੋਣ ਕਰਕੇ ਉਹ ਖੰਡਣ-ਮੰਡਣ ਵਿਚ ਨਿਪੁੰਨ ਸਨ। ਉਹਨਾਂ ਨੇ ਬ੍ਰਾਹਮਣੀ ਪੁਰੋਹਿਤ ਜਮਾਤ ਦੇ ਆਪਹੁਦਰੇਪਨ ਅਤੇ ਕਾਜ਼ੀ ਮੁੱਲਾਂ ਦੀ ਧਰਮ ਅੰਧਤਾ ਦਾ ਸਖ਼ਤ ਸ਼ਬਦਾਂ ਵਿਚ ਨਿਖੇਧ ਕੀਤਾ। ਮੁਸਲਮਾਨ ਮੌਲਾਣਿਆਂ ਵਲੋਂ ਕਬੀਰ ਜੀ ਨੂੰ ਸ਼ਰ੍ਹਾ ਵਿਰੋਧੀ ਪ੍ਰਚਾਲਨ ਕਰਕੇ 1490 ਈ. ਵਿਚ ਸਿਕੰਦਰ ਲੋਧੀ ਦੇ ਹੁਕਮ ਨਾਲ ਕਬੀਰ ਜੀ ਨੂੰ ਕਈ ਕਸ਼ਟ ਵੀ ਦਿੱਤੇ ਗਏ, ਪਰ ਕਬੀਰ ਜੀ ਦੀ ਬਜ਼ੁਰਗੀ ਨੂੰ ਦੇਖਕੇ ਅਤੇ ਉਹਨਾਂ ਦੇ ਵਿਅਕਤਿਤਵ ਤੋਂ ਪ੍ਰਭਾਵਿਤ ਹੋ ਕੇ ਬਾਦਸ਼ਾਹ ਨੇ ਉਹਨਾਂ ਵਿਰੁੱਧ ਹੋਰ ਕਾਰਵਾਈ ਨਾ ਕੀਤੀ। ਪ੍ਰਚਲਿਤ ਰਵਾਇਤ ਅਨੁਸਾਰ ਗੋਰਖਪੁਰ ਤੋਂ 15 ਮੀਲ ਦੂਰ ਮਗਹਰ ਵਿਚ ਮਰਨ ਤੋਂ ਧਾਰਮਿਕ ਅਧੋਗਤੀ ਹੋਣ ਦਾ ਭ੍ਰਮ ਨਿਵਾਰਣ ਲਈ ਕਬੀਰ ਜੀ ਵੀ ਅੰਤ ਸਮੇਂ ਮਗਹਰ ਵਿਚ ਆ ਟਿੱਕੇ। ਇਥੇ ਹੀ 1485 ਈ. ਵਿਚ ਉਹਨਾਂ ਦਾ ਦੇਹਾਂਤ ਹੋਇਆ। ਪਰ ਉਹਨਾਂ ਦੇ ਜੀਵਨ ਕਾਲ ਸਬੰਧੀ ਵਿਦਵਾਨਾਂ ਵਿਚ ਪ੍ਰਸਪਰ ਮੱਤਭੇਦ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀ ਸਾਰੇ ਭਗਤਾਂ ਨਾਲੋਂ ਵਧੀਕ ਬਾਣੀ ਹੈ। ਉਹਨਾਂ ਦੀਆਂ ਰਚਨਾਵਾਂ 17 ਰਾਗਾਂ ਵਿਚ ਹਨ। ਕੁੱਲ ਸ਼ਬਦ, ਸਲੋਕ ਇਤਆਦਿਕ 541 ਹਨ।

## ਭਗਤ ਰਵੀਦਾਸ ਜੀ

ਭਗਤ ਰਵੀਦਾਸ ਜੀ ਦੀ ਗਿਣਤੀ ਭੀ ਰਾਮਾਨੰਦ ਜੀ ਦੇ ਪ੍ਰਮੁੱਖ ਸ਼ਿਸ਼ਾਂ ਵਿਚ ਕੀਤੀ ਜਾਂਦੀ ਹੈ, ਪਰ ਇਸਦੇ ਕੋਈ ਇਤਿਹਾਸਕ ਪ੍ਰਮਾਣ ਨਹੀਂ ਮਿਲਦੇ। ਕਬੀਰ ਵਾਂਗ ਉਹ ਭੀ ਬਨਾਰਸ ਨਿਵਾਸੀ ਅਤੇ ਜਾਤੀ ਦੇ ਚਮਾਰ ਸਨ। ਉਹਨਾਂ ਦੀਆਂ ਜੀਵਨ ਥਿਤਾਂ ਅਗਿਆਤ ਹਨ। ਬਚਪਨ ਤੋਂ ਹੀ ਉਹ ਮਹਾਂਪੁਰਖਾਂ ਦੀ ਸੇਵਾ ਅਤੇ ਪਰਮਾਤਮਾ ਦੀ ਨਿਰਮਲ ਭਗਤੀ ਵਿਚ ਰਹਿੰਦੇ ਸਨ। ਉਹਨਾਂ ਦੇ ਜੀਵਨ ਨਾਲ ਸੰਬੰਧਿਤ ਕਥਾਵਾਂ ਤੋਂ ਉਹਨਾਂ ਦੀ ਧਨ-ਪਦਾਰਥਾਂ ਤੋਂ ਨਿਰਲੇਪਤਾ ਦਾ ਪਤਾ ਚਲਦਾ ਹੈ। ਆਪਣੀਆਂ ਅਧਿਆਤਮਿਕ ਪ੍ਰਾਪਤੀਆਂ ਕਰਕੇ ਛੋਟੀ ਜਾਤੀ ਨਾਲ ਸਬੰਧਿਤ ਹੁੰਦਿਆਂ ਹੋਇਆਂ ਭੀ ਉਹਨਾਂ ਨੇ ਅਦੁੱਤੀ ਵਡਿਆਈ ਪ੍ਰਾਪਤ ਕੀਤੀ। ਭਾਵੇਂ ਵਰਣ-ਵੰਡ ਦੇ ਸਮਰਥਕ ਬ੍ਰਾਹਮਣੀ ਸਮਾਜ ਨੇ ਉਹਨਾਂ ਦਾ ਸਖਤ ਵਿਰੋਧ ਕੀਤਾ, ਫਿਰ ਭੀ ਸਿਆਣੇ ਬ੍ਰਾਹਮਣ ਉਹਨਾਂ ਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਦੇਖਦੇ ਸਨ। ਇਕ ਰਿਵਾਇਤ ਹੈ ਕਿ ਹਰਿਦੁਆਰ ਜਾਣ ਵਾਲੇ ਸਾਧੂਆਂ ਨੂੰ ਉਨ੍ਹਾਂ ਨੇ ਗੰਗਾ ਦੀ ਭੇਟ ਕਰਨ ਲਈ ਇਕ ਦਮੜੀ ਦਿੱਤੀ, ਜੋ ਗੰਗਾ ਮਾਈ ਨੇ ਹੱਥ ਕੱਢ ਕੇ ਸਵੀਕਾਰ ਕੀਤੀ। ਚਿਤੌੜ ਦੀ ਰਾਣੀ ਝਾਲੀ ਉਹਨਾਂ ਦੀ ਪ੍ਰਮੁੱਖ ਸ਼ਿਸ਼ਯਾ ਸੀ। ਉਹਨਾਂ ਦਾ ਨਾਮ 'ਰੈਦਾਸ' ਭੀ ਲਿਖਿਆ ਜਾਂਦਾ ਹੈ, ਪਰ ਖੋਜਬੀਨ ਕੀਤਿਆਂ ਇਹ ਪਤਾ ਚਲਦਾ ਹੈ ਕਿ ਇਹ ਜਾਤਿ-ਅਭਿਮਾਨੀਆਂ ਦੁਆਰਾ ਵਿਗਾੜ ਕੇ ਰੱਖਿਆ ਨਾਮ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੇ 40 ਸ਼ਬਦ ਹਨ।

## ਭਗਤ ਪੀਪਾ ਜੀ

ਪੀਪਾ ਭਗਤ ਨੂੰ ਵੀ ਸੁਆਮੀ ਰਾਮਾਨੰਦ ਦੇ ਪ੍ਰਮੁੱਖ ਚੇਲਿਆਂ ਵਿਚ ਗਿਣਿਆ ਜਾਂਦਾ ਹੈ। ਇਹਨਾਂ ਦਾ ਜਨਮ ਸੰਮਤ

1483 (1426 ਈ.) ਦੱਸਿਆ ਜਾਂਦਾ ਹੈ। ਮੇਵਾੜ ਦੇ ਇਤਿਹਾਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਪੀਪਾ ਜੀ ਰਾਣਾ ਕੁੰਭਾ ਦੇ ਸਮਕਾਲੀ ਗਗਰੌਨ ਗੜ੍ਹ ਦੇ ਚੌਹਾਨ ਰਾਜਾ ਸਨ। ਕੰਨਿਘਮ ਇਹਨਾਂ ਨੂੰ ਜੈਤਪਾਲ ਦੀ ਚੌਥੀ ਪੀੜ੍ਹੀ ਨਾਲ ਸੰਬੰਧਿਤ ਕਰਦਾ ਹੈ। ਆਪ ਜੀ ਪਹਿਲਾਂ ਦੁਰਗਾ ਭਗਤ ਸਨ, ਫਿਰ ਇਕ ਵੈਸ਼ਨਵ ਸਾਧੂ ਦੀ ਸੰਗਤ ਸਦਕਾ ਵੈਸ਼ਨਵ ਮੱਤ ਵਿਚ ਆ ਗਏ। ਇਹਨਾਂ ਨੇ ਰਾਜ ਭਾਗ ਦਾ ਮੋਹ ਤਿਆਗ ਕੇ ਆਪਣੀ ਇਸਤ੍ਰੀ ਸੀਤਾ ਸਮੇਤ ਦੇਸਾਟਨ ਕਰਕੇ ਜੀਵਨ ਬਿਤਾਇਆ। ਦੁਆਰਕਾ ਵਿਚ ਉਹਨਾਂ ਦੀ ਯਾਦਗਾਰ 'ਪੀਪਾ ਵਟ' ਕਰਕੇ ਪ੍ਰਸਿੱਧ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੇਵਲ ਧਨਾਸਰੀ ਰਾਗ ਵਿਚ ਉਹਨਾਂ ਦਾ ਇਕ ਸ਼ਬਦ ਮਿਲਦਾ ਹੈ।

## ਭਗਤ ਸੈਣ

ਜਾਤਿ ਦੇ ਨਾਈ ਭਗਤ ਸੈਣ ਜੀ ਦਾ ਜੀਵਨ ਕਾਲ 1390 ਤੋਂ 1440 ਈ. ਵਿਚਕਾਰ ਨਿਸ਼ਚਿਤ ਕੀਤਾ ਜਾਂਦਾ ਹੈ। ਸੈਣ ਜੀ ਬਾਧਵਗੜ੍ਹ (ਰੀਵਾ) ਦੇ ਰਾਜਾ, ਰਾਜਾ ਰਾਮ ਦੀ ਸੇਵਾ ਕਰਦੇ ਸਨ। ਭਾਈ ਗੁਰਦਾਸ ਜੀ ਆਪ ਨੂੰ ਗੋਸਾਈਂ ਰਾਮਾਨੰਦ ਦਾ ਸ਼ਿਸ਼ ਕਹਿੰਦੇ ਹਨ। ਗੁਰੂ ਅਰਜਨ ਦੇਵ ਜੀ ਅਤੇ ਭਗਤ ਰਵਿਦਾਸ ਜੀ ਨੇ ਇਹਨਾਂ ਦੀ ਗਿਣਤੀ ਪ੍ਰਸਿੱਧ ਭਗਤਾਂ ਵਿਚ ਕੀਤੀ ਹੈ। ਇਕ ਰਿਵਾਇਤ ਹੈ ਕਿ ਸੈਣ ਜੀ ਇਕ ਦਿਨ ਕੀਰਤਨ ਵਿਚ ਇਤਨੇ ਮਗਨ ਰਹੇ ਕਿ ਰਾਜੇ ਦੀ ਸੇਵਾ ਵਿਚ ਹਾਜ਼ਰ ਨਾ ਹੋ ਸਕੇ। ਦੂਸਰੇ ਦਿਨ ਉਹ ਰਾਜਾ ਤੋਂ ਖਿਮਾਂ ਯਾਚਨਾ ਕਰਨ ਲਈ ਗਏ ਤਾਂ ਰਾਜੇ ਨੇ ਕਿਹਾ ਕਿ ਉਹ ਤਾਂ ਪੂਰੀ ਰਾਤ ਰੋਜ਼ ਵਾਂਗ ਸੇਵਾ ਕਰਦੇ ਰਹੇ ਸੀ। ਭਗਤ ਜੀ ਦੀ ਸ਼ਰਧਾ-ਭਗਤੀ ਵੇਖਕੇ ਰਾਜੇ ਦਾ ਪੂਰਾ ਪਰਿਵਾਰ ਸੈਣ ਜੀ ਦਾ ਸ਼ਰਧਾਲੂ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਨਾਸਰੀ ਰਾਗ ਵਿਚ ਆਪ ਦਾ ਇਕ ਸ਼ਬਦ ਪ੍ਰਭੂ ਦੀ ਸੱਚੀ ਆਰਤੀ ਦੇ ਸਬੰਧ ਵਿਚ ਆਇਆ ਹੈ।

## ਭਗਤ ਧੰਨਾ ਜੀ

ਧੰਨਾ ਜੀ ਰਾਜਸਥਾਨ ਦੇ ਟਾਕ ਇਲਾਕੇ ਵਿਚ ਧੁਆਨ ਨਗਰ ਦੇ ਜੱਟ ਪਰਿਵਾਰ ਵਿਚ 1416 ਈ. ਨੂੰ ਜਨਮੇ। ਬਚਪਨ ਤੋਂ ਹੀ ਧੰਨਾ ਜੀ ਸਿੱਧੇ ਸਾਦੇ ਅਤੇ ਸਿਦਕੀ ਸੁਭਾਅ ਦੇ ਸਨ। ਇਕ ਰਿਵਾਇਤ ਅਨੁਸਾਰ ਉਹਨਾਂ ਦਾ ਗੁਆਂਢੀ ਬ੍ਰਾਹਮਣ ਨਿੱਤ ਠਾਕੁਰਾਂ ਦੀ ਪੂਜਾ ਕਰਦਾ ਸੀ, ਤਾਂ ਉਹਨਾਂ ਦੇ ਮਨ ਵਿਚ ਭੀ ਚਾਅ ਉਤਪੰਨ ਹੋਇਆ ਕਿ ਉਹ ਭੀ ਠਾਕੁਰ ਦੀ ਪੂਜਾ ਕਰਨ ਪ੍ਰੰਤੂ ਬ੍ਰਾਹਮਣ ਨੇ ਕਿਹਾ ਕਿ ਕਿਸੇ ਜੱਟ ਸੁਭਾਅ ਵਾਲੇ ਸਿੱਦੇ ਸਾਦੇ ਅਨਪੜ੍ਹ ਅਤੇ ਕਿਰਸਾਨੀ ਦਾ ਕਿੱਤਾ ਕਰਨ ਵਾਲੇ ਲਈ ਠਾਕੁਰ ਪੂਜਾ ਕਰ ਸਕਣ ਅਸੰਭਵ ਹੈ। ਪਰ ਧੰਨੇ ਦਾ ਅਟੁੱਟ ਵਿਸ਼ਵਾਸ ਅਤੇ ਅਥਾਹ ਸ਼ਰਧਾ ਦੇਖਕੇ ਪਰਮਾਤਮਾ ਨੇ ਉਸਨੂੰ ਪ੍ਰਤੱਖ ਦਰਸ਼ਨ ਦਿੱਤੇ। ਗੁਰੂ ਅਰਜਨ ਦੇਵ ਜੀ ਨੇ ਦਸਿਆ ਕਿ ਛੋਟੀਆਂ ਜਾਤਾਂ ਵਿਚੋਂ ਉੱਠਣ ਵਾਲੇ ਭਗਤਾਂ ਦੇ ਉਤਸ਼ਾਹੀ ਜੀਵਨ ਦੀ ਜਾਣਕਾਰੀ ਪ੍ਰਾਪਤ ਕਰਕੇ ਧੰਨਾ ਨਿਰਗੁਣ ਪ੍ਰਭੂ ਦੀ ਉਸਤਤਿ ਕਰਦਿਆਂ ਪਰਮਪਦ ਨੂੰ ਪ੍ਰਾਪਤ ਹੋਇਆ। ਇਹਨਾਂ ਨੂੰ ਰਾਮਾਨੰਦ ਜੀ ਦਾ ਸ਼ਿਸ਼ਤਵ ਮਿਲਿਆ ਮੰਨਿਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਧੰਨਾ ਦੇ ਤਿੰਨ ਸ਼ਬਦ ਹਨ।

## ਭਗਤ ਭੀਖਨ ਜੀ

ਸ਼ੇਖ ਭੀਖਨ ਲਖਨਊ ਦੇ ਕਾਕੋਰੀ ਨਗਰ ਦਾ ਰਹਿਣ ਵਾਲਾ ਇਕ ਗਿਆਨਵਾਨ ਸੂਫ਼ੀ ਫ਼ਕੀਰ ਸੀ। ਵਿਦਵਾਨਾਂ ਨੇ ਉਹਨਾਂ ਦਾ ਜੀਵਨ ਕਾਲ 1480 ਤੋਂ 1573 ਈ. ਤੱਕ ਮੰਨਿਆ ਹੈ। ਭੀਖਨ ਜੀ ਇਕ ਗ੍ਰਹਿਸਥੀ ਫ਼ਕੀਰ ਸਨ ਅਤੇ ਬਹੁਤ ਹੀ ਪਵਿੱਤ੍ਰ ਜੀਵਨ ਦੇ ਧਾਰਨੀ ਸਨ। ਪਰਮਾਤਮਾ ਦੇ ਸੱਚੇ ਉਪਾਸ਼ਕ ਹੋਣ ਦੇ ਨਾਲ-ਨਾਲ ਉਹ ਵਿਦਵਤਾ ਵਿਚ ਭੀ ਪ੍ਰਬੀਨ ਸਨ।

ਭੀਖਨ ਜੀ ਨੇ ਸ਼ਰੀਅਤ, ਤਰੀਕਤ ਦੇ ਸੂਫ਼ੀ ਮਸਲਿਆਂ ਦਾ ਮਰਮ ਜਾਣਨ ਲਈ ਸੱਯਦ ਮੀਰ ਇਬਰਾਹੀਮ ਤੋਂ ਧਾਰਮਿਕ ਰਹਿਨੁਮਾਈ ਪ੍ਰਾਪਤ ਕੀਤੀ। ਸਾਰੇ ਉੱਤਰੀ ਭਾਰਤ ਵਿਚ ਉਸ ਸਮੇਂ ਭਗਤੀ ਲਹਿਰ ਦਾ ਗਹਿਰਾ ਪ੍ਰਭਾਵ ਹੋਣ ਕਰਕੇ

ਭੀਖਣ ਜੀ ਉਤੇ ਭੀ ਇਸ ਦਾ ਅਨੁਕੂਲ ਅਸਰ ਹੋਇਆ।

ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੋਰਠਿ ਅਧੀਨ ਉਹਨਾਂ ਦੇ ਦੋ ਸ਼ਬਦ ਸੰਕਲਿਤ ਹਨ। ਇਹਨਾਂ ਸ਼ਬਦਾਂ ਵਿਚ ਪਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਸਾਰੇ ਰੋਗਾਂ ਦਾ ਦਾਰੂ ਅਤੇ ਜੀਵਨ ਦਾ ਅਸਲ ਆਸਰਾ ਕਿਹਾ ਗਿਆ ਹੈ। ਇਹਨਾਂ ਸ਼ਬਦਾਂ ਵਿਚੋਂ ਸੂਫ਼ੀ ਰੰਗਤ ਨਹੀਂ ਬਲਕਿ ਭਗਤੀ ਮੱਤ ਦੀ ਝਲਕ ਪੈਂਦੀ ਹੈ।

## ਭਗਤ ਪਰਮਾਨੰਦ ਜੀ

ਭਗਤ ਪਰਮਾਨੰਦ ਦੀ ਪਹਿਚਾਣ ਬਾਰੇ ਨਿਰਣਾ ਕਰਨਾ ਕਠਿਨ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਪਰਮਾਨੰਦ ਦਾਸ (ਜਨਮ 1483 ਈ.) ਕਾਨਕੁਬਜ ਬਾਰਸੀ ਬ੍ਰਾਹਮਣ ਸਨ ਅਤੇ ਕਨੌਜ ਦੇ ਰਹਿਣ ਵਾਲੇ ਸਨ ਪਰ ਕਈ ਵਿਦਵਾਨ ਪਰਮਾਨੰਦ ਨੂੰ ਜ਼ਿਲ੍ਹਾ ਸ਼ੋਲਾਪੁਰ (ਮਹਾਂਰਾਸ਼ਟਰ) ਦਾ ਨਿਵਾਸੀ ਦਸਦੇ ਹਨ। ਕਨੌਜ ਨਿਵਾਸੀ ਪਰਮਾਨੰਦ ਨੇ ਸੁਆਮੀ ਵੱਲਭਾਚਾਰਯ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਪੁੱਜੇ ਹੋਏ ਵੈਸ਼ਨਵ ਭਗਤ ਹੋਣ ਦੇ ਨਾਲ ਹੀ ਉਹ ਬ੍ਰਜਭਾਸ਼ਾ ਦੇ ਪ੍ਰਸਿੱਧ ਕਵੀ ਭੀ ਹੋਏ। ਉਹਨਾਂ ਦੇ ਪਦੇ 'ਪਰਮਾਨੰਦ ਸਾਗਰ' ਨਾਮੀ ਗ੍ਰੰਥ ਵਿਚ ਸੰਕਲਿਤ ਹਨ। ਹੋ ਸਕਦਾ ਹੈ ਕਿ ਇਹੋ ਕ੍ਰਿਸ਼ਨ ਉਪਾਸ਼ਕ ਪਰਮਾਨੰਦ ਹੋਰ ਕਈ ਸਰਗੁਣ ਉਪਾਸ਼ਕਾਂ ਵਾਂਗ ਲੰਬੀ ਸਾਧਨਾਂ ਅਤੇ ਆਤਮਿਕ ਵਿਕਾਸ ਪਿਛੋਂ ਨਿਰਗੁਣ ਭਗਤੀ ਦੇ ਮਾਧਿਅਮ ਨਾਲ ਪਰਮ ਸੱਤਾ ਵਿਚ ਅਭੇਦ ਹੋਇਆ ਹੋਵੇ।

ਗੁਰੂ ਗ੍ਰੰਥ ਸਾਹਿਬ ਵਿਚ ਪਰਮਾਨੰਦ ਜੀ ਦਾ ਰਾਗ ਸਾਰੰਗ ਵਿਚ ਇਕ ਸ਼ਬਦ ਹੈ।

## ਭਗਤ ਸੂਰਦਾਸ ਜੀ

ਸੂਰਦਾਸ ਨਾਮ ਦੇ ਕਈ ਕਵੀ ਹੋਏ ਹਨ, ਪਰ ਸਭ ਤੋਂ ਪ੍ਰਸਿੱਧ ਕ੍ਰਿਸ਼ਨ ਭਗਤ ਕਵੀ ਸੂਰਦਾਸ (1478-1585 ਈ.) ਹਨ। ਉਹਨਾਂ ਦਾ ਗ੍ਰੰਥ 'ਸੂਰ ਸਾਗਰ' ਕ੍ਰਿਸ਼ਨ ਭਗਤੀ ਦਾ ਇਕ ਅਨਮੋਲ ਗ੍ਰੰਥ ਹੈ। ਪਰ ਇਸ ਤੋਂ ਵੱਖਰੇ ਇਕ ਹੋਰ ਸੂਰਦਾਸ ਜੀ ਹੋਏ ਹਨ। ਇਹਨਾਂ ਦਾ ਜਨਮ 1529 ਈ. ਵਿਚ ਬ੍ਰਾਹਮਣ ਪਰਿਵਾਰ ਵਿਚ ਹੋਇਆ ਅਤੇ ਪਹਿਲਾਂ ਇਨ੍ਹਾਂ ਦਾ ਨਾਮ ਮਦਨ ਮੋਹਨ ਸੀ, ਪਰ ਮਗਰੋਂ ਸੂਰਦਾਸ ਨਾਮ ਨਾਲ ਪ੍ਰਸਿੱਧ ਹੋਏ। ਅਕਬਰ ਨੇ ਇਹਨਾਂ ਨੂੰ ਅਵਧ ਦੇ ਇਲਾਕੇ ਵਿਚ ਸੰਦੀਲਾ ਦਾ ਹਾਕਮ ਥਾਪਿਆ ਅਤੇ ਉਹ ਮਾਮਲਾ ਉਗਰਾਹ ਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਂਦੇ ਸਨ। ਸੰਤ-ਸੁਭਾਅ ਅਤੇ ਦਾਨੀ ਬਿਰਤੀ ਹੋਣ ਕਰਕੇ ਉਹ ਲੇਖੇ-ਜੋਖੇ ਦੀ ਬਹੁਤੀ ਪ੍ਰਵਾਹ ਨਹੀਂ ਸੀ ਕਰਦੇ। ਬਾਦਸ਼ਾਹ ਕੋਲ ਇਸ ਲਾਪਰਵਾਹੀ ਦੀ ਸ਼ਿਕਾਇਤ ਹੋਈ ਤਾਂ ਕੰਮਕਾਰ ਛੱਡ ਗਏ। ਬਾਦਸ਼ਾਹ ਨੂੰ ਜਦੋਂ ਉਹਨਾਂ ਦੀ ਦਾਨਵੀਰਤਾ, ਈਮਾਨਦਾਰੀ ਅਤੇ ਸਾਧੂ-ਸੁਭਾਅ ਦਾ ਪਤਾ ਲੱਗਿਆ ਤਾਂ ਵਾਪਿਸ ਨੌਕਰੀ ਤੇ ਬੁਲਾਇਆ, ਪਰ ਰੱਬੀ ਰੰਗ ਵਿਚ ਇਕਮਿਕ ਹੋਏ ਸੂਰਦਾਸ ਮੁੜ ਰਾਜਸੀ ਸੇਵਾ ਵਿਚ ਨਾ ਗਏ। ਬਹੁਤੇ ਸਿੱਖ ਵਿਦਵਾਨਾਂ ਦੀ ਮਾਨਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਰਾਗ ਸਾਰੰਗ ਵਿਚ ਇਸੇ ਮਦਨ ਮੋਹਨ ਦੀ ਇਕ ਤੁਕ ਆਈ ਹੈ। ਸ਼ਾਇਦ ਪ੍ਰਸਿੱਧ ਸੂਰਦਾਸ ਦੀ ਕ੍ਰਿਸ਼ਨ-ਭਗਤੀ ਨੂੰ ਦੇਖਕੇ ਇਹ ਰਾਇ ਕਾਇਮ ਕੀਤੀ ਗਈ ਹੈ, ਪਰ ਜੇ ਇਹ ਤੁਕ ਕਿਸੇ ਨਿਰਗੁਣਵਾਦੀ ਦੀ ਗੁਰੂ ਆਸ਼ੇ ਅਨੁਸਾਰ ਹੁੰਦੀ ਤਾਂ ਫਿਰ ਪੂਰਾ ਸ਼ਬਦ ਦਰਜ ਕਰਨ ਵਿਚ ਕੀ ਆਪੱਤੀ ਹੋ ਸਕਦੀ ਹੈ। ਦੂਜੇ ਇਹ ਕਿ ਜੈਦੇਵ ਵਾਂਗ ਕਈ ਹੋਰ ਕ੍ਰਿਸ਼ਨ-ਭਗਤਾਂ ਦੇ ਗੁਰਮਤਿ ਅਨੁਕੂਲ ਨਿਰਗੁਣ ਭਗਤੀ ਵਾਲੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਏ ਗਏ ਹਨ। ਸੂਰਦਾਸ ਦੇ ਸੰਬੰਧ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਵਿਚ 'ਸ਼ਿਆਮ ਸੁੰਦਰ ਤਜਿ ਆਨ ਜੁ ਚਾਹਤ' ਵਿਚ 'ਸ਼ਿਆਮ ਸੁੰਦਰ' ਨੂੰ ਦੇਖਕੇ ਅਤੇ ਇਹ ਧਿਆਨ ਵਿਚ ਰੱਖਕੇ ਕਿ ਜੇ ਕਿਸੇ ਭਗਤ ਦੀ ਵਿਚਾਰਧਾਰਾ ਨਾਲ ਅਸਹਿਮਤ ਹੋ ਕੇ ਸਿਰਫ ਉਸ ਦੀ ਪ੍ਰਤਿਸ਼ਠਾ ਅਥਵਾ ਸ਼ਰਧਾ ਨੂੰ ਸਨਮਾਨ ਦਿੱਤਾ ਜਾ ਸਕਦਾ ਸੀ ਤਾਂ ਉਹ ਸੂਰਦਾਸ ਕੇਵਲ 'ਸੂਰ ਸਾਗਰ' ਦਾ ਕਰਤਾ ਹੀ ਹੋ ਸਕਦਾ ਸੀ।

## (ੲ) ਗੁਰੂ ਪਾਤਸ਼ਾਹਾਂ ਦੇ ਨਿਕਟਵਰਤੀ ਸਿੱਖ, ਕੀਰਤਨਕਾਰ, ਭੱਟ ਅਤੇ ਹੋਰ ਮਹਾਨ ਪੁਰਸ਼

## ਭਾਈ ਮਰਦਾਨਾ ਜੀ

ਭਾਈ ਮਰਦਾਨੇ ਜੀ ਦਾ ਜਨਮ ਭਾਈ ਬਾਦਰੇ ਦੇ ਘਰ ਮਾਤਾ ਲੱਖੋ ਦੇ ਉਦਰ ਤੋਂ 1459 ਈ. ਵਿਚ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਤਲਵੰਡੀ ਜ਼ਿਲਾ ਸ਼ੇਖੂਪੁਰਾ ਵਿਚ ਹੋਇਆ। ਜਾਤਿ ਦਾ ਮਰਾਸੀ ਹੋਣ ਕਰਕੇ ਉਹ ਗਾਇਨ ਅਤੇ ਵਾਦਨ ਕਲਾ ਵਿਚ ਪ੍ਰਵੀਨ ਸੀ ਅਤੇ ਗੁਰੂ ਨਾਨਕ ਦੇਵ ਜੀ ਨਾਲ ਬਚਪਨ ਤੋਂ ਹੀ ਉਸਦਾ ਸਨੇਹ ਸੀ। ਵੇਈਂ ਪ੍ਰਵੇਸ਼ ਮਗਰੋਂ ਦੈਵੀ ਕਾਰਜ ਦੀ ਪੂਰਨਤਾ ਲਈ ਗੁਰੂ ਸਾਹਿਬ ਜਦੋਂ ਪ੍ਰਚਾਰ ਦੌਰਿਆਂ ਲਈ ਤਿਆਰ ਹੋਏ ਤਾਂ ਉਹਨਾਂ

ਨੇ ਭਾਈ ਮਰਦਾਨੇ ਨੂੰ ਵਿਸ਼ੇਸ਼ ਤੌਰ ਤੇ ਆਮੰਤ੍ਰਿਤ ਕਰਕੇ ਤਲਵੰਡੀ ਤੋਂ ਸੱਦਿਆ। ਸਾਰੀਆਂ ਵੱਡੀਆਂ ਉਦਾਸੀਆਂ ਵਿਚ ਮਰਦਾਨਾ ਗੁਰੂ ਸਾਹਿਬ ਦੇ ਨਾਲ ਰਿਹਾ। ਚੌਥੀ ਉਦਾਸੀ ਤੋਂ ਵਾਪਸ ਪਰਤਦਿਆਂ ਮਰਦਾਨੇ ਦਾ ਦੇਹਾਂਤ 1534 ਈ. (13 ਮੱਘਰ ਸੰਮਤ 1591) ਨੂੰ ਅਫਗਾਨਿਸਤਾਨ ਵਿਚ ਕੁੱਰਮ ਦਰਿਆ ਦੇ ਕਿਨਾਰੇ ਕੁਰੱਮ ਨਗਰ ਵਿਚ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦਾ ਅੰਤਿਮ ਸੰਸਕਾਰ ਆਪਣੇ ਹੱਥੀਂ ਕੀਤਾ। ਰਬਾਬ ਵਜਾਉਣ ਕਰਕੇ ਭਾਈ ਮਰਦਾਨੇ ਨੂੰ ਰਬਾਬੀ ਦੀ ਉਪਾਧੀ ਦਿੱਤੀ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਿਹਾਗੜਾ ਰਾਗ ਦੀ ਵਾਰ ਵਿਚ ਮਰਦਾਨੇ ਦੇ ਨਾਮ ਤੇ ਤਿੰਨ ਸਲੋਕ ਦਰਜ ਹਨ।

## ਰਾਇ ਬਲਵੰਡ ਅਤੇ ਸੱਤਾ ਡੂਮ

ਰਾਇ ਬਲਵੰਡ ਅਤੇ ਸੱਤਾ ਦੋ ਡੂਮ ਰਬਾਬੀ ਸਨ ਜੋ ਗੁਰ-ਦਰਬਾਰ ਵਿਚ ਮਿਲਕੇ ਕੀਰਤਨ ਕਰਿਆ ਕਰਦੇ ਸਨ। ਕੀਰਤਨ ਕਰਨ ਕਰਕੇ ਉਹਨਾਂ ਦਾ ਸੰਗਤਾਂ ਵਿਚ ਅਤੇ ਗੁਰੂ ਸਾਹਿਬ ਦੇ ਮਨ ਵਿਚ ਸਤਿਕਾਰ ਸੀ। ਸਿੱਖ ਇਤਿਹਾਸ ਅਨੁਸਾਰ ਇਕ ਵੇਰ ਸੱਤੇ ਦੀ ਲੜਕੀ ਦੀ ਸ਼ਾਦੀ ਲਈ ਇਹਨਾਂ ਗੁਰੂ ਸਾਹਿਬ ਪਾਸੋਂ ਮਾਇਆ ਮੰਗੀ। ਗੁਰੂ ਜੀ ਵਲੋਂ ਦਿੱਤੀ ਮਾਇਆ ਤੋਂ ਉਹ ਸੰਤੁਸ਼ਟ ਨਾ ਹੋਏ ਤਾਂ ਉਹਨਾਂ ਗੁਰੂ ਪਾਤਸ਼ਾਹਾਂ ਲਈ ਨਿਰਾਦਰੀ ਭਰੇ ਸ਼ਬਦ ਕਹੇ ਅਤੇ ਗੁਰੂ ਦੋਖੀਆਂ ਨਾਲ ਮਿਲਕੇ ਸਿੱਖ ਧਰਮ ਵਿਰੁੱਧ ਗਤੀਵਿਧੀਆਂ ਵਿਚ ਕ੍ਰਿਆਸ਼ੀਲ ਹੋ ਗਏ। ਪਰ ਗੁਰੂ-ਨਿੰਦਾ ਕਾਰਨ ਇਹ ਰਬਾਬੀ ਫੋਟੇ ਦੀ ਬਿਮਾਰੀ ਦਾ ਸ਼ਿਕਾਰ ਹੋ ਗਏ। ਲਾਹੌਰ ਨਿਵਾਸੀ ਭਾਈ ਲੱਧੇ ਨੇ ਇਹਨਾਂ ਦਾ ਦੋਖ ਗੁਰੂ ਤੋਂ ਬਖਸ਼ਾਇਆ ਤਾਂ ਇਹਨਾਂ ਗੁਰੂ-ਉਸਤਤਿ ਹਿੱਤ ਰਾਮਕਲੀ ਰਾਗ ਵਿਚ ਵਾਰ ਉਚਾਰਣ ਕੀਤੀ। ਇਸ ਵਾਰ ਵਿਚ ਗੁਰੂ-ਜੋਤਿ ਦੀ ਏਕਤਾ ਉਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਗੁਰੂ ਦੀ ਸਮੱਰਥਾ ਉਜਾਗਰ ਕਰਦਿਆਂ ਗੁਰੂ ਨਿੰਦਕਾਂ ਨੂੰ ਇਸ ਦੁਸ਼ਕਰਮ ਵਿਰੁੱਧ ਚਿਤਾਵਨੀ ਦਿੱਤੀ ਹੈ। ਇਸ ਵਾਰ ਨੂੰ ਟਿੱਕੇ ਦੀ ਵਾਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਗੁਰਿਆਈ ਦਾ ਤਿਲਕ ਦੇਣ ਸਮੇਂ ਗਾਈ ਜਾਂਦੀ ਰਹੀ ਹੈ।

ਕਈ ਵਿਦਵਾਨਾਂ ਨੇ ਬਲਵੰਡ ਅਤੇ ਸੱਤੇ ਨੂੰ ਗੁਰੂ ਅੰਗਦ ਸਾਹਿਬ ਦੇ ਕੀਰਤਨੀਏ ਕਿਹਾ ਹੈ, ਪਰ ਆਮ ਵਿਚਾਰ ਇਹ ਹੈ ਕਿ ਉਪਰੋਕਤ ਘਟਨਾ ਗੁਰੂ ਅਰਜਨ ਦੇਵ ਜੀ ਦੇ ਗੁਰਿਆਈ ਕਾਲ ਵਿਚ ਹੋਈ ਹੈ।

## ਬਾਬਾ ਸੁੰਦਰ ਜੀ

ਬਾਬਾ ਸੁੰਦਰ ਜੀ ਭੱਲੇ ਖਾਨਦਾਨ ਵਿਚ ਗੁਰੂ ਅਮਰਦਾਸ ਜੀ ਦੇ ਪੜਪੋਤਰੇ ਸਨ। ਕਵੀ ਸੰਤੋਖ ਸਿੰਘ ਨੇ 'ਗੁਰ ਪ੍ਰਤਾਪ ਸੂਰਜ-ਗ੍ਰੰਥ' ਵਿਚ ਲਿਖਿਆ ਹੈ :

ਨੰਦਨ ਮੋਹਰੀ ਨਾਮ ਆਨੰਦ
ਤਿਹ ਨੰਦਨ ਸੁੰਦਰ ਮਤਿਵੰਦ ।।

ਭਾਵ ਗੁਰੂ ਅਮਰਦਾਸ ਜੀ ਦੇ ਸਪੁੱਤਰ ਮੋਹਰੀ ਜੀ ਦਾ ਲੜਕਾ ਸੁੰਦਰ ਜੀ ਦਾ ਪਿਤਾ ਸੀ।

ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ 'ਸੱਦ' ਨਾਂ ਦੀ 6 ਬੰਦਾਂ ਦੀ ਸੁੰਦਰ ਜੀ ਦੀ ਇਕ ਰਚਨਾ ਮਿਲਦੀ ਹੈ। ਇਸ ਵਿਚ ਗੁਰੂ ਅਮਰਦਾਸ ਜੀ ਦੀ ਅੰਤਿਮ ਸਿੱਖਿਆ ਅੰਕਿਤ ਕਰਕੇ ਸੰਸਾਰ ਦੀ ਨਾਸ਼ਮਾਨਤਾ, ਭਾਣੇ ਵਿਚ ਰਾਜ਼ੀ ਰਹਿ ਕੇ ਭਜਨ ਕੀਰਤਨ ਕਰਨ ਅਤੇ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਤਿਲਕ ਦਾ ਵਰਣਨ ਕੀਤਾ ਗਿਆ ਹੈ।

## ਭੱਟ ਕਲਸਹਾਰ

ਭੱਟ ਕਲਸਹਾਰ ਨੂੰ ਭੱਟਾਂ ਦੇ ਉਸ ਜੱਥੇ ਦਾ ਮੁੱਖੀ ਕਿਹਾ ਜਾਂਦਾ ਹੈ, ਜਿਸਨੇ ਪੰਜ ਗੁਰੂ ਪਾਤਸ਼ਾਹਾਂ ਦੀ ਉਸਤਤਿ ਵਿਚ ਸਵੱਈਏ ਉਚਾਰਣ ਕੀਤੇ। ਕਲਸਹਾਰ ਦੇ ਹੀ ਹੋਰ ਨਾਮ 'ਕਲ' ਅਤੇ 'ਟਲ' ਭੀ ਸਵੱਈਆਂ ਵਿਚ ਆਏ ਹਨ। ਕਲਸਹਾਰ ਨੇ ਪਹਿਲੇ ਪੰਜ ਗੁਰੂ ਪਾਤਸ਼ਾਹਾਂ ਦੀ ਉਸਤਤਿ ਵਿਚ ਸਵੱਈਆਂ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਵਿਚ ਰਾਜ-ਯੋਗੀ ਦਾ ਵਿਸ਼ੇਸ਼ ਗੁਣ ਦੇਖਿਆ ਹੈ। ਉਹ ਗੁਰੂ ਨਾਨਕ ਜੋਤੀ ਨੂੰ ਸਦੀਵੀ ਮੰਨਦਾ ਹੈ ਅਤੇ ਉਸ ਦੀ ਇਹ ਮਾਨਤਾ ਹੈ ਕਿ ਸੰਸਾਰ ਵਿਚ ਪ੍ਰਗਟ ਹੋਏ ਸਾਰੇ ਮਹਾਨ ਪੁਰਸ਼ ਇਸੇ ਗੁਰੂ ਜੋਤੀ ਤੋਂ ਪ੍ਰਕਾਸ਼ ਲੈ ਕੇ ਆਏ।

ਭੱਟ ਕਲਸਹਾਰ ਦੇ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 54 ਸਵੱਈਏ ਹਨ।

## ਭੱਟ ਜਾਲਪ

ਭੱਟ ਜਾਲਪ ਨੇ ਮਹਲੇ ਤੀਜੇ ਦੀ ਉਸਤਤਿ ਵਿਚ ਪੰਜ ਸਵੱਈਆਂ ਦੀ ਰਚਨਾ ਕੀਤੀ ਹੈ। ਆਪਣੇ ਸਵੱਈਆਂ ਵਿਚ ਉਸ ਨੇ ਇਹ ਉਜਾਗਰ ਕੀਤਾ ਹੈ ਕਿ ਨਾਮ ਸਿਮਰਨ ਦੁਆਰਾ ਗੁਰੂ ਅਮਰਦਾਸ ਜੀ ਨੇ ਗੁਰਤਾ ਗੱਦੀ ਪ੍ਰਾਪਤ ਕੀਤੀ।

## ਭੱਟ ਕੀਰਤ

ਭੱਟ 'ਕੀਰਤ' 'ਭੀਖੇ' ਦਾ ਪੁੱਤ੍ਰ ਸੀ। ਉਹ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੀ ਸੈਨਾ ਵਿਚ ਸ਼ਾਮਿਲ ਸੀ। ਭੱਟ ਕੀਰਤ ਮੁਗਲਾਂ ਨਾਲ ਹੋਈ ਗੁਰੂ ਸਾਹਿਬ ਦੀ ਪਹਿਲੀ ਲੜਾਈ ਵਿਚ ਸ਼ਹੀਦ ਹੋਇਆ।

ਭੱਟ ਕੀਰਤ ਨੇ ਮਹਲੇ ਤੀਜੇ ਅਤੇ ਚੌਥੇ ਦੀ ਉਸਤਤਿ ਵਿਚ ਚਾਰ-ਚਾਰ ਸਵੱਈਆਂ ਦੀ ਰਚਨਾ ਕੀਤੀ ਹੈ। ਉਸ ਦੇ ਵਿਚਾਰਾਂ ਅਨੁਸਾਰ ਨਿਰੰਕਾਰ ਜੋਤਿ ਸਰੂਪ ਹੋ ਕੇ ਆਪ ਗੁਰੂ ਨਾਨਕ ਰਾਹੀਂ ਸੰਸਾਰ ਵਿਚ ਪ੍ਰਗਟ ਹੋਇਆ ਹੈ ਅਤੇ ਸਿੱਖ ਸੰਗਤਾਂ ਦੇ ਮਾਰਗ-ਦਰਸ਼ਨ ਲਈ ਉਸ ਨੇ ਸ਼ਬਦ-ਦੀਪਕ ਨੂੰ ਪ੍ਰਕਾਸ਼ਮਾਨ ਕੀਤਾ ਹੈ। ਨਿਰੰਕਾਰ ਦੀ ਉਹੀ ਜੋਤਿ ਜੋ ਗੁਰੂ ਨਾਨਕ ਦੇਵ ਜੀ ਵਿਚ ਪ੍ਰਕਾਸ਼ਮਾਨ ਹੋਈ ਸੀ ਮਗਰੋਂ ਗੁਰੂ ਅੰਗਦ ਦੇਵ ਜੀ ਵਿਚ ਅਤੇ ਗੁਰੂ ਅਮਰਦਾਸ ਜੀ ਵਿਚ ਜੋਤਿ ਮਾਨ ਰਹੀ।

## ਭੱਟ ਭਿੱਖਾ

ਭਿੱਖੇ ਨੂੰ ਭੱਟਾਂ ਦਾ ਬਜ਼ੁਰਗ ਮੰਨਿਆ ਜਾਂਦਾ ਹੈ। ਵਿਦਵਾਨਾਂ ਦਾ ਇਹ ਵੀ ਕਹਿਣਾ ਹੈ ਕਿ ਉਹ ਸ਼ਾਇਦ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਗੋਇੰਦਵਾਲ ਹਾਜ਼ਰ ਹੋਇਆ ਹੋਵੇਗਾ ਕਿਉਂਕਿ ਉਸਨੇ ਕੇਵਲ ਤੀਜੀ ਪਾਤਸ਼ਾਹੀ ਦੀ ਸਿਫਤ ਵਿਚ ਤਿੰਨ ਸਵੱਈਏ ਉਚਾਰਨ ਕੀਤੇ ਹਨ। ਆਪਣੇ ਇਕ ਸਵੱਈਏ ਵਿਚ ਭਿੱਖਾ ਸਪਸ਼ਟ ਕਰਦਾ ਹੈ ਕਿ ਅਧਿਆਤਮਿਕ ਸੁਖ ਦੀ ਭਾਲ ਵਿਚ ਕੁਝ ਸਮਾਂ ਭਟਕਣ ਪਿਛੋਂ ਗੁਰੂ ਸ਼ਰਨ ਵਿਚ ਆਇਆ ਹਾਂ। ਇਸ ਸਵੱਈਏ ਵਿਚ ਉਸ ਨੇ ਗੁਰੂ ਪਾਤਸ਼ਾਹ ਅਮਰਦਾਸ ਜੀ ਦੇ ਦਰਸ਼ਨਾਂ ਦੀ ਗੱਲ ਕੀਤੀ ਹੈ। ਭੱਟਾਂ ਲਈ ਸਾਰੇ ਗੁਰੂ ਪਾਤਸ਼ਾਹ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਇਕ ਰੂਪ ਅਥਵਾ ਇਕ ਜੋਤ ਹਨ।

## ਭੱਟ ਸੱਲ੍ਹ

ਭੱਟ ਸੱਲ੍ਹ ਨੇ ਤੀਸਰੇ ਮਹਲੇ ਦੀ ਵਡਿਆਈ ਕਰਦਿਆਂ ਇਕ ਸਵੱਈਆ ਅਤੇ ਚੌਥੇ ਪਾਤਸ਼ਾਹ ਦੀ ਸਿਫਤ ਵਿਚ ਦੋ ਸਵੱਈਏ ਉਚਾਰਨ ਕੀਤੇ ਹਨ। ਸੱਲ੍ਹ ਕਹਿੰਦਾ ਹੈ ਕਿ ਸਤਿਗੁਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਿਵਾਰਣ ਦੇ ਸਮਰੱਥ ਹੈ ਕਿਉਂਕਿ ਇਹਨਾਂ ਅੰਧਕਾਰ ਦੇ ਦੂਤਾਂ ਉਤੇ ਸਤਿਗੁਰ ਨੇ ਪੂਰਾ ਨਿਯੰਤ੍ਰਣ ਪ੍ਰਾਪਤ ਕੀਤਾ ਹੈ।

## ਭੱਟ ਭਲਯ

ਭੱਟਾਂ ਦੇ ਸਵੱਈਆਂ ਵਿਚ ਇਹਨਾਂ ਦਾ ਕੇਵਲ ਇਕ ਸਵੱਈਆ ਗੁਰੂ ਅਮਰਦਾਸ ਜੀ ਦੀ ਸਿਫਤ ਵਿਚ ਉਚਾਰਣ ਕੀਤਾ ਹੋਇਆ ਹੈ। ਇਹਨਾਂ ਦਾ ਕਥਨ ਹੈ ਕਿ ਗੁਰੂ ਅਮਰਦਾਸ ਜੀ ਦੀ ਗੁਣ-ਭਰਪੂਰ ਸ਼ਖਸੀਅਤ ਦੀਆਂ ਵਡਿਆਈਆਂ ਅਸਗਾਹ ਹਨ। ਕਿਸੇ ਹੋਰ ਸੁਰ ਨਰ ਆਦਿ ਨੂੰ ਗੁਰੂ ਅਮਰਦਾਸ ਜੀ ਦੀ ਤੁਲਨਾ ਵਿਚ ਨਹੀਂ ਰੱਖਿਆ ਜਾ ਸਕਦਾ।

## ਭੱਟ ਨਲਯ

ਭਟ ਨਲਯ ਨੇ ਆਪਣੇ 16 ਸਵੱਈਆਂ ਵਿਚ ਗੁਰੂ ਰਾਮਦਾਸ ਜੀ ਦੇ ਵਿਅਕਤਿਤਵ ਨੂੰ ਸਲਾਹਿਆ ਹੈ। ਭੱਟ ਨਲਯ ਦੇ ਸਵੱਈਏ ਇਤਨੇ ਲੋਕਪ੍ਰਿਯ ਹਨ ਕਿ ਕਈ ਸਵੱਈਏ ਸਾਧਾਰਣ ਸਿੱਖਾਂ ਨੂੰ ਜ਼ੁਬਾਨੀ ਯਾਦ ਹਨ। ਉਸ ਦੇ ਸਵੱਈਏ, ਗੁਰੂ ਪ੍ਰਤੀ ਸ਼ਰਧਾ ਨਾਲ ਭਰਪੂਰ ਹਨ। ਭੱਟ ਨਲਯ ਕਹਿੰਦਾ ਹੈ ਕਿ ਗੁਰੂ ਛੂਹ ਕੱਚ ਤੋਂ ਕੰਚਨ, ਲੋਹੇ ਤੋਂ ਲਾਲ ਅਤੇ ਕਾਠ ਤੋਂ ਸਿਰੀ ਖੰਡ ਕਰਨ ਦੇ ਸਮਰਥ ਹੈ। ਇਕ ਹੋਰ ਸਵੱਈਏ ਵਿਚ ਪ੍ਰਹਿਲਾਦ, ਦਰੋਪਦੀ, ਸੁਦਾਮਾ, ਗਨਿਕਾ ਵਾਂਗ ਗੁਰੂ ਨੂੰ ਲਾਜ ਰੱਖਣ ਲਈ ਬੇਨਤੀ ਕੀਤੀ ਗਈ ਹੈ।

## ਭੱਟ ਗਯੰਦ

ਭੱਟ ਗਯੰਦ ਨੇ ਗੁਰੂ ਰਾਮਦਾਸ ਜੀ ਦੇ ਗੁਣ-ਗਾਇਨ ਕਰਦਿਆਂ 13 ਸਵੱਈਏ ਉਚਾਰਨ ਕੀਤੇ ਹਨ। ਇਹਨਾਂ

ਸਵੱਈਆਂ ਵਿਚ ਗੁਰੂ ਜੋਤਿ ਦੀ ਮਹਾਨਤਾ ਅਤੇ ਇਸ ਦੇ ਵੱਖ-ਵੱਖ ਸਰੀਰਾਂ ਵਿਚ ਪ੍ਰਵੇਸ਼ ਦੇ ਇਤਿਹਾਸ ਦਾ ਵਰਣਨ ਪ੍ਰਮੁੱਖ ਰੂਪ ਵਿਚ ਕੀਤਾ ਹੈ।

## ਭੱਟ ਮਥੁਰਾ

ਭੱਟ ਮਥੁਰਾ ਨੇ ਮਹਲੇ ਚੌਥੇ ਅਤੇ ਪੰਜਵੇਂ ਦੀ ਸਿਫ਼ਤ ਵਿਚ 7-7 ਸਵੱਈਆਂ ਦੀ ਰਚਨਾ ਕੀਤੀ ਹੈ। ਉਸ ਦੀ ਮਾਨਤਾ ਹੈ ਕਿ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਨਾਲ ਇਕ ਰੂਪ ਸਨ ਅਤੇ ਨਾਮ ਸਿਮਰਨ ਕਰਕੇ ਉਹ ਹਰਿ ਰੂਪ ਹੋ ਚੁੱਕੇ ਸਨ। ਹਰਿ ਗੁਰੂ-ਜੋਤਿ ਸਰੂਪ ਵਿਚ ਗੁਰੂ ਨਾਨਕ ਦੇ ਵਿਚ ਪ੍ਰਕਾਸ਼ਮਾਨ ਹੋਇਆ ਜਿਹੜਾ ਉਸਨੇ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਅਰਜਨ ਦੇਵ ਤੱਕ ਇਕ ਜੋਤਿ ਦੇ ਪ੍ਰਕਾਸ਼ ਹੋਣ ਨੂੰ ਸਵੀਕਾਰ ਕੀਤਾ ਹੈ।

## ਭੱਟ ਬਲਯ

ਇਹਨਾਂ ਨੇ ਆਪਣੇ ਪੰਜ ਸਵੱਈਆਂ ਵਿਚ ਗੁਰੂ ਰਾਮਦਾਸ ਜੀ ਦੀ ਮਹਿਮਾਂ ਉਜਾਗਰ ਕੀਤੀ ਹੈ। ਸਾਰੇ ਗੁਰੂ ਪਾਤਸ਼ਾਹਾਂ ਦੀ ਇਕਰੂਪਤਾ ਦਰਸਾਉਂਦਿਆਂ 'ਬਲਯ' ਕਹਿੰਦਾ ਹੈ ਕਿ ਜੋ ਜੀਵ ਗੁਰੂ ਸ਼ਰਣ ਵਿਚ ਆਉਂਦੇ ਹਨ ਉਹ ਕਾਮ, ਕ੍ਰੋਧ, ਦੁਖ, ਦਾਰਿਦ੍ਰ ਦੇ ਬੰਧਨ ਤੋਂ ਮੁਕਤ ਹੋ ਜਾਂਦੇ ਹਨ।

## ਭੱਟ ਹਰਿਬੰਸ

ਹਰਿਬੰਸ ਭੱਟ ਦੇ ਕੇਵਲ ਦੋ ਸਵੱਈਏ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਵਿਚ ਲਿਖੇ ਮਿਲਦੇ ਹਨ। ਇਹਨਾਂ ਸਵੱਈਆਂ ਵਿਚ ਹਰਿਬੰਸ ਜੀ ਕਹਿੰਦੇ ਹਨ ਕਿ ਗੁਰੂ ਜੀ ਪਰਮੇਸ਼ਰ ਦੀ ਆਗਿਆ ਅਨੁਸਾਰ ਇਹ ਸਰੀਰਕ ਜਾਮਾ ਉਤਾਰ ਕੇ ਪਾਰਬ੍ਰਹਮ ਦੇ ਦਰ ਤੇ ਗਏ ਹਨ। ਉਨ੍ਹਾਂ ਨੂੰ ਮ੍ਰਿਤ ਸਮਝਣਾ ਇਕ ਭਾਰੀ ਭੁੱਲ ਹੈ। ਜੋਤਿ ਜੋਤ ਸਮਾਉਣ ਸਮੇਂ ਗੁਰੂ ਰਾਮਦਾਸ ਜੀ ਨੇ ਗੁਰਿਆਈ ਦਾ ਛਤ੍ਰ ਗੁਰੂ ਅਰਜਨ ਦੇਵ ਜੀ ਦੇ ਸਿਰ ਤੇ ਝੁਲਾਇਆ ਹੈ।

ਗੁਰੂ ਅਰਜਨ ਦੇਵ ਜੀ ਨੇ ਉਕਤ ਸਾਰੇ ਭਗਤਾਂ, ਭੱਟਾਂ ਅਤੇ ਸੂਫ਼ੀਆਂ ਦੀ ਬਾਣੀ ਆਦਿ ਗ੍ਰੰਥ ਵਿਚ ਸ਼ਾਮਿਲ ਕਰਨ ਵੇਲੇ ਹਰ ਕਿਸਮ ਦੇ ਪ੍ਰਚੱਲਤ ਸਮਕਾਲੀ ਬੰਧਨਾਂ ਨੂੰ ਤੋੜ ਕੇ ਉਦਾਰਤਾ ਸਹਿਤ ਬਾਣੀ ਨੂੰ ਸਤਿਕਾਰ ਯੋਗ ਸਥਾਨ ਦਿੱਤਾ। ਕੇਵਲ ਯੋਗਤਾ ਨੂੰ ਮੁੱਖ ਆਧਾਰ ਮੰਨਿਆ ਗਿਆ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੁੱਲ ਮਾਨਵਜਾਤੀ ਲਈ ਕਲਿਆਣਕਾਰੀ ਹੈ। ਜੇ ਗੁਰੂ ਸਾਹਿਬਾਨ ਨੇ ਬ੍ਰਾਹਮਣੀ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਕੁੱਲ ਬ੍ਰਾਹਮਣ ਬੁਰੇ ਐਲਾਨੇ ਗਏ। ਭਗਤ ਰਾਮਾਨੰਦ ਜੀ ਦੀ ਬਾਣੀ ਸਤਿਕਾਰ ਨਾਲ ਦਰਜ ਕੀਤੀ ਹੈ ਜੋ ਬ੍ਰਾਹਮਣ ਸਨ। ਜਿਹਨਾਂ ਸ਼ੂਦਰ ਵਰਣ ਦੇ ਲੋਕਾਂ ਨੂੰ ਸਮਾਜ ਵਿਚ ਅਤਿ ਤੁੱਛ ਸਥਾਨ ਪ੍ਰਾਪਤ ਸੀ ਉਨ੍ਹਾਂ ਦੇ ਅਧਿਆਤਮਕ ਵਿਕਾਸ ਨੂੰ ਗੁਰੂ ਜੀ ਨੇ ਸਨਮਾਨਿਆ। ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਵਿਚ ਦਰਜ ਕੀਤਾ ਅਤੇ ਪੂਜਨੀਕ ਬਣਾ ਦਿੱਤਾ। ਸੱਤਾ ਤੇ ਬਲਵੰਡ, ਜੋ ਰੁੱਸ ਗਏ ਸਨ, ਸੱਚੇ ਦਿਲੋਂ ਪਸ਼ਚਾਤਾਪ ਕਰਕੇ ਗੁਰੂ ਘਰ ਪਰਤ ਆਏ ਤਾਂ ਨਾ ਕੇਵਲ ਉਹੋ ਪੁਰਾਣਾ ਪਿਆਰ ਮਿਲਿਆ ਸਗੋਂ ਉਨ੍ਹਾਂ ਦੀ ਬਾਣੀ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ।

## ਸਹਾਇਕ ਪੁਸਤਕਾਂ ਦੀ ਸੂਚੀ

1. ਗੁਰੂ ਗ੍ਰੰਥ ਰਤਨਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਕਵੀ ਸੰਤੋਖ ਸਿੰਘ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਡਾ. ਤਾਰਨ ਸਿੰਘ।
4. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ।
5. ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਗਿਆਨੀ ਗੁਰਦਿੱਤ ਸਿੰਘ।
6. ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, ਡਾ. ਧਰਮਪਾਲ ਮੈਨੀ।
7. ਵਾਰਾਂ ਭਾਈ ਗੁਰਦਾਸ।

ਪਾਠ ਨੰਬਰ : 1.3 ਲੇਖਕ : ਡਾ. ਸ਼ਮਸ਼ੇਰ ਸਿੰਘ

# ਜਪੁ ਬਾਣੀ ਦਾ ਸੰਕਲਪਿਕ ਅਧਿਐਨ – ਪੰਜ ਖੰਡ

## ਪਾਠ ਦਾ ਉਦੇਸ਼

ਜਪੁਜੀ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ (1469–1539) ਜੀ ਦੀ ਸਭ ਤੋਂ ਮਹੱਤਵਪੂਰਨ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਵੀ ਇਸ ਨੂੰ ਸਭ ਤੋਂ ਪਹਿਲਾਂ ਰਖਿਆ ਗਿਆ ਹੈ। ਅੰਮ੍ਰਿਤ ਸੰਚਾਰ ਅਤੇ ਨਿੱਤਨੇਮ ਦੀਆਂ ਬਾਣੀਆਂ ਵਿਚ ਵੀ ਇਸ ਰਚਨਾ ਨੂੰ ਪਹਿਲ ਦਿੱਤੀ ਗਈ ਹੈ। ਇਸ ਰਚਨਾ ਦਾ ਮੁੱਖ ਵਿਸ਼ਾ 'ਸਚਿਆਰਾ' (ਆਦਰਸ਼ ਮਨੁੱਖ) ਬਣਨਾ ਹੈ। ਗੁਰੂ ਜੀ ਵਲੋਂ ਇਹ ਰਚਨਾ ਬੜੇ ਗੰਭੀਰ ਚਿੰਤਨ ਉਪਰੰਤ ਉਚਾਰੀ ਗਈ ਲਗਦੀ ਹੈ। ਮਨੁੱਖੀ ਆਦਰਸ਼ ਨੂੰ ਪਹਿਲੀ ਪਉੜੀ ਵਿਚ ਹੀ ਪ੍ਰਸ਼ਨ ਰੂਪ ਵਿਚ ਵਰਣਨ ਕਰਨ ਉਪਰੰਤ ਉਸ ਦਾ ਉੱਤਰ ਵੀ ਨਾਲ ਹੀ ਦਿੱਤਾ ਗਿਆ ਹੈ :

ਅੰਮ੍ਰਿਤ ਵੇਲਾ ਸਚੁ ਨਾਉ।।
ਵਡਿਆਈ ਵੀਚਾਰ।। (ਪੰਨਾ ੨)

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ ਅਰਥਾਤ ਹੁਕਮ ਨੂੰ ਰਜ਼ਾ ਮੰਨਕੇ ਖਿੜੇ ਮੱਥੇ ਪਰਵਾਨ ਕਰਨਾ ਚਾਹੀਦਾ ਹੈ ਅਤੇ ਇਹ ਹੁਕਮ ਵਿਅਕਤੀ ਦੇ ਅੰਦਰ ਹੀ ਵਿਅਕਤੀ ਨੂੰ ਰਾਹ ਦਸਦਾ ਹੈ ਅਤੇ ਸਦੀਵੀ ਤੌਰ ਤੇ ਉਸਦੇ ਅੰਦਰ ਹੀ ਹੁੰਦਾ ਹੈ। ਇਸ ਰਚਨਾ ਨੂੰ ਆਤਮਿਕ ਕਲਿਆਣ ਦਾ ਸਭ ਤੋਂ ਵੱਡਾ ਸਾਧਨ ਮੰਨਿਆ ਗਿਆ ਹੈ। ਜਪੁਜੀ ਵਿਚ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਪੂਰਨ ਕਰਨ ਲਈ ਉਪਦੇਸ਼ ਦਿੱਤਾ ਗਿਆ ਹੈ। ਇਹ ਸਭ ਤੋਂ ਵੱਧ ਸੂਤਰਮਈ ਰਚਨਾ ਹੈ।

ਭਾਈ ਗੁਰਦਾਸ (1551–1629) ਅਨੁਸਾਰ ਗੁਰੂ ਨਾਨਕ ਜੀ ਨੇ ਕਰਤਾਰਪੁਰ ਵਿਖੇ ਧਰਮ ਕਰਮ ਦੀ ਰੀਤ ਬੰਨ੍ਹਣ ਲਈ ਅੰਮ੍ਰਿਤ ਵੇਲੇ ਜਪੁਜੀ, ਸ਼ਾਮੀ ਰਹਿਰਾਸ ਅਤੇ ਸੌਣ ਵੇਲੇ ਸੋਹਿਲੇ ਦੇ ਪਾਠ ਦੀ ਰੀਤ ਕਾਇਮ ਕੀਤੀ :

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਸੋਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਪੁ ਉਚਾਰਾ। (ਵਾਰ 1.38)

## ਪਾਠ ਦੀ ਰੂਪ ਰੇਖਾ

ਭੂਮਿਕਾ, ਆਕਾਰ, ਪਰਮ ਸਤਿ ਦਾ ਸਰੂਪ, ਜਗਤ ਦਾ ਸਰੂਪ, ਸਮਕਾਲੀ ਸਮਾਜਿਕ ਵਿਵਸਥਾ, ਆਦਰਸ਼ ਮਨੁੱਖ ਦਾ ਸਰੂਪ।

## ਭੂਮਿਕਾ

ਗੁਰਬਾਣੀ ਦਾ ਮੰਤਵ ਮਨੁੱਖ ਦਾ ਕਲਿਆਣ ਕਰਨਾ ਹੈ। ਜਪੁਜੀ ਅਨੁਸਾਰ 'ਸਚਿਆਰਾ' ਬਣਨਾ ਹੀ ਮਨੁੱਖੀ ਜੀਵਨ ਦਾ ਉਦੇਸ਼ ਹੈ। ਸੱਚ ਪ੍ਰਭੂ ਦਾ ਗੁਣ ਹੈ ਇਹ ਮਨੁੱਖ ਲਈ ਉਦੇਸ਼ ਵੀ ਹੈ, ਸਾਧਨ ਵੀ ਹੈ ਅਤੇ ਕੀਤੇ ਕਰਮਾਂ ਨੂੰ ਪਰਖਣ ਦੀ ਕਸਵੱਟੀ ਵੀ ਹੈ। ਸੱਚ ਤੋਂ ਸਚਿਆਰਤਾ ਵੱਲ ਇਕ ਆਤਮਕ ਵਿਕਾਸ ਹੈ। ਪ੍ਰਭੂ ਆਪ ਸਚਿਆਰ ਹੈ।

ਤੂ ਕਰਤਾ ਸਚਿਆਰ ਮੈਂਡਾ ਸਾਈਂ ।।

ਸੱਚ ਸਰੂਪ ਪ੍ਰਭੂ ਜਿਸ ਤੇ ਬਖਸ਼ਿਸ਼ ਕਰਦਾ ਹੈ ਉਸ ਨੂੰ ਸਚਿਆਰ ਬਣਾ ਦਿੰਦਾ ਹੈ।

ਨਾਨਕ ਜਿਸਨੋ ਨਦਰਿ ਕਰੇ ਸੋ ਪਾਏ ।।

ਸੋ ਹੋਵੇ ਦਰਿ ਸਚਿਆਰਾ।।

ਗੁਰੂ ਨੇ ਸਮਕਾਲੀ ਪ੍ਰਚੱਲਿਤ ਧਾਰਮਿਕ ਸਾਧਨਾਂ ਦੀ ਜਾਣਕਾਰੀ ਦੇਣ ਉਪਰੰਤ ਇਹ ਸਿੱਟਾ ਕੱਢਿਆ ਕਿ ਇਹ ਸਾਧਨ ਮਨੁੱਖ ਨੂੰ ਕਿਸੇ ਸਿੱਟੇ ਤੇ ਨਹੀਂ ਪਹੁੰਚਾਂਦੇ। ਇਹ ਸਾਧਨ ਮਨੁੱਖੀ ਸ਼ਖਸ਼ੀਅਤ ਨੂੰ ਅੰਦਰੋਂ ਨਿਖਾਰਨਾ ਸ਼ੁਰੂ ਕਰਕੇ ਸਿਖਰ ਤੱਕ ਲੈ ਜਾ ਸਕਦੇ ਹਨ। ਇਸ ਸਿਖਰ ਤੇ ਪਹੁੰਚ ਕੇ ਮਨੁੱਖ ਅਵਗੁਣਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਦੈਵੀ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਗੁਰੂ ਕਥਨ ਹੈ :

ਅਵਗੁਣੀ ਭਰਪੂਰ ਹੈ

ਗੁਣ ਵੀ ਵਸੈ ਨਾਲਿ ।। (ਪੰਨਾ ੯੩੬)

ਜੀਵਨ ਆਦਰਸ਼ ਦਾ ਇਹ ਸਿਖਰ ਕੋਈ ਸੰਨਿਆਸ ਤੇ ਤਿਆਗ ਨਹੀਂ, ਸਗੋਂ ਮਨੁੱਖੀ ਸ਼ਖਸੀਅਤ ਦੀ ਇਕ ਸੰਜਮਮਈ ਅਵਸਥਾ ਹੈ ਜੋ ਇੰਦਰੀਆਂ ਨੂੰ ਬਾਹਰਮੁੱਖੀ ਭਟਕਣਾ ਤੋਂ ਰੋਕ ਕੇ ਅੰਤਰਮੁਖੀ ਕਰਨ ਨਾਲ ਪ੍ਰਾਪਤ ਹੋ ਜਾਂਦੀ ਹੈ। ਇਹ ਅੰਤਰੀਵ ਘਾੜਤ ਲਗਾਤਾਰ ਅਭਿਆਸ ਦੀ ਮੁਥਾਜ ਹੈ, ਇਕ ਦਮ ਇਹ ਪ੍ਰਾਪਤ ਨਹੀਂ ਹੁੰਦੀ। ਜਪੁਜੀ ਦੇ ਪੰਜ ਖੰਡਾਂ ਵਿਚ ਇਸ ਅਵਸਥਾ ਦਾ ਬੜੀ ਸੂਖਮਤਾ ਨਾਲ ਵਰਨਣ ਕੀਤਾ ਗਿਆ ਹੈ। ਸਚ ਖੰਡ ਵਿਚ ਸੂਰਮਿਆਂ, ਜੋਧਿਆਂ, ਮਹਾਬਲੀਆਂ, ਭਗਤਾਂ ਦਾ ਨਿਵਾਸ ਹੈ ਜਿਨ੍ਹਾਂ ਦੇ ਮੁੱਖ ਉਜਲੇ ਹਨ, ਉਹ ਆਪਣਾ ਹਲਤ ਸੁਆਰ ਕੇ ਇਥੇ ਆਉਂਦੇ ਹਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਕਈ ਹੋਰਾਂ ਦਾ ਵੀ ਛੁਟਕਾਰਾ ਹੋ ਜਾਂਦਾ ਹੈ।

ਸਾਰੇ ਗੁਰੂ ਗ੍ਰੰਥ ਸਾਹਿਬ ਦੇ ਚਿੰਤਨ ਦਾ ਮੁੱਖ ਵਿਸ਼ਾ ਵੀ ਜਪੁਜੀ ਦੇ ਉਪਰੋਕਤ ਵਿਸ਼ੇ ਨਾਲ ਸਬੰਧਤ ਹੈ। ਜਪੁਜੀ ਵਿਚ ਮਨੁੱਖੀ ਚਿੰਤਨ ਤੇ ਭਾਵਨਾਵਾਂ ਦਾ ਸੁਮੇਲ ਹੈ।

ਸਚਿਆਰ ਬਣਨ ਦਾ ਉਪਦੇਸ਼ ਕਿਸੇ ਖਾਸ ਕਿੱਤੇ ਜਾਂ ਜਾਤੀ ਜਾਂ ਦੇਸ਼ ਲਈ ਨਹੀਂ ਸੀ ਸਗੋਂ ਸਾਰੇ ਸੰਸਾਰ ਦੇ ਲੋਕਾਂ ਵਾਸਤੇ ਹੈ। ਹਉਮੈ ਕਾਰਨ ਜੀਵਨ ਦੀ ਸਵੈ-ਚੇਤਨਾ ਭੰਗ ਹੋਣ ਕਾਰਨ ਮਨੁੱਖ ਪ੍ਰਭੂ ਤੋਂ ਦੂਰ ਚਲਾ ਜਾਂਦਾ ਹੈ। ਮਨੁੱਖ ਨਾਮ-ਸ਼ਬਦ ਦੇ ਆਸਰੇ ਮੁੜ ਨੇੜਤਾ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਮਨੁੱਖ ਜਨਮ ਤੋਂ ਪਾਪੀ ਨਹੀਂ, ਉਹ ਰੱਬੀ ਗੁਣਾਂ ਨੂੰ ਨਾਲ ਲੈ ਕੇ ਆਇਆ ਹੈ। ਇਥੇ ਹਉਮੈ ਅਧੀਨ ਇਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨ ਦਾ ਰਸਤਾ ਭੁੱਲ ਬੈਠਾ ਹੈ ਪ੍ਰੰਤੂ ਇਹ ਗੁਣ ਮੁੜ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਕੀਤੇ ਜਾ ਸਕਦੇ ਹਨ।

ਜਪੁਜੀ ਅਨੁਸਾਰ ਸਚਿਆਰ ਪਦ ਦੀ ਪ੍ਰਾਪਤੀ ਕੋਈ ਬਾਹਰੋਂ ਨਹੀਂ ਸਗੋਂ ਇਹ ਇਕ ਆਤਮਿਕ ਵਿਕਾਸ ਹੈ। ਹਉਮੈ ਦਾ ਵਿਨਾਸ ਹੈ। ਅੰਤਰ ਆਤਮੇ ਦੀ ਸੋਝੀ ਹੈ। ਸਰੀਰ ਵਿਚੋਂ ਅਵਗੁਣਾਂ ਰੂਪੀ ਖੋਟ ਨੂੰ ਕੱਢ ਕੇ ਮੈਲ ਰਹਿਤ ਹੋਣਾ ਹੈ, ਜਿਸ ਨੂੰ ਗੁਰੂ ਨੇ ਨਿਰਮਲ, ਗੁਰਮੁਖ, ਸਚਿਆਰਾ, ਦੇਵਤਾ ਆਦਿ ਨਾਮ ਦਿੱਤੇ ਹਨ।

## ਬਾਣੀ ਦਾ ਆਕਾਰ ਤੇ ਨਾਮ :

ਜਪੁਜੀ ਦੇ ਆਦਿ ਵਿਚ ਮੂਲ ਮੰਤਰ ਤੇ ਸਲੋਕ ਹੈ। ਫਿਰ 38 ਪਉੜੀਆਂ ਅਤੇ ਅੰਤ ਵਿਚ ਫਿਰ ਇਕ ਸਲੋਕ ਹੈ। ਸ਼ੁਰੂ ਵਿਚ ਆਇਆ ਮੂਲ ਮੰਤਰ ਮੰਗਲਾ ਚਰਨ ਹੈ। ਇਹ ਪੂਰਨ ਤੇ ਸੰਖੇਪ ਰੂਪ ਵਿਚ 567 ਵਾਰ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।।

'ਜਪੁ' ਇਸ ਬਾਣੀ ਦਾ ਨਾਂ ਹੈ। 'ਜਪੁ' ਦੇ ਦੋਨੋਂ ਪਾਸੇ ਡੰਡੇ (।। ਜਪੁ ।।) ਲੱਗੇ ਹੋਏ ਹਨ ਜਿਸ ਤੋਂ ਭਾਵ 'ਜਪੁ' ਇਸ ਬਾਣੀ ਦਾ ਸਿਰਲੇਖ ਹੈ। ਸ਼ਬਦਾਰਥ ਪੋਥੀ ਪਹਿਲੀ ਵਿਚ ਵੀ ਇਹ ਵਰਣਨ ਆਇਆ ਹੈ।

''ਜਪੁ ਇਸ ਬਾਣੀ ਦਾ ਨਾਂ ਹੈ ਜੋ ਮੁੜ ਮੁੜ ਜਪਣ ਲਈ ਰਚੀ ਗਈ ਹੈ''(ਸ਼ਬਦਾਰਥ ਸ਼ੈਂਚੀ ਪਹਿਲੀ ਪੰਨਾ 1)

ਪੁਰਾਤਨ ਹੱਥ-ਲਿਖਤ ਬੀੜਾਂ ਵਿਚ ਸਿਰਲੇਖ 'ਜਪੁ ਨੀਸਾਣੁ' ਆਇਆ ਹੈ। ਡਾ. ਚਰਨ ਸਿੰਘ ਨੇ ਬਾਣੀ ਬਿਓਰੇ ਵਿਚ ਵੀ ਇਸ ਦਾ ਨਾਮ 'ਜਪੁ ਨੀਸਾਣੁ' ਹੀ ਦਿੱਤਾ ਹੈ। ਭਾਵ ਇਹ ਬਾਣੀ ਜਪਣ ਲਈ ਮੂਲ ਮੰਤਰ ਰੂਪ ਪ੍ਰਗਟ ਹੈ। ਜਪੁਜੀ

ਵਿਚ 'ਨੀਸਾਣੁ' ਸ਼ਬਦ ਦੋ ਵਾਰੀ ਆਇਆ ਹੈ।

ਗਾਵੈ ਕੋ ਦਾਤਿ ਜਾਣੈ ਨੀਸਾਣੁ ।। (ਜਪੁਜੀ ਪੰਨਾ ੧)

ਨਦਰੀ ਕਰਮ ਪਵੈ ਨੀਸਾਣੁ ।। (ਜਪੁਜੀ ਪੰਨਾ ੭)

ਵਿਦਵਾਨਾਂ ਨੇ ਜਪੁਜੀ ਨੂੰ ਛੇ ਮੁੱਖ ਅੰਗਾਂ ਵਿਚ ਵੰਡਿਆ ਹੈ :

1. ਪਰਮਸਤ ਦਾ ਸਰੂਪ (ਮੂਲ ਮੰਤਰ)
2. ਮਨੁੱਖੀ ਜੀਵਨ ਦਾ ਆਦਰਸ਼ (ਪਉੜੀ ੧ ਤੋਂ ੭)
3. ਕਰਤਵ ਦੀ ਪੂਰਤੀ ਦੇ ਸਾਧਨ (੮ ਤੋਂ ੧੫)
4. ਪ੍ਰਭੂ ਦੀ ਬੇਅੰਤਤਾ ਦਾ ਅਨੁਭਵ (੧੬ ਤੋਂ ੨੭)
5. ਆਦਰਸ਼ ਮਨੁੱਖ ਦੀ ਅਵਸਥਾ (੨੮ ਤੋਂ ੩੩)
6. ਆਤਮਕ ਮੰਡਲਾਂ ਦਾ ਵਰਣਨ (੩੪ ਤੋਂ ੩੮)

## ਪਰਮਸੱਤਾ ਦਾ ਸਰੂਪ :

ਮੂਲ ਮੰਤਰ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਉਲੇਖ ਕਰਦਾ ਹੈ ਇਸ ਦਾ ਹਰ ਅੱਖਰ ਪਰਮ ਸੱਤਾ ਦੇ ਗੁਣਾਂ ਦਾ ਪ੍ਰਤੀਕ ਹੈ, ਕੁਝ ਵਿਦਵਾਨ ਇਸ ਨੂੰ ਗੁਰੂ ਗ੍ਰੰਥ ਸਾਹਿਬ ਰੂਪੀ ਸਮੁੰਦਰ ਵਿਚੋਂ ਕੱਢੇ 14 ਰਤਨ ਲਿਖਦੇ ਹਨ। ਇਸ ਵਿਚ ਪਰਮਾਤਮਾ ਦਾ ਸਰੂਪ ਉਲੀਕਿਆ ਗਿਆ ਹੈ। ਗੁਰੂ ਜੀ ਨੇ ਪਹਿਲਾਂ ੧ ਲਾ ਕੇ ਪ੍ਰਭੂ ਦੀ ਅਖੰਡਤਾ ਅਤੇ ਏਕਤਾ ਦਾ ਸਿਧਾਂਤ ਦ੍ਰਿੜ੍ਹ ਕਰਾਇਆ, ੧ ਵਿਸ਼ੇਸ਼ਣ ਨਹੀਂ, ਨਾਉਂ ਹੈ। ਜਿਵੇਂ ਕਿ ਗੁਰੂ ਕਥਨ ਹੈ -

ਏਕੋ ਹੈ ਭਾਈ ਏਕੋ ਹੈ ਸਾਹਿਬ ਮੇਰਾ ਏਕੋ ਹੈ ।।

ਏਕੋ ਕਉ ਨਾਹੀਂ ਭਉ ਕੋਇ ।। (ਗੁਰੂ ਗ੍ਰੰਥ, ਪੰਨਾ ੭੯੬)

ਓਅੰਕਾਰ' ਅਥਵਾ ਬ੍ਰਹਮ ਇਸ ਸਾਰੇ ਸੰਸਾਰ ਨੂੰ ਪੈਦਾ ਕਰਨ ਵਾਲਾ, ਸੰਭਾਲਣ ਵਾਲਾ, ਸੰਸਾਰ ਦਾ ਅੰਤ ਵੀ ਉਸੇ ਦੇ ਹੁਕਮ ਨਾਲ ਹੁੰਦਾ ਹੈ। ਸਾਰਾ ਦ੍ਰਿਸ਼ਟਮਾਨ ਪਸਾਰਾ ਭਾਵ ਆਕਾਰ ਅਤੇ ਜੀਵ ਜੰਤ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਹੋਂਦ ਵਿਚ ਆਏ ਹਨ। 'ਸਤਿ' ਪਰਮਾਤਮਾ ਦੀ ਹੋਂਦ ਦਾ ਲਖਾਇਕ ਹੈ। ਜਿਤਨਾ ਆਕਾਰ ਦ੍ਰਿਸ਼ਟਮਾਨ ਹੈ ਉਹ ਸਤ ਦਾ ਨਾਮ ਰੂਪ ਹੈ। ਉਸ ਤੋਂ ਬਿਨਾਂ ਕੋਈ ਥਾਂ ਨਹੀਂ ਭਾਵ ਸਭ ਥਾਈਂ ਪ੍ਰਭੂ ਹੀ ਪਸਰਿਆ ਹੈ।

ਸਤਿ ਲਈ ਸਲੋਕ ਵਿਚ ਸਚੁ ਸ਼ਬਦ ਵਰਤਿਆ ਗਿਆ ਹੈ। ਇਹ ਹਰ ਜੁਗ ਅੰਦਰ ਇਕ ਰਸ ਰਹਿੰਦਾ ਹੈ। ਇਸ ਦਾ ਵਰਣਨ ਜਪੁਜੀ ਦੇ ਮੁੱਢ ਵਿਚ ਹੀ ਕੀਤਾ ਗਿਆ ਹੈ। ਪਰਮਸਤਾ ਕਿਰਿਆਸ਼ੀਲ ਹੈ, ਉਹ ਕਰਤਾ ਪੁਰਖ ਹੈ, ਉਸ ਦੇ ਹੁਕਮ ਅੰਦਰ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆਈ ਹੈ। ''ਕਵਾਉ'' ਸ਼ਬਦ ਹੁਕਮ ਦਾ ਪ੍ਰਤੀਕ ਹੈ :

ਕੀਤਾ ਪਸਾਉ ਏਕੋ ਕਵਾਉ ।। (ਜਪੁਜੀ ਪੰਨਾ ੩)

ਸਰਗੁਣ ਸਰੂਪ ਦੇ ਕਿਰਤਮ ਨਾਵਾਂ ਵਿਚੋਂ ਪ੍ਰਭੂ ਦਾ ਨਿਰਭਉ ਤੇ ਨਿਰਵੈਰ ਹੋਣਾ ਉਸ ਦੀ ਇਕੋ ਇਕ ਹੋਂਦ ਦਾ ਲਖਾਇਕ ਹੈ। ਬ੍ਰਹਮ ਭੈ ਰਹਿਤ ਇਸ ਵਾਸਤੇ ਹੈ ਉਸ ਵਰਗਾ ਹੋਰ ਕੋਈ ਨਹੀਂ ਹੈ। ਨਿਰਭਉ ਹੋਣਾ ਤੇ ਨਿਰਵੈਰ ਹੋਣਾ ਦੋਨੋਂ ਉਸ ਪ੍ਰਭੂ ਦੀ ਇਕ ਹੋਂਦ ਦੇ ਸੂਚਕ ਹਨ।

ਪਰਮਾਤਮਾ ਦਾ ਅਕਾਲ ਮੂਰਤਿ ਤੇ ਅਜੂਨੀ ਸੈਭੰ ਹੋਣਾ ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਹੈ। ਪਰਮਾਤਮਾ ਅਕਾਲ ਹੈ, ਜੂਨਾਂ ਦੇ ਚੱਕਰ ਤੋਂ ਉਪਰ ਹੈ, ਮੁਕਤ ਹੈ। ਆਪਣੇ ਆਪ ਤੋਂ ਹੀ ਹੋਂਦ ਵਿਚ ਆਉਣ ਵਾਲਾ ਹੈ। ਸਮੇਂ, ਸਥਾਨ ਤੇ ਕਾਰਨ ਦੇ ਬੰਧਨਾਂ ਤੋਂ ਮੁਕਤ ਹੈ। ਉਹ ਸਾਰੇ ਸੰਸਾਰ ਦਾ ਕਾਰਨ ਹੈ। ਉਹ ਆਪਣਾ ਕਾਰਨ ਆਪ ਹੈ, ਉਸ ਦਾ ਕਾਰਨ ਹੋਰ ਕੋਈ ਨਹੀਂ ਹੈ।

ਥਾਪਿਆ ਨ ਜਾਇ ਕੀਤਾ ਨ ਹੋਇ ।।

ਆਪੇ ਆਪਿ ਨਿਰੰਜਨੁ ਸੋਇ ।। (ਜਪੁਜੀ ਪੰਨਾ ੨)

ਪਰਮਾਤਮਾ ਹੀ ਗੁਰੂ ਹੈ। ਗੁਰੂ ਸਰੂਪ ਵਿਚ ਉਹ ਦਿਆਲੂ ਤੇ ਕਿਰਪਾਲੂ ਹੈ। ਉਸ ਦਾ ਕਲਿਆਣਕਾਰੀ ਸੁਭਾਅ ਪ੍ਰਸਾਦਿ ਸ਼ਬਦ ਰਾਹੀਂ ਉਜਾਗਰ ਹੁੰਦਾ ਹੈ।

ਪਰਮਾਤਮਾ ਇਸ ਸੰਸਾਰ ਦੀ ਰਚਨਾ ਕਰਕੇ ਇਸ ਨੂੰ ਵਿਸਾਰ ਨਹੀਂ ਦਿੰਦਾ ਸਗੋਂ ਇਸ ਦੀ ਸਾਰ ਰਖਦਾ ਹੈ। ਆਪਣੇ ਆਪ ਵਿਚੋਂ ਸਾਰੀ ਸ੍ਰਿਸ਼ਟੀ ਨੂੰ ਵੇਖ ਕੇ ਖੁਸ਼ ਹੁੰਦਾ ਹੈ :

ਵੇਖੈ ਵਿਗਸੈ ਕਰਿ ਵੀਚਾਰੁ ।। (ਜਪੁਜੀ ਪੰਨਾ ੮)

ਕਰਿ ਕਰਿ ਵੇਖੈ ਕੀਤਾ ਆਪਣਾ ।। (ਜਪੁਜੀ ਪੰਨਾ ੬)

ਪ੍ਰਭੂ ਬੇਅੰਤ ਹੈ ਉਸ ਦਾ ਅੰਤ ਧਰਮ ਗ੍ਰੰਥ ਤੇ ਧਰਮਾਂ ਦੇ ਵਿਆਖਿਆਕਾਰ ਨਹੀਂ ਜਾਣ ਸਕਦੇ। ਪ੍ਰਭੂ ਦਾ ਲੇਖਾ ਲਿਖਣ ਵਾਲੇ ਦਾ ਆਪਣਾ ਲੇਖਾ ਮੁੱਕ ਜਾਂਦਾ ਹੈ, ਉਸ ਵਰਗਾ ਵੱਡਾ ਕੋਈ ਨਹੀਂ। ਉਸ ਨੂੰ ਬਹੁਤ ਕਹਿਣ ਨਾਲ ਹੋਰ ਬਹੁਤਾ ਦਿੱਸਣ ਲੱਗ ਪੈਂਦਾ ਹੈ। ਉਸ ਪ੍ਰਭੂ ਨੂੰ ਬੇਅੰਤ ਕਹਿਣਾ ਹੀ ਉਸ ਦੀ ਵਡਿਆਈ ਹੈ। ਉਸ ਦੀ ਬਰਾਬਰਤਾ ਕੋਈ ਨਹੀਂ ਕਰ ਸਕਦਾ ਕਿਉਂਕਿ ਉਸ ਜਿਤਨਾ ਵੱਡਾ ਕੋਈ ਨਹੀਂ ਹੈ :

ਏਵਡੁ ਊਚਾ ਹੋਵੈ ਕੋਇ ।। ਤਿਸ ਊਚੇ ਕਉ ਜਾਣੈ ਸੋਇ ।।

ਜੇਵਡੁ ਆਪਿ ਜਾਣੈ ਆਪਿ ਆਪਿ ।। (ਜਪੁਜੀ ਪੰਨਾ ੫)

ਉਸ ਦੇ ਸਰਗੁਣ ਪਸਾਰੇ ਦਾ ਅੰਤ ਨਹੀਂ ਪਾਇਆ ਜਾ ਸਕਦਾ। ਪਰਮਾਤਮਾ ਆਪ ਨਿਰਗੁਣ ਹੈ। ਨਿਰਗੁਣ ਨੂੰ ਤਾਂ ਬਿਆਨਣ ਦਾ ਵਿਸ਼ਾ ਹੀ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਉਸ ਦਾ ਕੋਈ ਆਕਾਰ ਨਹੀਂ, ਰੂਪ ਨਹੀਂ, ਰੰਗ ਨਹੀਂ ਹੈ, ਰੇਖ-ਭੇਖ ਨਹੀਂ ਹੈ ਇਸ ਲਈ ਅਮੁੱਲ ਹੈ। ਅਮੁੱਲ ਦਾ ਮੁੱਲ ਨਹੀਂ ਪਾਇਆ ਜਾ ਸਕਦਾ।

ਪਰਮਾਤਮਾ ਚੰਗਿਆਈਆਂ ਦਾ ਸੋਮਾ ਹੈ। ਸਤਿ-ਚਿਤ-ਅਨੰਦ ਸਰੂਪ ਹੈ, ਉਹ ਗੁਣ ਵਾਲਿਆਂ ਨੂੰ ਹੋਰ ਗੁਣਵਾਨ ਬਣਾਉਂਦਾ ਹੈ, ਨਿਰਗੁਣਿਆਂ ਨੂੰ ਗੁਣ ਬਖਸ਼ਦਾ ਹੈ। ਇਹੀ ਉਸ ਦੀ ਉਦਾਰਤਾ ਹੈ। ਜੀਵ ਨੂੰ ਗੁਣਾਂ ਵਾਲਾ ਬਣਾਉਣਾ ਉਸ ਦੀ ਵਡਿਆਈ ਹੈ। ਸਾਰੇ ਜੀਵਾਂ ਨੂੰ ਦਾਤਾਂ ਤੇ ਗੁਣ ਦੇਣ ਵਾਲਾ ਇਕੋ ਇਕ ਪ੍ਰਭੂ ਹੈ, ਇਸ ਲਈ ਉਸ ਨੂੰ ਵਿਸਰ ਨਹੀਂ ਜਾਣਾ ਚਾਹੀਦਾ। ਉਸ ਨੂੰ ਯਾਦ ਰਖਣਾ ਹੀ ਉਸ ਦੇ ਗੁਣਾਂ ਦੀ ਸਾਂਝ ਪਾਉਣਾ ਹੈ।

ਨਾਮ ਦੁਆਰਾ ਉਸ ਦੀ ਸੋਝੀ ਹੁੰਦੀ ਹੈ। ਨਾਮ ਹੀ ਇਕ ਐਸੀ ਸ਼ਕਤੀ ਹੈ ਜੋ ਪ੍ਰਭੂ ਨੂੰ ਪ੍ਰਗਟ ਕਰਦੀ ਹੈ ਅਤੇ ਸਾਧਕ ਦਾ ਕਲਿਆਣ ਕਰਦੀ ਹੈ। ਸੰਸਾਰ ਵਿਚ ਹੁਕਮ ਵਰਤ ਰਿਹਾ ਹੈ। ਇਹ ਸਾਰੇ ਬ੍ਰਹਿਮੰਡ ਨੂੰ ਮਰਯਾਦਾ ਵਿਚ ਰੱਖ ਕੇ ਚਲਾਉਂਦਾ ਹੈ। ਪ੍ਰਭੂ ਬੇਅੰਤ ਹੈ। ਉਸ ਬੇਅੰਤ ਪ੍ਰਭੂ ਦੀ ਲਖਤਾ ਨੂੰ ਪੂਰਨ ਰੂਪ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਕ ਹੋਰ ਥਾਂ ਕਥਨ ਆਇਆ ਹੈ ਜਿਹੜਾ ਪ੍ਰਭੂ ਨੂੰ ਜਾਣਨ ਦਾ ਦਾਅਵਾ ਕਰਦਾ ਹੈ, ਉਹੀ ਅਣਜਾਣ ਹੈ, ਭਾਵ ਉਸ ਨੂੰ ਪਤਾ ਨਹੀਂ ਹੈ।

ਗੁਰਮਤਿ ਅਨੁਸਾਰ ਪ੍ਰਭੂ ਹੀ ਈਸਰ, ਗੋਰਖ ਤੇ ਬ੍ਰਹਮਾ ਹੈ ਹੋਰ ਕੋਈ ਦੁਨਿਆਵੀ ਪੱਧਰ ਤੇ ਥਾਪਿਆ ਹੋਇਆ ਵਿਅਕਤੀ ਨਹੀਂ ਹੈ। ਗੁਰਮਤਿ ਅਨੁਸਾਰ ਗੁਰੂ ਤੇ ਪ੍ਰਭੂ ਵਿਚ ਅੰਤਰੀਵ ਪੱਧਰ ਤੇ ਕੋਈ ਅੰਤਰ ਨਹੀਂ ਹੈ।

**ਜਗਤ :**

ਪ੍ਰਭੂ ਹੀ ਸੰਸਾਰ ਦਾ ਕਰਤਾ ਹੈ। ਇਹ ਸਾਰਾ ਪਸਾਰਾ ਪ੍ਰਭੂ ਨੇ 'ਕਵਾਉ' ਕਹਿ ਕੇ ਕਰ ਦਿੱਤਾ।

ਜਪੁਜੀ ਦੀ 30ਵੀਂ ਪਉੜੀ ਵਿਚ ਤਿੰਨ ਦੇਵਤਿਆਂ ਦੁਆਰਾ ਰਚਨਾ ਦੇ ਸਿਧਾਂਤ ਨੂੰ ਨਿਰਮੂਲ ਦੱਸਿਆ ਹੈ। ਸ੍ਰਿਸ਼ਟੀ ਕਦੋਂ ਰਚੀ ਗਈ, ਇਸ ਬਾਰੇ ਸਭ ਧਰਮਾਂ ਦੇ ਅਨੁਮਾਨਾਂ ਦਾ ਜਿਕਰ ਕਰਦਿਆਂ ਗੁਰੂ ਜੀ ਕਹਿੰਦੇ ਹਨ ਕਿ ਅਨੇਕ ਪ੍ਰਕਾਰ ਦੀ ਰਚਨਾ ਦਾ ਸਮਾਂ ਪ੍ਰਭੂ ਆਪ ਹੀ ਜਾਣਦਾ ਹੈ। ਵੇਦ ਤੇ ਕਤੇਬ ਉਸ ਦਾ ਅੰਤ ਹੀ ਨਹੀਂ ਪਾ ਸਕਦੇ। ਪ੍ਰਭੂ ਦੀ ਸਿਰਜੀ ਹੋਈ ਸ੍ਰਿਸ਼ਟੀ ਦਾ ਅੰਤ ਵੀ ਪ੍ਰਭੂ ਆਪ ਹੀ ਜਾਣਦਾ ਹੈ। ਗੁਰੂ ਜੀ ਨੇ ਸ੍ਰਿਸ਼ਟੀ ਰਚਨਾ ਦੀ ਬੇਅੰਤਤਾ ਦਾ ਵਰਣਨ ਕੀਤਾ ਹੈ।

ਉਸ ਦੀ ਰਚਨਾ ਦੇ ਖੰਡ ਅਨੇਕਾਂ ਹੀ ਕਹੇ ਹਨ। ਮੰਡਲਾਂ ਅਤੇ ਲੋਕਾਂ ਦੀ ਕੋਈ ਗਿਣਤੀ ਨਹੀਂ। ਧਰਤੀ ਦੇ ਥੱਲੇ ਅਨੇਕਾਂ ਹੋਰ ਧਰਤੀਆਂ ਅਤੇ ਪਤਾਲ ਹਨ। ਅੱਜ ਸਾਇੰਸ ਦੀ ਖੋਜ ਨੇ ਵੀ ਇਹ ਸਾਬਿਤ ਕੀਤਾ ਹੈ ਕਿ ਅਨੇਕਾਂ ਖੰਡ,

ਮੰਡਲ, ਵਰਭੰਡ ਹਨ। ਇਨ੍ਹਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ।

ਇਹ ਰਚਨਾ ਦਾ ਪਸਾਰਾ ਪ੍ਰਭੂ ਦੀ ਖੁਸ਼ੀ ਦਾ ਪ੍ਰਗਟਾਵਾ ਹੈ। ਕੋਈ ਮਜ਼ਬੂਰੀ ਨਹੀਂ। ਪ੍ਰਭੂ ਨੂੰ ਚਾਅ ਸੀ ਕਿ ਉਹ ਆਪਣੇ ਨਿਰਗੁਣ ਵਿਚੋਂ ਸਰਗੁਣ ਪਸਾਰੇ ਨੂੰ ਪ੍ਰਗਟ ਕਰਕੇ ਖੁਸ਼ ਹੋਵੇ ਤੇ ਦੇਖੇ, ਵਿਗਸੇ।

ਜਪੁਜੀ ਵਿਚ ਵੀ ਇਸੇ ਪ੍ਰਕਾਰ ਦੀ ਵਿਚਾਰਧਾਰਾ ਦਾ ਵਰਣਨ ਹੈ :

ਹੁਕਮੀ ਹੋਵਨਿ ਆਕਾਰ .........।।

ਹੁਕਮੀ ਹੋਵਨਿ ਜੀਅ ...........।।

ਜਪੁਜੀ ਵਿਚ ਪਰਮਾਤਮਾ ਦੀ ਏਕਤਾ ਤੇ ਜ਼ੋਰ ਦਿਤਾ ਗਿਆ ਹੈ, ਇਸ ਤੋਂ ਬਿਨਾਂ ਉਸਦੇ ਸਦਗੁਣ, ਨਿਰਗੁਣ, ਸਰਗੁਣ, ਸਿਰਜਨਹਾਰ, ਪ੍ਰਤਿਪਾਲਕ, ਸੰਘਾਰਕ, ਸਰਬ ਸਮਾਵੇਸ਼ ਨਿਤਯ, ਨਿਰੰਕਾਰ, ਨਿਰੰਜਨ, ਵਿਆਪਕ ਆਦਿਕ ਪੱਖ ਵੀ ਬੜੇ ਸੂਖਮ ਰੂਪ ਵਿਚ ਵਰਣਨ ਕੀਤੇ ਹਨ।

## ਸਮਾਜਕ ਵਿਵਸਥਾ

ਗੁਰੂ ਜੀ ਦੇ ਸਮੇਂ ਪ੍ਰਚੱਲਿਤ ਸਭ ਮਤ-ਮਤਾਂਤਰ ਪ੍ਰਭੂ ਦੇ ਅਸਲ ਸਰੂਪ ਨੂੰ ਭੁੱਲ ਕੇ ਬਹੁਤ ਦੂਰ ਜਾ ਚੁੱਕੇ ਸਨ। ਉਨ੍ਹਾਂ ਦੀ ਪੂਜਾ-ਪਾਠ ਕਰਮ-ਕਾਂਡ ਨਾਲ ਭਰਪੂਰ ਹੋ ਚੁਕੀ ਸੀ। ਉਸ ਸਮੇਂ ਸੱਚ ਦੀ ਅਣਹੋਂਦ ਕਾਰਨ ਚਾਰ-ਚੁਫੇਰੇ ਅਗਿਆਨਤਾ ਦਾ ਅੰਧੇਰਾ ਸੀ। ਇਸ ਅਗਿਆਨਤਾ ਕਾਰਨ ਕਾਜੀ, ਬਾਹਮਣ ਤੇ ਜੋਗੀ ਤਿੰਨੇ ਹੀ ਅਸਲ ਮਾਰਗ ਤੋਂ ਭਟਕ ਕੇ ਖੁਆਰ ਹੋ ਰਹੇ ਸਨ ਤੇ ਆਪਣੇ ਅਨੁਯਾਈਆਂ ਨੂੰ ਖੁਆਰ ਕਰ ਰਹੇ ਸਨ। ਗੁਰੂ ਜੀ ਨੇ ਇਨ੍ਹਾਂ ਤਿੰਨਾਂ ਸਮਕਾਲੀ ਧਾਰਮਿਕ ਨੇਤਾਵਾਂ ਦਾ ਜ਼ਿਕਰ ਕੀਤਾ ਹੈ : ਸਮਕਾਲੀ ਕੂੜ, ਕਪਟ, ਕੁਸੱਤ, ਕੁਚੀਲ ਤੇ ਅਗਿਆਨਤਾ ਦੇਣ ਵਾਲੇ ਵਾਤਾਵਰਣ ਦਾ ਜ਼ਿਕਰ ਗੁਰੂ ਜੀ ਨੇ ਜਪੁਜੀ ਸਾਹਿਬ ਵਿਚ ਵੀ ਕੀਤਾ ਹੈ। ਇਨ੍ਹਾਂ ਕੂੜ ਤੇ ਬੇ-ਬੁਨਿਆਦੀ ਸਾਧਨਾਂ ਦਾ ਜ਼ਿਕਰ ਕਰਨ ਦਾ ਮੰਤਵ ਹੀ ਲੋਕਾਂ ਨੂੰ ਸੱਚ ਮਾਰਗ ਲਈ ਚੇਤੰਨ ਕਰਨਾ ਸੀ। ਉਨ੍ਹਾਂ ਇਸ ਬਾਣੀ ਵਿਚ ਸੱਚ ਧਰਮ ਨੂੰ ਮਜਬੂਤ ਕਰਕੇ 'ਸਚਿਆਰਾ' ਬਣਨ ਦਾ ਜੀਵਨ ਮਾਰਗ ਦੱਸਿਆ। ਗੁਰੂ ਜੀ ਨੇ ਨਾਲ ਹੀ ਇਹ ਵੀ ਦ੍ਰਿੜ੍ਹ ਕਰਾਇਆ ਕਿ ਇਨ੍ਹਾਂ ਬੇ-ਬੁਨਿਆਦ ਕੀਮਤਾਂ ਦਾ ਤਿਆਗ ਕਰਕੇ ਹੀ ਮਨੁੱਖ ਸਚਿਆਰਾ ਬਣ ਸਕਦਾ ਹੈ। ਸਿਧਾਂ ਨਾਲ ਵਿਚਾਰ ਵਟਾਂਦਰੇ ਉਪਰੰਤ ਵੀ ਇਹੀ ਗੱਲ ਦ੍ਰਿੜ੍ਹ ਕਰਾਈ। ਜਪੁਜੀ ਵਿਚ ਸਮਕਾਲੀ ਮਤ-ਮਤਾਂਤਰਾ ਦੇ ਸਿਧਾਂਤਾਂ ਦੀ ਨਿਰਮੂਲਤਾ ਦਾ ਜ਼ਿਕਰ ਕੀਤਾ ਹੈ।

ਗੁਰੂ ਸਾਹਿਬ ਨੇ ਪਰਮਸਤਿ ਦੀ ਪ੍ਰਾਪਤੀ ਲਈ ਸਮਾਜ ਵਿਚ ਪ੍ਰਚੱਲਿਤ ਸਾਧਨਾਂ ਦਾ ਸਰਵੇਖਣ ਕੀਤਾ ਅਤੇ ਪ੍ਰਚਲਤ ਸਾਧਨਾਂ ਦਾ ਸੰਕੇਤ ਦਿੱਤਾ ਹੈ।

(ੳ) ਸੋਚਿ-ਕਰਨੀ

(ਅ) ਚੁੱਪ-ਧਾਰਨੀ

(ੲ) ਭੁੱਖੇ-ਰਹਿਣਾ

(ਸ) ਸਿਆਣਪਾਂ-ਵਿਦਵਤਾ

ਇਨ੍ਹਾਂ ਚੌਹਾਂ ਸਾਧਨਾਂ ਨੂੰ ਵੇਖ, ਪਰਖਣ ਤੇ ਪੜਚੋਲ ਕਰਨ ਦੇ ਸਫਲ ਸਾਧਨ ਬੜੇ ਸਾਰਥਕ ਸਾਬਤ ਹੋਏ। ਗੁਰੂ ਜੀ ਦਾ ਮੰਤਵ ਇਨ੍ਹਾਂ ਦਾ ਨਿਰਾ ਖੰਡਨ ਕਰਨਾ ਨਹੀਂ ਸੀ ਸਗੋਂ ਤੁਲਨਾਤਮਕ ਸੰਦਰਭ ਵਿਚ ਪੇਸ਼ ਕਰਨ ਦੇ ਨਾਲ ਨਾਲ ਹੋਰ ਸਪੱਸ਼ਟਤਾ ਲਿਆਉਣ ਦਾ ਵੀ ਸੀ। ਇਨ੍ਹਾਂ ਸਾਧਨਾਂ ਵਿਚ ਵਿਕਾਰ ਆਉਣ ਕਰਕੇ ਇਹ ਚਾਰੇ ਸਾਧਨ ਮਨੁੱਖੀ ਜੀਵਨ ਆਦਰਸ਼ ਪ੍ਰਾਪਤੀ ਲਈ ਸਫਲ ਸਿੱਧ ਨਾ ਹੋ ਸਕੇ।

ਇਹ ਸਾਧਨ ਜੀਵਨ ਦੇ ਪਲਾਇਨਵਾਦੀ, ਤਿਆਗ, ਵੈਰਾਗ, ਸੰਨਿਆਸ ਤੇ ਸਰੀਰਕ ਕਸ਼ਟ ਨਾਲ ਹੀ ਸੰਬੰਧਤ ਸਨ। ਇਹ ਸਾਰੇ ਸਾਧਨ ਬੁਨਿਆਦੀ ਤੌਰ ਤੇ ਗੁਰਮਤਿ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੇ। ਗੁਰੂ ਜੀ ਨੇ ਬੜੀ ਗੰਭੀਰਤਾ ਤੇ ਬਰੀਕੀ ਨਾਲ ਵਾਚਣ ਉਪਰੰਤ ਆਪਣਾਂ ਨਵਾਂ ਨਰੋਆ ਦ੍ਰਿਸ਼ਟੀਕੋਣ ਪੇਸ਼ ਕੀਤਾ।

ਸੋਚਿ ਬਾਰੇ ਵਿਦਵਾਨਾਂ ਦੀਆਂ ਦੋ ਰਾਵਾਂ ਹਨ। ਇਕ ਧੜਾ ਇਸ ਨੂੰ ਸੋਚ ਵਿਚਾਰ ਦੇ ਅਰਥਾਂ ਵਿਚ ਲੈਂਦਾ ਹੈ, ਦੂਸਰਾ

ਪੱਖ ਇਸ ਦੇ ਅਰਥ ਪਵਿੱਤਰਤਾ ਕਰਦੇ ਹਨ। ਸੋਚਣਾ ਮਨ ਦਾ ਵਿਸ਼ਾ ਹੈ। ਪ੍ਰਭੂ ਤਾਂ ਮਨ ਦੀ ਪਕੜ ਤੋਂ ਬਾਹਰ ਹੈ। ਸੀਮਤ ਮਨ ਅਸੀਮਤ ਪ੍ਰਭੂ ਬਾਰੇ ਕਿਸ ਤਰ੍ਹਾਂ ਸੋਚ ਸਕਦਾ ਹੈ। ਪ੍ਰਭੂ ਦੇ ਗੁਣ ਤਾਂ ਅਨੁਭਵੀ ਤੱਤ ਹਨ ਜੋ ਅਨੰਦ ਤੇ ਸਹਜ ਅਵਸਥਾ ਵਿਚ ਮਾਣੇ ਤਾਂ ਜਾ ਸਕਦੇ ਹਨ, ਪੰਤੂ ਕਹੇ ਨਹੀਂ ਜਾ ਸਕਦੇ।

ਗੁਰੂ ਜੀ ਸਮੇਂ ਅਠਾਹਠ ਤੀਰਥਾਂ ਦਾ ਭਰਮਣ ਤੇ ਇਸ਼ਨਾਨ ਬੜਾ ਪਵਿੱਤਰ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਦੇ ਤੀਰਥ ਇਸ਼ਨਾਨ ਨਾਲ ਬਾਹਰੀ ਮੈਲ ਉਤਾਰੀ ਜਾ ਸਕਦੀ ਹੈ। ਸਰੀਰ ਦੇ ਅੰਤਰ ਦੀ ਮੈਲ ਇਸ ਤਰ੍ਹਾਂ ਦੇ ਇਸ਼ਨਾਨ ਨਾਲ ਨਹੀਂ ਉਤਾਰੀ ਜਾ ਸਕਦੀ। ਇਸ ਅਨੁਸਾਰ ਜਪੁਜੀ ਦੀ ਸੋਚ ਵਾਲੀ ਪੰਗਤੀ ਸੰਕੇਤ ਕਰਦੀ ਹੈ ਕਿ ਮਾਨਸਿਕ ਸ਼ੁੱਧਤਾ ਕੇਵਲ ਇਸ਼ਨਾਨਾਂ ਨਾਲ ਹੀ ਸੰਭਵ ਨਹੀਂ।

ਗੁਰੂ ਜੀ ਦਾ ਮੰਤਵ ਤਾਂ ਅੰਦਰਲੀ ਮੈਲ, ਜੋ ਹਉਮੈ ਦੇ ਸੰਸਕਾਰਾਂ ਕਾਰਨ ਲੱਗੀ ਹੋਈ ਸੀ, ਧੋਣ ਦਾ ਮੰਤਵ ਸੀ ਅੰਦਰਲੀ ਮੈਲ ਜੋ ਪ੍ਰਭੂ ਦਾ ਨਾਮ ਸੁਣਨ, ਮੰਨਣ ਤੇ ਮਨ ਵਿਚ ਬਿਠਾਉਣ ਨਾਲ ਦੂਰ ਹੁੰਦੀ ਹੈ।

ਸੁਣਿਐ ਮੰਨਿਆ ਮਨ ਕੀਤਾ ਭਾਉ ।।

ਅੰਤਰਿਗਤਿ ਤੀਰਥਿ ਮਲਿ ਨਾਉ ।। (ਪੰਨਾ ੪)

ਇਸੇ ਤਰ੍ਹਾਂ ਦੂਸਰਾ ਸਾਧਨ ਚੁੱਪ ਧਾਰਨ ਕਰਨ ਦਾ ਸੀ। ਜੋਗੀ ਲੋਕ ਆਪਣੀਆਂ ਭਾਵਨਾਵਾਂ ਨੂੰ ਦਬਾਉਣ ਲਈ ਚੁੱਪ ਸਾਧਨਾ ਧਾਰਨ ਕਰਦੇ ਅਤੇ ਸਰੀਰ ਨੂੰ ਕਸ਼ਟ ਦਿੰਦੇ ਸਨ। ਗੁਰਮਤਿ ਅਨੁਸਾਰ ਯੋਗ ਤਾਂ ਇਕ ਮਾਨਸਿਕ ਕਸਰਤ ਜ਼ਰੂਰ ਹੋ ਸਕਦੀ ਹੈ। ਇਸ ਯੋਗ ਅਭਿਆਸ ਨਾਲ ਆਤਮਿਕ ਵਿਕਾਸ ਨਹੀਂ ਹੁੰਦਾ। ਇਹ ਢੰਗ ਮਨੁੱਖ ਨੂੰ ਕਿਰਿਆਹੀਨਤਾ ਵੱਲ ਲੈ ਜਾਂਦਾ ਹੈ। ਚੁਪ ਸਾਧਨੀ, ਸਮਾਧੀਆਂ ਲਾਉਣੀਆਂ, ਜਾਂ ਹਠ ਸਾਧਨਾਂ ਆਦਿ ਨੂੰ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ।

ਅਸਲ ਗੱਲ ਤਾਂ ਮਨ ਨੂੰ ਚੁੱਪ ਕਰਾਉਣ ਦੀ ਹੈ। ਹਉਮੈ ਯੁਕਤ ਮਨ ਚੁੱਪ ਨਹੀਂ ਹੁੰਦਾ, ਇਸ ਵਿਚ ਸੰਕਲਪ, ਵਿਕਲਪ ਆਦਿ ਫੁਰਦੇ ਹੀ ਰਹਿੰਦੇ ਹਨ। ਅਸਲ ਲੋੜ ਹੈ ਮਨ ਨੂੰ ਚੁੱਪ ਕਰਾਉਣ ਦੀ, ਅਸਲ ਲੋੜ ਹੈ ਮਨ ਨੂੰ ਹਉਮੈ ਤੋਂ ਮੁਕਤ ਕਰਨ ਦੀ, ਰਿਧੀਆਂ ਸਿਧੀਆਂ ਦੀ ਪ੍ਰਾਪਤੀ ਨਾਲ ਉਮਰ ਲੰਬੀ ਕਰ ਲੈਣਾ ਆਦਿ ਕੋਈ ਆਤਮਿਕ ਪ੍ਰਾਪਤੀ ਨਹੀਂ ਹੈ। ਮਨ ਨੂੰ ਚੁੱਪ ਕਰਾਉਣ, ਭਾਵ ਸਹਜ ਵਿਚ ਲਿਆਉਣ ਦਾ ਇਕੋ ਇਕ ਸਾਧਨ ਹੈ ਨਾਮ। ਨਾਮ ਜਪਣ ਦਾ ਹੁਕਮ ਹੀ ਹਉਮੈ ਦਾ ਵਿਨਾਸ਼ ਕਰ ਸਕਦਾ ਹੈ ਨਹੀਂ ਤਾਂ ਇਸ ਤਰ੍ਹਾਂ ਦੀ ਸਮਾਧੀ ਨਾਲ ਆਵਾਗਵਣ ਨਹੀਂ ਮੁਕਦਾ, ਭਰਮ ਨਹੀਂ ਜਾਂਦਾ, ਸਹਜ ਨਹੀਂ ਮਿਲਦਾ : ਚੁੱਪ ਸਾਧਣੀ, ਮੌਨ ਧਾਰ ਲੈਣਾ, ਕੋਈ ਕੰਮ ਨਹੀਂ ਕਰਦੇ ਕਿਉਂਕਿ ਅੰਦਰ ਤਾ ਕਲਪਣਾ ਨਾਲ ਭਰਿਆ ਹੋਇਆ ਹੈ। ਜਿਸ ਕਾਰਣ ਜੀਵ ਆਵਾਗਵਣ ਵਿਚ ਭਟਕਦਾ ਰਹਿੰਦਾ ਹੈ :-

ਚੁਪੈ ਚੁਪ ਨ ਹੋਵਈ

ਜੇ ਲਾਇ ਰਹਾ ਲਿਵਤਾਰ।।

(ਜਪੁਜੀ ਪੰਨਾ ੧)

ਇਸੇ ਤਰ੍ਹਾਂ ਇਕਾਂਤ ਦੇ ਸਿਧਾਂਤ ਬਾਰੇ ਗੁਰਮਤਿ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ।

ਵਰਤ, ਨੇਮ ਕਰਕੇ ਪ੍ਰਾਪਤੀ ਦਾ ਸਾਧਨ ਵੀ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ। ਅਸਲ ਭੁੱਖ ਤਾਂ ਮਨ ਦੀ ਹੈ। ਮਨ ਵਿਚ ਸਬਰ, ਸੰਤੋਖ, ਪਦਾਰਥਾਂ ਦੀ ਪ੍ਰਾਪਤੀ ਨਾਲ ਨਹੀਂ ਆਉਂਦੀ। ਸਾਰੇ ਸੰਸਾਰ ਦੀਆਂ ਪੁਰੀਆਂ ਦੇ ਭਾਰ-ਪਦਾਰਥ ਮਿਲ ਜਾਣ, ਤਦ ਵੀ ਮਨ ਦੀ ਤ੍ਰਿਪਤੀ ਨਹੀਂ ਹੁੰਦੀ। ਮੁਕਤੀ ਦੀ ਪ੍ਰਾਪਤੀ ਲਈ ਵਰਤ ਰਖਣੇ ਠੀਕ ਨਹੀਂ। ਸਰੀਰ ਤਾਂ ਪ੍ਰਭੂ ਦਾ ਨਿਵਾਸ ਸਥਾਨ ਹੈ ਇਸ ਨੂੰ ਭੁਖਿਆਂ ਰਖਣਾ, ਵਾਸ਼ਨਾਵਾਂ ਨੂੰ ਦਬਾਉਣਾ ਠੀਕ ਨਹੀਂ। ਮਨ ਦੀ ਤ੍ਰਿਪਤੀ ਸਚੇ ਗੁਰੂ ਦੇ ਗਿਆਨ ਨਾਲ ਹੁੰਦੀ ਹੈ - ਅੰਨ ਛੱਡਣਾ ਤੇ ਪਾਖੰਡ ਕਰਨਾ ਗੁਰੂ ਜੀ ਨੂੰ ਪਸੰਦ ਨਹੀਂ ਸੀ। ਅਸਲ ਵਿਚ ਤ੍ਰਿਪਤੀ ਤਾਂ ਗੁਰੂ ਗਿਆਨ ਤੋਂ ਬਿਨਾਂ ਨਹੀਂ ਹੁੰਦੀ।

ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ ।।

(ਗੁਰੂ ਗ੍ਰੰਥ ਪੰ. ੯੦੫)

ਨਾਮ ਅਭਿਆਸ ਨਾਲ ਪਦਾਰਥਾਂ ਵਿਚ ਰਹਿੰਦਿਆਂ ਹੀ ਵੈਰਾਗ ਦੀ ਅਵਸਥਾ ਪ੍ਰਾਪਤ ਕੀਤਾ ਜਾ ਸਕਦੀ ਹੈ ; ਗੁਰੂ ਦੀ ਪਵਿੱਤਰ ਰਸਨਾ ਤੋਂ ਅੰਮ੍ਰਿਤ ਰੂਪੀ ਨਾਮ ਬੋਲਿਆ ਸੋਹਣਾ ਲਗਦਾ ਹੈ ਜਿਨ੍ਹਾਂ ਪਿਆਰੇ ਸਿੱਖਾਂ ਨੇ ਇਹ ਨਾਮ ਸੁਣ ਕੇ ਮੰਨਿਆ ਹੈ ਉਨ੍ਹਾਂ ਦੀ ਦੁਨਿਆਵੀ ਪਦਾਰਥਾਂ ਦੀ ਸਾਰੀ ਭੁੱਖ ਖਤਮ ਹੋ ਜਾਂਦੀ ਹੈ।

ਇਸੇ ਤਰ੍ਹਾਂ ਸਿਆਣਪਾਂ ਜਾਂ ਚਤੁਰਾਈ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਝੂਠੀ ਵਿਦਵਤਾ ਜਾਂ ਚਤੁਰਪੁਣੇ ਨਾਲ ਮਨੁੱਖ ਦੁਨੀਆਂ ਵਿਚ ਤਾਂ ਭਾਵੇਂ ਵਕਤੀ ਤੌਰ ਤੇ ਕੁਝ ਸਿਆਣਾ ਬਣ ਸਕਦਾ ਹੈ ਪ੍ਰੰਤੂ ਪ੍ਰਭੂ ਦਰ ਤੇ ਇਸ ਤਰ੍ਹਾਂ ਦੀ ਚਤੁਰਾਈ ਨਹੀਂ ਚਲਦੀ, ਇਸ ਪ੍ਰਕਾਰ ਦੀ ਦੁਨਿਆਵੀ ਸਿਆਣਪ ਨਾਲ ਨਹੀਂ ਜਾਂਦੀ। ਮਨ ਦਾ ਭਰਮ ਬਣਿਆ ਰਹਿੰਦਾ ਹੈ। ਜਮ ਦਾ ਡਰ ਹਟਦਾ ਨਹੀਂ। ਗੁਰੂ ਜੀ, ਦੁਨੀਆਂ ਦੀਆਂ ਸਿਆਣਪਾਂ ਦੇ ਮੁਕਾਬਲੇ ਵਿਚ ਪ੍ਰਭੂ ਦਰ ਦੀ ਸਿਆਣਪ ਨੂੰ ਮਹੱਤਤਾ ਤੇ ਮਹਾਨਤਾ ਦਿੰਦੇ ਹਨ। ਇਸ ਸੰਸਾਰ ਦੀਆਂ ਸਿਆਣਪਾਂ ਅੰਤ ਨੂੰ ਮਨੁੱਖ ਦੇ ਨਾਲ ਨਹੀਂ ਜਾਣੀਆਂ।

ਸਹਸ ਸਿਆਣਪਾ ਲਖ ਹੋਇ,
ਤਾ ਇਕ ਨਾ ਚਲੈ ਨਾਲਿ ।। (ਪੰਨਾ ੧)

ਗੁਰੂ ਜੀ ਤਾਂ ਨਾਮ ਨੂੰ ਹੀ ਦ੍ਰਿੜ੍ਹ ਕਰਾਉਂਦੇ ਹਨ। ਗੁਰਮਤਿ ਅਨੁਸਾਰ ਕਲਜੁਗ ਵਿਚ ਸਚਿ, ਵਰਤ, ਨੇਮ, ਚੁਪ ਆਦਿ ਸਾਰੇ ਸਾਧਨ ਸਫਲ ਨਹੀਂ ਹਨ ਕੇਵਲ ਨਾਮ ਹੀ ਇਕ ਸਫਲ ਸਾਧਨ ਹੈ :

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪਿ।

(ਗੁਰੂ ਗ੍ਰੰਥ, ਪੰਨਾ ੨੦)

## ਆਦਰਸ਼ ਮਨੁੱਖ

ਜਪੁ ਬਾਣੀ ਵਿਚ ਮਾਨਵ ਦਾ ਜੀਵਨ ਆਦਰਸ਼ ਸਰੂਪ ਉਜਾਗਰ ਹੋਇਆ ਹੈ। ਉਸ ਨੇ ਕੂੜ ਦੀ ਕੰਧ ਤੋੜ ਕੇ ਸਚਿਆਰਾ ਮਨੁੱਖ ਬਣਨਾ ਹੈ। ਆਦਰਸ਼ ਮਨੁੱਖ ਲਈ ਜਪੁਜੀ ਵਿਚ ਪੰਚ, ਭਗਤ, ਪਰਵਾਣ, ਸੂਰਾ, ਯੋਧਾ ਅਤੇ ਮਹਾਂਬਲੀ ਆਦਿ ਸ਼ਬਦ ਮਿਲਦੇ ਹਨ। ਇਹ ਸਾਰੇ ਸਬ਼ਦ ਜਪੁਜੀ ਦੇ ਸ਼ੁਰੂ ਵਿਚ ਆਏ 'ਸਚਿਆਰ' ਦੇ ਹੀ ਪਰਾਇਵਾਚੀ ਹਨ। ਸਚਿਆਰ ਇਕ ਪਾਸੇ ਪ੍ਰਭੂ ਲਈ ਆਇਆ ਹੈ ਦੂਸਰੇ ਪਾਸੇ ਪ੍ਰਭੂ ਸਾਧਕ ਵਲੋਂ ਕੀਤੇ ਕਰਮਾਂ ਨੂੰ ਪਰਖਣ ਦੀ ਕਸਵੱਟੀ ਦੇ ਰੂਪ ਵਿਚ ਵੀ ਆਇਆ ਹੈ। ਮਨੁੱਖ ਸੱਚ ਆਧਾਰਤ ਕਰਮ ਕਰਕੇ ਹੀ ਸਚਿਆਰਾ ਬਣਦਾ ਹੈ।

ਮਨੁ ਸਚ ਕਸਵਟੀ ਲਾਈਐ
ਤੁਲੀਐ ਪੂਰੇ ਤੋਲਿ ।।

(ਗੁਰੂ ਗ੍ਰੰਥ, ਪੰ. ੨੨)

## ਸਚਿਆਰ ਪਦ ਦੀ ਪ੍ਰਾਪਤੀ ਦੇ ਸਾਧਨ

ਸਚਿਆਰ ਪਦ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਮੁੱਖ ਰੂਪ ਵਿਚ ਪੰਜ ਬੁਨਿਆਦੀ ਸਾਧਨਾਂ ਦਾ ਵਰਣਨ ਕੀਤਾ ਹੈ, ਉਹ ਇਸ ਪ੍ਰਕਾਰ ਹਨ :

1. ਪ੍ਰਭੂ ਦਾ ਹੁਕਮ ਮੰਨਣਾ
2. ਪ੍ਰਭੂ ਦਾ ਜਸ ਗਾਉਣਾ
3. ਪ੍ਰਭੂ ਜਸ ਸੁਣਨਾ
4. ਪ੍ਰਭੂ ਦੀ ਹੋਂਦ ਨੂੰ ਮੰਨਣਾ
5. ਮਨ ਵਿਚ ਵਸਾਉਣਾ

ਜਪੁਜੀ ਬਾਣੀ ਜਪਣ ਵਾਸਤੇ ਹੈ। ਜਪੁ ਤੋਂ ਭਾਵ ਤੋਤਾ ਰਟਨੀ ਨਹੀਂ ਸਗੋਂ ਬਾਣੀ ਵਿਚ ਆਏ ਭਾਵਾਂ ਨੂੰ ਮਨ ਵਿਚ ਧਾਰਨ ਕਰਨਾ ਹੈ। ਜਪੁਜੀ ਦੇ ਪਾਠ ਕਰਨ ਦਾ ਹੁਕਮ ਹੈ। ਜਪੁ ਬਾਣੀ ਦਰਗਾਹ ਦਾ ਨੀਸਾਣੁ ਹੈ। ਨੀਸਾਣੁ ਤੋਂ ਭਾਵ ਉਹ ਪਰਮਾਣਤ 'ਨੀਸਾਣੁ' ਜੋ ਜੀਵ ਨੂੰ ਲੋਕ ਵਿਚ ਸੁਖ ਪ੍ਰਦਾਨ ਕਰਦਾ ਹੈ ਅਤੇ ਪਰਲੋਕ ਵਿਚ ਧਰਮੀ ਹੋਣ ਦੀ ਗਵਾਹੀ ਦੇ ਕੇ ਮੁੱਖ ਉਜਲਾ ਕਰਦਾ ਹੈ।

ਪ੍ਰਭੂ ਦਾ ਹੁਕਮ ਨਾਮ ਜਪਣ ਦਾ ਹੈ। ਇਹ ਹੁਕਮ ਤਾਂ ਜੀਵ ਦੇ ਜਨਮ ਸਮੇਂ ਉਸ ਦੇ ਹਿਰਦੇ ਵਿਚ ਹੀ ਅੰਕਿਤ ਕਰ ਦਿੱਤਾ ਸੀ। ਇਸ ਹੁਕਮ ਦੀ ਸੋਝੀ ਸਤਿਗੁਰ ਪਾਸੋਂ ਆਉਂਦੀ ਹੈ। ਜੀਵ ਨੂੰ ਇਸ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਅਸਲ ਵਿਚ ਇਹੀ ਇਕ ਹੁਕਮ ਹੈ ਜਿਹੜਾ ਜੀਵ ਦੇ ਜੀਵਨ ਮਨੋਰਥ ਦੀ ਸਫਲਤਾ ਲਈ ਜ਼ਰੂਰੀ ਹੈ।

ਆਤਮਾ ਤੇ ਪਰਮਾਤਮਾ ਦੇ ਵਿਚਕਾਰ ਹਉਮੈ ਦੀ ਦੀਵਾਰ ਹੈ। ਪ੍ਰਭੂ ਦੇ ਹੁਕਮ ਅੰਦਰ ਨਾਮ ਜਪਿਆਂ ਹਉਮੈ ਦਾ ਵਿਨਾਸ਼ ਹੋ ਜਾਂਦਾ ਹੈ। ਗੁਰੂ ਕਥਨ ਹੈ : ਹੁਕਮ ਤੇ ਹਉਮੈ ਦਾ ਆਪਸੀ ਵਿਰੋਧ ਹੈ ਹਉਮੈ ਨੂੰ ਹੁਕਮ ਦੇ ਅਧੀਨ ਰੱਖਣ ਨਾਲ ਹੀ ਮਨੁੱਖ ਦਾ ਜੀਵਨ ਸਫਲ ਹੋ ਸਕਦਾ ਹੈ।

ਹੁਕਮ ਮੰਨਣ ਨਾਲ ਹਰੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਹੁਕਮ ਮੰਨਣ ਦੀ ਸੋਝੀ ਗੁਰੂ ਉਪਦੇਸ਼ ਨੂੰ ਹਿਰਦੇ ਵਿਚ ਵਸਾਉਣ ਨਾਲ ਆਉਂਦੀ ਹੈ।

ਨਾਨਕ ਹੁਕਮੈ ਜੇ ਬੁਝੈ
ਤਾਂ ਹਉਮੈ ਕਹੈ ਨ ਕੋਇ ।।

(ਜਪੁਜੀ, ਪੰਨਾ ੧)

ਪਰਮਸਤਿ ਨੂੰ ਸਾਰੀ ਸ੍ਰਿਸ਼ਟੀ ਗਾ ਰਹੀ ਹੈ। ਆਤਮ ਮੰਡਲ, ਪ੍ਰਿਥਵੀ ਮੰਡਲ ਤੇ ਬ੍ਰਹਮੰਡ ਸਭ ਉਸ ਨੂੰ ਗਾ ਰਹੇ ਹਨ। ਮਨੁੱਖ ਨੂੰ ਦਿਨ ਵਿਚ ਅੱਠ ਪਹਿਰ ਮਿਲੇ ਹਨ। ਇਨ੍ਹਾਂ ਵਿਚੋਂ ਇਕ ਪਹਿਰ ਅੰਮ੍ਰਿਤ ਵੇਲੇ ਦਾ ਪ੍ਰਭੂ ਦੇ ਜਸ ਗਾਉਣ ਦਾ ਹੁਕਮ ਹੈ। ਕੋਈ ਉਸ ਦੇ ਗੁਣਾਂ ਨੂੰ, ਕੋਈ ਦਾਤਾਂ ਨੂੰ, ਅਤੇ ਕੋਈ ਕਰਤਾ ਨੂੰ ਵਿਦਿਆਦਾਤਾ ਮੰਨ ਕੇ ਗਾਉਂਦਾ ਹੈ। ਪ੍ਰਭੂ ਨੂੰ ਗਾਉਣਾ ਹੀ ਜੀਵਨ ਆਦਰਸ਼ ਪ੍ਰਾਪਤੀ ਦਾ ਸਾਧਨ ਹੈ।

ਗਾਵੈ ਕੋ ਗੁਣ ਵਡਿਆਈਆ ਚਾਰ ।।
ਗਾਵੈ ਕੋ ਵਿਦਿਆ ਵਿਖਮੁ ਵੀਚਾਰ ।।

(ਜਪੁਜੀ ਪੰ. ੨)

ਗੁਰਮਤਿ ਅਨੁਸਾਰ ਗਾਉਣ ਲਈ ਘਰ ਬਾਰ ਤੇ ਸੰਸਾਰ ਤਿਆਗਣ ਦੀ ਲੋੜ ਨਹੀਂ ਸਗੋਂ ਸੰਸਾਰ ਵਿਚ ਰਹਿੰਦਿਆਂ ਵਿਅਕਤੀਗਤ ਤੇ ਸੰਗਤ ਰੂਪ ਵਿਚ ਬੈਠ ਕੇ ਗਾਉਣ ਦਾ ਆਦੇਸ਼ ਹੈ। ਜਿਸ ਉਪਰ ਪ੍ਰਭੂ ਬਖਸ਼ਿਸ਼ ਹੁੰਦੀ ਹੈ ਉਹੀ ਗਾਉਂਦਾ ਹੈ। ਪ੍ਰਭੂ ਜਸ ਪ੍ਰਭੂ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ।

ਗਾਉਣ ਵਾਲਾ ਸੇਵਕ ਨਰਕਾਂ ਦੇ ਚੱਕਰ ਤੋਂ ਬਚ ਜਾਂਦਾ ਹੈ, ਜੂਨੀਆਂ ਵਿਚ ਭਾਉਣਾ ਵੀ ਤਾਂ ਨਰਕ ਹੀ ਹਨ: ਗੁਰੂ ਜੀ ਦਾ ਹੁਕਮ ਹੈ ਕਿ ਜਿਹੜਾ ਸੇਵਕ ਪ੍ਰਭੂ ਦੇ ਗੁਣ ਗਾਉਂਦਾ ਹੈ ਉਹ ਆਵਾਗਵਣ ਦੇ ਚੱਕਰ ਵਿਚ ਨਹੀਂ ਪੈਂਦਾ।

ਲਖ ਚਉਰਾਸੀਹ ਨਰਕ ਨ ਦੇਖਹੁ ।।
ਰਸਕਿ ਰਸਕਿ ਗੁਣ ਗਾਈ ਹੇ ।।

(ਗੁਰੂ ਗ੍ਰੰਥ, ਪੰ. ੧੦੭੮)

ਪ੍ਰਭੂ ਨਾਮ ਸੁਣਨਾ ਵੀ ਇਕ ਪ੍ਰਕਾਰ ਦੀ ਭਗਤੀ ਹੈ। ਅਧਿਆਤਮਵਾਦੀਆਂ ਨੇ ਪ੍ਰਭੂ ਨਾਮ ਨੂੰ ਸੁਣਨਾ ਪਰਮਸਤਿ ਦੇ ਮਹਿਲ ਦੀਆਂ ਨੀਹਾਂ ਮੰਨੀਆਂ ਹਨ। ਮੰਨਨ ਨੂੰ ਥੰਮ, ਨਿਧਿਆਸਨ ਨੂੰ ਛੱਤ ਕਿਹਾ ਹੈ। ਪ੍ਰਭੂ ਨਾਮ ਨੂੰ ਸ਼ਰਧਾ ਨਾਲ ਸੁਣਨ ਨਾਲ ਮਨ ਇਕਾਗਰ ਹੁੰਦਾ ਹੈ। ਸਾਧਕ ਜਨ ਆਪਣੀਆਂ ਇੰਦਰੀਆਂ ਨੂੰ ਸੰਜਮ ਵਿਚ ਰੱਖ ਕੇ ਇਕਾਗਰ ਚਿੱਤ ਮਨ ਨਾਲ ਜਦੋਂ ਪ੍ਰਭੂ ਵਿਚ ਧਿਆਨ ਕੇਂਦਰਤ ਕਰਦੇ ਹਨ ਤਾਂ ਨਾਮ ਹੀ ਸੁਣਦੇ ਹਨ। ਨਾਮ ਸੁਣਨ ਨਾਲ ਆਤਮਾ ਤੇ ਪਰਮਾਤਮਾ ਦੀ ਸੋਝੀ ਹੋ ਜਾਂਦੀ ਹੈ। ਪ੍ਰਭੂ ਨਾਮ ਸੁਣਨ ਲਈ ਫਿਰ ਕਿਸੇ ਹੋਰ ਪ੍ਰਕਾਰ ਦੇ ਕਰਮ ਦੀ ਲੋੜ ਨਹੀਂ

ਰਹਿੰਦੀ। ਜਪੁ ਜੀ ਦੀ ਪਉੜੀ ਨੰ. 8-11 ਤੱਕ ਨਾਮ ਸੁਣਨ ਦੀ ਭਰਪੂਰ ਵਿਆਖਿਆ ਕੀਤੀ ਗਈ ਹੈ। ਸੁਣਨ ਨਾਲ ਸਹਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਨਾਮ ਸੁਣਨ ਨਾਲ ਪਰਮਗਤਿ ਨੂੰ ਪ੍ਰਾਪਤ ਹੋਇਆ ਜਾ ਸਕਦਾ ਹੈ। ਪਰਮਾਤਮਾ ਦੀ ਹੋਂਦ ਨੂੰ ਮੰਨਣਾ ਵੀ ਪਰਮਸਤਿ ਦੀ ਪ੍ਰਾਪਤੀ ਵੱਲ ਅਗਲਾ ਕਦਮ ਪੁੱਟਣਾ ਹੈ। ਮੰਨਣ ਦਾ ਅਰਥ ਚਿੰਤਨ ਤੇ ਤਰਕ ਦੁਆਰਾ ਕੱਢਿਆ ਨਤੀਜਾ ਕੀਤਾ ਗਿਆ ਹੈ। ਮੰਨਣ ਦੀ ਕਿਰਿਆ ਸ਼ਰਧਾ ਨੂੰ ਪ੍ਰਪੱਕ ਕਰਦੀ ਹੈ। ਮੰਨਣ ਨਾਲ ਮਨ ਵਿਚ ਸੂਝ ਉਪਜਦੀ ਹੈ। ਪਦਾਰਥਕ ਭਟਕਣਾ ਮੁੱਕਦੀ ਹੈ। ਮੰਨਣ ਵਾਲੇ ਦੀ ਗਤਿ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਅੰਤਹਕਰਨ ਦੇ ਚਾਰੇ ਭਾਗ, ਪ੍ਰਭੂ ਨੂੰ ਮੰਨਣ ਨਾਲ ਵਿਕਾਸ ਵਿਚ ਆਉਂਦੇ ਹਨ ਅਤੇ ਸਹਜ ਦੀ ਪ੍ਰਾਪਤੀ ਹੁੰਦੀ ਹੈ।

ਮੰਨੈ ਸੁਰਤਿ ਹੋਵੈ ਮਨਿ ਬੁਧਿ ।।
ਮੰਨੈ ਸਗਲ ਭਵਣ ਕੀ ਸੁਧਿ ।।

(ਪੰਨਾ ੩)

ਪ੍ਰਭੂ ਦੀ ਹੋਂਦ ਨੂੰ ਮੰਨਣ ਨਾਲ ਸੁਰਤ ਇਕਾਗਰ ਹੁੰਦੀ ਹੈ ਤੇ ਭਰਮ ਦਾ ਨਾਸ ਹੁੰਦਾ ਹੈ। ਨਾਮ ਰਸ ਉਪਜਦਾ ਹੈ। ਦੁੱਖ ਭੁੱਖ ਦੋਨਾਂ ਦਾ ਖਾਤਮਾ ਹੁੰਦਾ ਹੈ। ਜੀਵਨ ਮੁਕਤੀ ਦੇ ਦੁਆਰੇ ਅਪੜ ਜਾਂਦਾ ਹੈ। ਪ੍ਰਭੂ ਦੇ ਨਾਮ ਦੀ ਸ਼ਕਤੀ ਨੂੰ ਮੰਨਣ ਵਾਲਾ ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਦਾ ਪਰਾਇਣ ਨਹੀਂ ਹੁੰਦਾ, ਨਾਮ ਨੂੰ ਜਿੰਦਗੀ ਦਾ ਆਸਰਾ ਬਣਾਉਂਦਾ ਹੈ। ਪ੍ਰਭੂ ਨਾਮ ਨੂੰ ਮੰਨਣ ਨਾਲ ਨਿਜ ਘਰ ਵਿਚ ਵਾਸਾ ਹੁੰਦਾ ਹੈ। ਜੀਵ ਪਤਿ ਵਾਲਾ ਬਣਦਾ ਹੈ। ਪ੍ਰਭੂ ਨਾਮ ਨੂੰ ਗਾਉਣ, ਸੁਨਣ, ਮੰਨਣ, ਤੇ ਮਨ ਵਿਚ ਵਸਾਉਣ ਵਾਲਿਆਂ ਦੇ ਗੁਰੂ ਜੀ ਬਲਿਹਾਰ ਜਾਂਦੇ ਹਨ। ਪ੍ਰਭੂ ਨਾਮ ਕਹਿਣਾ ਭਾਵ ਗਾਉਣਾ, ਸੁਣਨਾ ਤੇ ਮੰਨਣਾ ਅਤਿ ਉਤਮ ਕਰਮ ਹੈ, ਜਿਹੜਾ ਇਹ ਕਰਦਾ ਹੈ ਗੁਰੂ ਜੀ ਉਸਦੇ ਬਲਿਹਾਰੀ ਜਾਂਦੇ ਹਨ।

ਮੰਨਣ ਦੀ ਕਿਰਿਆ ਦਾ ਲਗਾਤਾਰ ਅਭਿਆਸ ਕਰਨ ਨਾਲ ਜਦੋਂ ਸਾਧਕ ਦਾ ਮਨ ਸਿਮਰਨ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਉਸਦੀ ਕਿਰਿਆ ਦੋ ਪੱਖੀ ਹੋ ਜਾਂਦੀ ਹੈ। ਪ੍ਰਭੂ ਨਾਲ ਜੁੜਨ ਉਪਰੰਤ ਉਹ ਸੰਸਾਰੀ ਕਾਰੋਬਾਰ ਵਿਚ ਵੀ ਰੁਚਿਤ ਰਹਿੰਦਾ ਹੈ। ਗੁਰਮਤਿ ਨਾਮ ਸਿਮਰਨ ਲਈ ਘਰ ਬਾਰ ਤਿਆਗਣ ਤੇ ਜੋਰ ਨਹੀਂ ਦਿੰਦੀ ਸਗੋਂ ਸੰਸਾਰ ਵਿਚ ਰਹਿ ਕੇ ਵਿਵਹਾਰ ਕਰਦਿਆਂ ਪ੍ਰਭੂ ਯਾਦ ਨੂੰ ਹਿਰਦੇ ਵਿਚ ਧਾਰਨ ਕਰੀ ਰਖਣਾ ਹੀ ਹੁਕਮ ਹੈ। ਨਾਮ ਮੰਨਣ ਤੇ ਅਭਿਆਸ ਦੀ ਨਿਰੰਤਰਤਾ ਸਾਧਕ ਪ੍ਰਭੂ ਨਾਲ ਵਲੀਨ ਹੋਣ ਲਈ ਸਹਾਈ ਹੁੰਦਾ ਹੈ। ਇਥੇ ਪਹੁੰਚ ਕੇ ਹਉਮੈ ਦਾ ਪੂਰਨ ਅਭਾਵ ਹੁੰਦਾ ਹੈ। ਜਪੁਜੀ ਵਿਚ ਇਸ ਲਈ ਸ਼ਬਦ 'ਭਾਉ' ਆਇਆ ਹੈ।

ਸੁਣਿਆ ਮੰਨਿਆ ਮਨਿ ਕੀਤਾ ਭਾਉ ।।

(ਜਪੁਜੀ, ਪੰਨਾ ੪)

ਨਾਮ ਅਭਿਆਸ ਦੀ ਕਿਰਿਆ ਨਾਲ ਜੀਵ ਆਤਮਿਕ ਮੰਜਲ ਦੀਆਂ ਪਉੜੀਆਂ ਚੜ੍ਹਦਾ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ। ਜਪੁਜੀ ਵਿਚ ਇਸ ਵਿਅਕਤੀ ਦਾ ਨਾਮ 'ਪੰਚ' ਰੱਖਿਆ ਹੈ, ਪੰਚ ਜੀਵਨ ਦੇ ਹਰ ਖੇਤਰ ਵਿਚ ਪ੍ਰਵਾਨ ਪੁਰਸ਼ ਹੁੰਦਾ ਹੈ। ਇਸਦਾ ਬਾਕੀ ਜ਼ਿਕਰ ਅਸੀਂ ਆਦਰਸ਼ ਮਨੁੱਖ ਦੇ ਰੂਪ ਵਿਚ ਕਰਾਂਗੇ।

ਇਹ ਸੰਸਾਰ, ਜੀਵਾਂ ਲਈ ਕਰਮ ਖੇਤਰ ਹੈ। ਨਾਮ ਨੂੰ ਧਾਰਨ ਕਰਨ ਨਾਲ ਸਦਾਚਾਰਕ ਗੁਣਾਂ ਦੀ ਸੋਝੀ ਹੁੰਦੀ ਹੈ। ਕਰਮ ਹੀ ਮਨੁੱਖ ਨੂੰ ਕੂੜਿਆਰ ਬਣਾਉਂਦੇ ਹਨ। ਗੁਰੂ ਜੀ ਨੇ ਗੁਣਾਂ ਨੂੰ ਦ੍ਰਿੜ੍ਹ ਕਰਵਾਉਣ ਲਈ ਇਕ ਸੁਨਿਆਰੇ ਦੀ ਦੁਕਾਨ ਦਾ ਰੂਪਕ ਵਰਤਿਆ ਹੈ।

ਜਤ, ਧੀਰਜ, ਦੇਵ (ਗਿਆਨ) ਸੰਤੋਖ ਤੇ ਪ੍ਰੇਮ ਪਿਆਰ ਆਦਿ ਗੁਣਾਂ ਨੂੰ ਧਾਰਣ ਕਰਨ ਨਾਲ ਸਰੀਰ ਰੂਪੀ ਸਿੱਕੇ ਵਿਚੋਂ ਅਵਗੁਣਾਂ ਦਾ ਖੋਟ ਨਿਕਲ ਜਾਂਦਾ ਹੈ। ਇਹ ਸਚਿਆਰ ਰੂਪੀ ਸਿੱਕਾ ਪ੍ਰਭੂ ਦਰ ਦੀ ਟਕਸਾਲ ਵਿਚ ਪ੍ਰਵਾਨ ਹੁੰਦਾ ਹੈ। ਇਹ ਘਾੜਤ ਸ਼ਬਦ ਦੀ ਟਕਸਾਲ ਤੇ ਘੜੀ ਜਾਂਦੀ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ ।।

ਘੜੀਐ ਸ਼ਬਦੁ ਸਚੀ ਟਕਸਾਲ ।। (ਜਪੁਜੀ, ਪੰਨਾ ੮)

ਗੁਰਮਤਿ ਵਿਚਾਰਧਾਰਾ ਅਨੁਸਾਰ ਚੰਗੇ ਕਰਮਾਂ ਅਨੁਸਾਰ ਹੀ ਅੱਗੇ ਪੁੱਛ ਪਰਤੀਤ ਹੋਣੀ ਹੈ। ਪ੍ਰੰਤੂ ਕਰਮ ਕਰਨ ਉਪਰੰਤ ਮਨੁੱਖ ਹਉਮੈ ਦਾ ਸ਼ਿਕਾਰ ਨਾ ਹੋ ਜਾਵੇ, ਇਸਦਾ ਇਲਾਜ ਇਕੋ ਹੀ ਹੈ ਜੋ ਜਪੁਜੀ ਵਿਚ ਦਰਸਾਇਆ ਗਿਆ ਹੈ ਕਿ ਕਰਮ ਕਰਨ ਉਪਰੰਤ ਕੋਈ ਦਾਅਵਾ ਨਹੀਂ ਪ੍ਰਭੂ ਦੀ ਕਿਰਪਾ ਹੋਵੇ, ਤਾਂ ਹੀ ਇਹ ਦਾਤ ਪ੍ਰਾਪਤ ਹੁੰਦੀ ਹੈ। ਇਸ ਲਈ ਸਾਧਕ ਨੂੰ ਕਰਮ ਕਰਦਿਆਂ ਨਿਹਕਰਮੀ ਰਹਿਣਾ ਚਾਹੀਦਾ ਹੈ। ਕਰਮ ਕਰਕੇ ਹੀ ਸਚਿਆਰ ਪਦ ਦਾ ਦਾਹਵਾ ਨਹੀਂ ਕਰ ਸਕਦਾ। ਕਰਮ ਪ੍ਰਭੂ ਦੀ ਨਦਰੀ ਆਉਣ ਨਾਲ ਹੀ ਪ੍ਰਵਾਨਗੀ ਹੁੰਦੀ ਹੈ :

ਕਰਮੀ ਕਰਮੀ ਹੋਇ ਵੀਚਾਰੁ ।। (ਪੰਨਾ ੭)

ਜਿਨ ਕਉ ਨਦਰਿ ਕਰਮੁ ਤਿਨ ਕਾਰ ।। (ਪੰਨਾ ੮)

ਨਾਨਕ ਨਦਰੀ ਨਦਰਿ ਨਿਹਾਲ ।।

ਜਾਂ

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ ।। (ਜਪੁਜੀ, ਪੰਨਾ ੨)

## ਸਚਿਆਰ ਕੌਣ ਅਤੇ ਕਿਵੇਂ ?

ਸਚਿਆਰ ਮਨੁੱਖ ਇਕ ਧਿਆਨੀ ਪੁਰਸ਼ ਹੁੰਦਾ ਹੈ। ਉਸ ਦੀ ਬਿਰਤੀ ਗੁਰੂ ਦੇ ਪੂਰਨ ਗਿਆਨ ਵਿਚ ਜੁੜੀ ਹੁੰਦੀ ਹੈ, ਉਸ ਨੂੰ ਧਿਆਨ ਸਥਿਤ ਹੁੰਦਾ ਹੈ। ਉਸ ਨੂੰ ਸਮਾਜ ਵਿਚ ਮਾਣ ਮਿਲਦਾ ਹੈ। ਕਿਸੇ ਵੀ ਮਾਪਦੰਡ ਨਾਲ ਨਾਪਿਆਂ ਉਹ ਪੂਰਨ ਸਿੱਧ ਹੁੰਦਾ ਹੈ। ਉਹ ਹਰ ਇਕ ਦੇ ਵਿਸ਼ਵਾਸ ਦਾ ਪਾਤਰ ਹੁੰਦਾ ਹੈ। ਉਹ ਸਭ ਲਈ ਸਾਂਝਾ ਤੇ ਸਭ ਲਈ ਪਿਆਰਾ ਹੁੰਦਾ ਹੈ। ਉਹ ਗੁਣਾਂ ਦੇ ਨਾਲ ਮਨ ਵਿਚ ਨਿਮਰਤਾ ਧਾਰਨ ਕਰੀ ਰਖਦਾ ਹੈ।

ਆਦਰਸ਼ ਮਨੁੱਖ ਦਾ ਜੀਵਨ ਪਰਉਪਕਾਰੀ ਹੁੰਦਾ ਹੈ। ਉਹ ਆਪ ਨਾਮ ਜਪਦਾ ਹੈ ਦੂਸਰਿਆਂ ਨੂੰ ਜਪਣ ਦੀ ਪ੍ਰੇਰਨਾ ਦਿੰਦਾ ਹੈ। ਜਿਥੇ ਉਹ ਆਪ ਮੁਕਤ ਹੁੰਦਾ ਹੈ ਉਥੇ ਦੂਸਰਿਆਂ ਨੂੰ ਵੀ ਮੁਕਤ ਕਰਾਉਂਦਾ ਹੈ। ਜਪੁਜੀ ਵਿਚ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਹੈ ਕਿ ਜਿਹੜੇ ਇਥੇ ਸਤਿਕਾਰੇ ਤੇ ਪਰਵਾਣੇ ਜਾਂਦੇ ਹਨ ਉਹੀ ਅੱਗੇ ਪ੍ਰਭੂ ਦਰਬਾਰ ਵਿਚ ਮੁੱਖ ਉਜਲਾ ਲੈ ਕੇ ਜਾਂਦੇ ਹਨ :

ਨਾਨਕ ਗਇਆ ਜਾਪੈ ਜਾਇ ।।

(ਪੰਨਾ ੭)

ਆਦਰਸ਼ ਮਨੁੱਖ ਨੂੰ ਪੰਜ ਗੁਣਾਂ ਦਾ ਧਾਰਨੀ ਮੰਨਿਆ ਗਿਆ ਹੈ। ਉਹ ਸਤ, ਸੰਤੋਖ, ਦਇਆ, ਧਰਮ ਤੇ ਧੀਰਜ ਨੂੰ ਗ੍ਰਹਿਣ ਕਰਦਾ ਹੈ ਅਤੇ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਤਿਆਗਦਾ ਹੈ। ਇਸ ਦਾ ਜ਼ਿਕਰ ਭਾਈ ਗੁਰਦਾਸ ਦੇ ਕਬਿਤ ਸਵੈਯਾ ਵਿਚੋਂ ਮਿਲਦਾ ਹੈ।

ਪੰਚ (ਆਦਰਸ਼ ਮਨੁੱਖ) ਦੀ ਪ੍ਰਭੂ ਦੀ ਏਕਤਾ ਅਤੇ ਅਖੰਡਤਾ ਪ੍ਰਤਿ ਇਤਨੀ ਦ੍ਰਿੜ੍ਹਤਾ ਬਣ ਜਾਂਦੀ ਹੈ ਕਿ ਉਹ ਇਹੀ ਅਰਦਾਸ ਕਰਦਾ ਹੈ ਕਿ ਇਕੋ ਪ੍ਰਭੂ ਕਿਤੇ ਭੁੱਲ ਕੇ ਵੀ ਨਾ ਵਿਸਰ ਜਾਏ।

ਗੁਰਾ ਇਕ ਦੇਹਿ ਬੁਝਾਈ

ਸਭਨਾ ਜੀਆ ਕਾ ਇਕੁ ਦਾਤਾ

ਸੋ ਮੈ ਵਿਸਰਿ ਨ ਜਾਈ ।। (ਪੰਨਾ ੨)

ਜਾਂ

ਪੰਚਾ ਕ ਗੁਰੁ ਏਕੁ ਧਿਆਨੁ (ਪੰਨਾ ੩)

ਆਦਰਸ਼ ਮਨੁੱਖ ਆਪਣੀ ਸਫਲਤਾ ਲਈ ਪੰਜ ਮੁੱਖ ਅਧਿਆਤਮਕ ਨੇਮਾਂ ਨੂੰ ਜੀਵਨ ਦਾ ਆਧਾਰ ਬਣਾਉਂਦਾ ਹੈ। ਇਹ ਹਨ ਪ੍ਰਭੂ ਹੁਕਮ ਨੂੰ ਮੰਨਣਾ, ਉਸ ਦਾ ਜਸ ਗਾਉਣਾ, ਜਸ ਸੁਣਨਾ, ਸੁਣ ਕੇ ਮੰਨਣਾ ਤੇ ਮਨ ਵਿਚ ਵਸਾਉਣਾ।

ਸਦਾਚਾਰਕ ਪੱਖ ਵਿਚ ਆਦਰਸ਼ ਮਨੁੱਖ ਸੰਤੋਖੀ ਹੁੰਦਾ ਹੈ। ਸੰਤੋਖੀ ਹੋਣਾ ਕਿਰਿਆਹੀਨ ਨਹੀਂ ਸਗੋਂ ਗਤੀਸ਼ੀਲ ਰਚਨਾਤਮਕ ਜੀਵਨ ਹੈ, ਜਿਸ ਵਿਚ ਉਪਕਾਰੀ ਕਿਰਿਆ ਸ਼ਾਮਲ ਹੁੰਦੀ ਹੈ। ਇਹ ਕਿਰਿਆ ਗੁਰੂ ਦੀ ਸਿਖਿਆ ਦਾ ਧਾਰਨੀ ਬਨਣ ਨਾਲ ਪੈਦਾ ਹੁੰਦੀ ਹੈ। ਪ੍ਰਭੂ ਨਾਮ ਸੁਣਨ ਨਾਲ ਸਾਧਕ ਸਤਿ, ਸੰਤੋਖ ਤੇ ਵੀਚਾਰ ਆਦਿ ਗੁਣਾਂ ਦਾ ਧਾਰਨੀ ਹੁੰਦਾ ਹੈ। ਇਹ ਗੁਣ ਮਨੁੱਖ ਦੇ ਨੈਤਿਕ ਤੇ ਬੋਧਿਕ ਸੰਸਕ੍ਰਿਤੀ ਦੇ ਲਖਾਇਕ ਹਨ। ਜਪੁਜੀ ਵਿਚ ਇਨ੍ਹਾਂ ਨੂੰ ਰਤਨ, ਜਵਾਹਰ ਤੇ ਮਾਣਕਮੋਤੀਆਂ ਨਾਲ ਤੁਲਨਾਇਆ ਹੈ।

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ।।

(ਪੰਨਾ ੨)

ਜਪੁ ਬਾਣੀ ਵਿਚ ਜੋਧਾ ਉਸ ਨੂੰ ਕਿਹਾ ਹੈ ਜਿਹੜਾ ਇੰਦਰੀਆਂ ਨੂੰ ਜਿੱਤ ਕੇ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ। ਇਸੇ ਤਰ੍ਹਾਂ ਮਹਾਂਬਲੀ ਉਸ ਨੂੰ ਕਿਹਾ ਹੈ ਜਿਸ ਨੇ ਮਨ ਨੂੰ ਜਿੱਤ ਲਿਆ ਹੁੰਦਾ ਹੈ। ਦੁਨਿਆਵੀ ਪਦਾਰਥਾਂ ਦੇ ਵਿਲਾਸ ਦੀ ਰੁਚੀ ਵਲੋਂ ਮਨ ਨੂੰ ਮੋੜ ਲੈਣਾ ਮਹਾਂਬਲੀ ਦਾ ਕੰਮ ਹੈ। ਉਹ ਆਪਣੀ ਮਤਿ ਦਾ ਤਿਆਗ ਕਰਕੇ ਗੁਰੂ ਦੀ ਮਤਿ ਨੂੰ ਗ੍ਰਹਿਣ ਕਰਦਾ ਹੈ। ਗੁਰੂ ਅਗੇ ਤਨ ਮਨ ਸਭ ਅਰਪ ਕੇ ਹੁਕਮ ਮੰਨਣ ਨਾਲ ਜੀਵਨ ਸਫਲਤਾ ਲਈ ਸਾਰੇ ਕਾਰਜ ਸਿਰੇ ਚੜ੍ਹਦੇ ਹਨ। ਸੂਰਾ, ਭਾਵ ਸੂਰਮਾ ਉਹ ਹੈ :

ਮਨੁ ਬੇਚੇ ਸਤਿਗੁਰ ਕੇ ਪਾਸਿ ।।
ਤਿਸੁ ਸੇਵਕ ਕੇ ਕਾਰਜ ਰਾਸਿ ।।

(ਪੰਨਾ ੨੮੬)

ਬਾਣੀ ਵਿਚ ਸਚਿਆਰ ਮਨੁੱਖ ਲਈ ਭਗਤ ਸ਼ਬਦ ਵੀ ਇਸੇ ਸੰਦਰਭ ਵਿਚ ਵਰਤਿਆ ਹੈ। ਭਗਤ ਸਦਾ ਆਨੰਦ ਸਰੂਪ ਤੇ ਸਹਜ ਵਿਚ ਵਿਚਰਦਾ ਹੈ। ਨਿਰੰਕਾਰ ਦਾ ਅਨੁਭਵੀ ਪਿਆਰ ਭਗਤਾਂ ਦੇ ਹਿਰਦੇ ਵਿਚ ਸਮਾਇਆ ਰਹਿੰਦਾ ਹੈ। ਭਗਤ ਨੂੰ ਫਿਰ ਮਾਇਆ ਡੰਗ ਨਹੀਂ ਸਕਦੀ। ਉਹ ਪ੍ਰਭੂ ਦੀ ਜੋਤ ਹਰ ਜੀਵ ਦੇ ਅੰਦਰ ਦੇਖਦਾ ਹੈ, ਕੰਨਾਂ ਨਾਲ ਪ੍ਰਭੂ ਜਸ ਸੁਣਦਾ ਹੈ। ਰਸਨਾ ਦਾ ਪ੍ਰਭੂ ਨਾਲ ਜਸ ਗਾਉਂਦਾ ਹੈ। ਹੱਥੀਂ ਕਿਰਤ ਕਰਕੇ ਦਾਨ ਕਰਦਾ ਹੈ ਅਤੇ ਪੈਰਾਂ ਨਾਲ ਪ੍ਰਭੂ ਮਾਰਗ ਤੇ ਚਲਦਾ ਹੈ। ਭਗਤ ਹਮੇਸ਼ਾ ਖੇੜੇ ਵਿਚ ਰਹਿੰਦਾ ਹੈ। ਭਗਤ ਤੇ ਸੰਤੁਲਨਮਈ ਜੀਵਨ ਵਿਚ ਸਾਰੇ ਤਰ੍ਹਾਂ ਦੇ ਜੀਵ ਇਕ ਬਰਾਬਰ ਹੁੰਦੇ ਹਨ। ਕੋਈ ਉਤਮ ਤੇ ਨੀਚ ਨਹੀਂ ਹੁੰਦਾ। ਸਾਰੇ ਇਕੋ ਹੀ ਪੰਥ ਦੇ ਮੈਂਬਰ ਹੁੰਦੇ ਹਨ।

ਨਾਨਕ ਉਤਮੁ ਨੀਚੁ ਨ ਕੋਇ ।।

(ਪੰਨਾ ੭)

ਆਈ ਪੰਥੀ ਸਗਲ ਜਮਾਤੀ ।।

(ਪੰਨਾ ੬)

ਗੁਰੂ ਜੀ ਨੇ ਜੋਗੀਆਂ ਦੀ ਬਾਰਹਮੁਖੀ ਭੇਖ ਸਾਧਨਾ ਨੂੰ ਅਧਿਆਤਮਕ ਪ੍ਰਗਤੀ ਦੇ ਰਾਹ ਵਿਚ ਰੁਕਾਵਟ ਦਸਦਿਆਂ ਅਸਲ ਯੋਗੀ ਦਾ ਆਦਰਸ਼ ਸਰੂਪ ਦਸਦਿਆਂ ਕਿਹਾ ਹੈ ਕਿ ਸੰਤੋਖ ਦੀਆਂ ਮੁੰਦਰਾਂ, ਲੱਜਾ ਦੀ ਝੋਲੀ, ਧਿਆਨ ਦੀ ਵਿਭੂਤੀ ਅਤੇ ਕਾਇਆ ਨੂੰ ਪਾਪਾਂ ਤੋਂ ਬਚਾਈ ਰਖਣਾ ਹੀ ਅਸਲ ਜੋਗ ਹੈ। ਗੁਰੂ ਸਿਦਕ, ਸਗਲ ਜਮਾਤੀ, ਮੌਤ ਦੀ ਯਾਦ, ਮਨ ਨੂੰ ਜਿੱਤਣਾ ਆਦਿ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿਤਾ ਹੈ। ਆਦਰਸ਼ ਮਨੁੱਖ ਦੀ ਸ਼ਖਸੀਅਤ ਇਨ੍ਹਾਂ ਗੁਣਾਂ ਨਾਲ ਭਰਪੂਰ ਹੁੰਦੀ ਦੱਸੀ ਹੈ।

ਜਪੁਜੀ ਦੀ ਰਚਨਾ ਨੂੰ ਮਹਾਨਤਾ ਇਸੇ ਲਈ ਪ੍ਰਾਪਤ ਹੈ ਕਿ ਇਸ ਵਿਚ ਸਿੱਖ ਧਰਮ ਦਾ ਉਪਦੇਸ਼ ਪੂਰਨ ਰੂਪ ਵਿਚ ਉਪਲਬਧ ਹੈ ਇਸ ਰਚਨਾ ਦਾ ਆਕਾਰ ਘੱਟ ਤੋਂ ਘੱਟ ਹੈ ਅਤੇ ਵਿਚਾਰਧਾਰਾ ਡੂੰਘੀ ਤੋਂ ਡੂੰਘੀ ਹੈ। ਜਪੁਜੀ ਇਕ ਪਾਸੇ ਪੂਰਨ ਵਿਚਾਰਧਾਰਾ ਹੈ ਉਥੇ ਇਸ ਵਿਚ ਸਮੁੱਚਾ ਆਸ਼ਾ ਪ੍ਰਗਟ ਕੀਤਾ ਗਿਆ ਹੈ ਅਤੇ ਨਾਲ ਹੀ ਹਰ ਪਉੜੀ

ਆਪਣੇ ਆਪ ਵਿਚ ਇਕ ਪੂਰਨ ਵਿਸ਼ੇ ਦਾ ਨਿਰੂਪਣ ਕਰਦੀ ਹੈ।

ਜਪੁਜੀ ਦਾ ਵਿਸ਼ਾ ਰਹੱਸਵਾਦੀ ਹੈ। ਇਹ ਰਹੱਸ ਅਗੰਮੀ ਅਨੁਭਵ ਦਾ ਲਖਾਇਕ ਹੈ। ਗੁਰੂ ਸਾਹਿਬ ਦਾ ਆਸ਼ਾ ਸਾਸਤਰਾਰਥ ਨਹੀਂ। ਗੁਰੂ ਸਾਹਿਬ ਵਾਧੂ ਚਰਚਾ ਦੇ ਹੱਕ ਵਿਚ ਨਹੀਂ ਸਨ। ਇਸੇ ਲਈ ਜਪੁਜੀ ਵਿਚ ਨਾ ਤਾਂ ਧਾਰਮਕ ਚਰਚਾ ਮਿਲਦੀ ਹੈ ਅਤੇ ਨਾ ਹੀ ਕਿਸੇ ਧਰਮ ਦੀ ਨਿਖੇਧੀ ਕੀਤੀ ਗਈ ਹੈ। ਜਿਥੇ ਕਿਤੇ ਕਿਸੇ ਹੋਰ ਧਰਮ ਨੂੰ ਅੰਕਤ ਕੀਤਾ ਗਿਆ ਹੈ ਉਥੇ ਸਿਰਫ ਪ੍ਰਸੰਗ ਵਜੋਂ ਅੰਕਤ ਕੀਤਾ ਗਿਆ ਹੈ, ਕਿਸੇ ਧਰਮ ਦਾ ਖੰਡਨ ਕਰਨ ਲਈ ਹਵਾਲਾ ਨਹੀਂ ਦਿੱਤਾ। ਆਸ਼ਾ ਕੇਵਲ ਧਾਰਮਕ ਸਚਾਈ ਨੂੰ ਬਿਆਨ ਕਰਨਾ ਸੀ। ਇਸ ਵਰਣਨ ਦਾ ਮੰਤਵ ਮਨੁੱਖ ਮਾਤ੍ਰ ਦੀ ਅਗਵਾਈ ਕਰਨਾ ਸੀ।

ਜਪੁਜੀ ਵਿਚ ਆਤਮਿਕ ਅਨੁਭਵ ਦੇ ਆਧਾਰ ਤੇ ਬ੍ਰਹਮ ਗਿਆਨ ਦਾ ਵਰਣਨ ਹੈ। ਰਹੱਸਵਾਦੀ ਅਨੁਭਵ ਸਭ ਧਰਮਾਂ ਅੰਦਰ ਉੱਚਤਮ ਅਨੁਭਵ ਮੰਨਿਆ ਜਾਂਦਾ ਹੈ। ਇਹ ਅਨੁਭਵ ਪਰਮ ਸੱਚ ਨਾਲ ਹੁੰਦਾ ਹੈ। ਗੁਰੂ ਜੀ ਨੇ ਇਸ ਪਰਮ ਸੱਚ ਨੂੰ ਮਨੁੱਖ ਦੇ ਸਮਾਜਕ ਪੱਧਰ ਤੇ ਲਿਆ ਕੇ ਸਮਝ ਗੋਚਰ ਕੀਤਾ। ਗੁਰੂ ਜੀ ਅਨੁਭਵੀ ਤੇ ਵਿਚਾਰਵਾਨ ਪੁਰਸ਼ ਸਨ। ਗੁਰੂ ਜੀ ਨੇ ਅਨੁਭਵ ਤੇ ਵਿਚਾਰ ਵਿਚ ਇਕ ਸੰਤੁਲਨ ਪੈਦਾ ਕੀਤਾ। ਅਜਿਹਾ ਸੰਤੁਲਨ ਸੰਸਾਰ ਦੇ ਧਾਰਮਕ ਵਿਅਕਤੀਆਂ ਦੀ ਸਖਸ਼ੀਅਤ ਅੰਦਰ ਘੱਟ ਹੀ ਮਿਲਦਾ ਹੈ। ਅਸੀਂ ਆਪਣੇ ਪਾਠ ਵਿਚ ਜਪੁਜੀ ਨੂੰ ਵਿਚਾਰਧਾਰਾ ਦੇ ਪੱਖ ਤੋਂ ਵਿਚਾਰਿਆ ਹੈ।

ਜਪੁਜੀ ਸਾਹਿਬ ਦੀ ਵਿਚਾਰਧਾਰਾ ਡੂੰਘੀ ਹੈ, ਪ੍ਰਭੂ ਬੇਅੰਤ ਹੈ, ਉਸ ਦੀ ਵਿਚਾਰ ਵੀ ਅਮੁੱਕ ਹੈ। ਇਸ ਦੀ ਵਿਚਾਰਧਾਰਾ ਇਕ ਸਾਧਾਰਨ ਵਿਅਕਤੀ ਤੋਂ ਲੈ ਕੇ ਗੰਭੀਰ ਚਿੰਤਨ ਵਾਲੇ ਰਹਸਵਾਦੀ ਬਣਨ ਲਈ ਇੱਕ ਅਮੁਕ ਖਜਾਨਾ ਹੈ। ਇਹ ਉਪਦੇਸ਼ ਹਰ ਸ਼੍ਰੇਣੀ, ਹਰ ਦੇਸ਼, ਹਰ ਕੌਮ ਲਈ ਹੈ। ਜਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਜਪੁਜੀ ਦੇ ਮੁੱਖ ਵਿਸ਼ੇ--ਪਰਮਾਤਮਾ ਦਾ ਸਰੂਪ, ਗੁਣ, ਸ੍ਰਿਸ਼ਟੀ ਰਚਨਾ, ਮਨੁੱਖ ਅਤੇ ਆਤਮਾ ਦਾ ਮੁੱਖ ਮਨੋਰਥ ਵਰਗੇ ਉਪਦੇਸ਼ ਸਰਬ ਦੇਸ਼ੀ ਅਤੇ ਸਰਬ ਕਾਲੀ ਹਨ। ਇਸ ਵਿੱਚ ਮਨੁੱਖ ਦੇ ਮਨੋ ਵਿਗਿਆਨਕ ਪੱਖ ਤੇ ਭਾਵ ਨੂੰ ਮੁੱਖ ਰਖਿਆ ਹੈ। ਸਧਾਰਨ ਬੁਧੀ ਵਾਲੇ ਲੋਕਾਂ ਵਾਸਤੇ ਉਪਦੇਸ਼ ਸੁਖੈਨ ਹੈ, ਸਧਾਰਨ ਸਮਝ ਰੱਖਣ ਵਾਲਿਆਂ ਵਾਸਤੇ ਕੁਝ ਉਦਾਹਰਣਾਂ ਦੇਣੀਆਂ ਲੋੜੀਂਦੀਆਂ ਹੋਣਗੀਆਂ।

ਗਾਵੀਐ ਸੁਣੀਐ ਮਨਿ ਰਖੀਐ ਭਾਉ ।।
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ।।

(ਪੰਨਾ ੨)

ਸਭਿ ਗੁਣ ਤੇਰੇ ਮੈ ਨਾਹੀ ਕੋਇ
ਵਿਣੁ ਗੁਣ ਕੀਤੇ ਭਗਤਿ ਨ ਹੋਇ ।।

(ਪੰਨਾ ੪)

ਗੰਭੀਰ ਚਿੰਤਨ ਵਾਲਿਆਂ ਲਈ ਗੁਰੂ ਉਪਦੇਸ਼ ਉਸੇ ਪੱਧਰ ਦਾ ਹੈ। ਜਿਵੇਂ ਕਿ ਸਚਿਆਰਾ (ਦੈਵੀ ਗੁਣਾਂ ਵਾਲਾ) ਕਿਵੇਂ ਬਣਨਾ ਹੈ, ਇਸ ਦਾ ਉੱਤਰ ਉਤਨਾ ਹੀ ਗੰਭੀਰ ਹੈ। ''ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ।'' 16ਵੀਂ ਪਉੜੀ ਵਿਚ ਧਰਮ ਦੀ ਵਿਆਖਿਆ ਨਵੇਂ ਰੂਪ ਵਿਚ ਕੀਤੀ ਹੈ।

'ਅਮੁਲ' ਅਤੇ 'ਸੋਦਰੁ' ਆਦਿ ਪਾਉੜੀਆਂ ਅੰਦਰ ਵਿਸਮਾਦ ਦਾ ਇਕ ਅਦੁੱਤੀ ਪ੍ਰਗਟਾਵਾ ਕੀਤਾ ਗਿਆ ਹੈ। ਪੰਜ ਖੰਡਾਂ ਦੇ ਆਤਮਕ ਵਿਕਾਸ ਅਤੇ ਵਿਗਾਸ ਦੀ ਅਵਸਥਾ ਦਾ ਇਕ ਖਾਸ ਵਰਣਨ ਹੈ। 'ਜਤ ਪਹਾਰਾ' ਵਿਸ਼ੇ ਦਾ ਸਿਖਰ ਹੈ। ਇਸ ਪਉੜੀ ਅੰਦਰ-ਸਦਾਚਾਰਕ ਗੁਣਾਂ ਦੁਆਰਾ ਮਨੁੱਖ ਦੀ ਸਖਸ਼ੀਅਤ, ਜੋ ਘੜੀ ਜਾਂਦੀ ਹੈ ਉਸ ਅੰਦਰ ਆਤਮਕ ਗੁਣ ਉਜਾਗਰ ਹੁੰਦੇ ਹਨ। ਆਤਮਕ ਗੁਣਾਂ ਨਾਲ ਭਰਪੂਰ ਭਾਂਡਾ ਪ੍ਰਭੂ ਨਾਮ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਹੀ ਨਹੀਂ ਕਰਦਾ ਸਗੋਂ ਇਸ ਅੰਮ੍ਰਿਤ ਦੀ ਸੰਭਾਲ ਕਰਨ ਦੇ ਵੀ ਸਮਰੱਥ ਹੋ ਜਾਂਦਾ ਹੈ।

ਪੰਚ ਵਾਲੀ ਪਉੜੀ ਵਿਚ ਆਦਰਸ਼ ਵਿਅਕਤੀ ਦੀ ਉਚੀ ਅਵਸਥਾ ਤੋਂ ਬਾਅਦ ਧਰਮ ਦੀ ਨਵੀਂ ਵਿਆਖਿਆ ਤੇ ਫਿਰ

ਕਿਸੇ ਪਉੜੀ ਵਿਚ ਪ੍ਰਭੂ ਦੀ ਸ੍ਰਿਸਟੀ ਰਚਨਾ ਤੇ ਅਨੰਤ ਲੀਲਾ ਦਾ ਵਰਨਨ ਹੈ। 21ਵੀਂ ਪਉੜੀ ਵਿਚ ਤੀਰਥ, ਤਪ, ਦਇਆ, ਦਤ, ਦਾਨ ਆਦਿ ਧਾਰਮਿਕ ਕਰਮਾਂ ਦੀ ਥਾਂ-ਅਧਿਆਤਮਕ ਨਾਮ ਰੂਪੀ ਤੀਰਥ ਵਿਚ ਇਸ਼ਨਾਨ ਕਰਨ ਉਪਰੰਤ ਅਕਾਲ ਪੁਰਖ ਤੋਂ ਹੀ ਸਾਰੇ ਸਦਾਚਾਰਕ ਗੁਣ ਗ੍ਰਹਿਣ ਕਰਨ ਦਾ ਰਹੱਸ ਦਸਦੇ ਹੋਏ ਨਾਲ ਹੀ ਸੰਸਾਰ ਰਚਨਾ ਕਦੋਂ ਹੋਈ ਬਾਰੇ ਰਹੱਸ ਵਰਣਨ ਕਰਦੇ ਹਨ। ਮਨੁੱਖ ਨੂੰ ਕਰਤੇ ਦੀ ਕਿਰਤ ਹੋਣ ਕਰਕੇ ਅਕਾਲ ਪੁਰਖ ਦੀਆਂ ਗੁੱਝੀਆਂ ਰਮਜ਼ਾਂ ਸਮਝਣ ਤੋਂ ਅਸਮਰਥ ਦੱਸਿਆ ਹੈ।

ਜਪੁਜੀ ਵਿਚ ਵਰਨਨ ਕੀਤੇ ਵਿਸ਼ੇ ਨੂੰ ਸਮਝਣ ਲਈ, ਸਹਜ ਅਵਸਥਾ ਤੇ ਪਹੁੰਚ ਕੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸਦਾ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਬੁਧੀ ਦੇ ਪੱਧਰ ਉਤੇ ਇਹ ਨਾ ਹੀ ਜਾਣਿਆ ਜਾ ਸਕਦਾ ਹੈ ਅਤੇ ਨਾ ਹੀ ਬਿਆਨ ਕੀਤਾ ਜਾ ਸਕਦਾ ਹੈ।

ਸੱਚ ਦਾ ਧਾਰਨੀ ਹੋਣਾ ਕੇਵਲ ਸਮਝਣ ਵਾਲੀ ਗੱਲ ਨਹੀਂ ਇਸ ਨਾਲ ਤਾ ਸਚਿਆਰਾ ਬਣ ਕੇ ਇਸ ਅਵਸਥਾ ਨੂੰ ਮਾਣਿਆ ਜਾ ਸਕਦਾ ਹੈ। ਇਹ ਮਾਣਨ ਦੀ ਅਵਸਥਾ ਤਦ ਹੀ ਸੰਭਵ ਹੋ ਸਕਦੀ ਹੈ ਜਦੋਂ ਮਨੁੱਖ ਆਪਣੇ ਅਸਲੇ ਨਾਲੋਂ, ਜਿਥੋਂ ਉਹ ਵਿੱਛੜਿਆ ਹੈ ਮੁੜ ਜੁੜਨ ਲਈ ਕਿਹੜੇ ਗੁਣ ਧਾਰਨ ਕਰੇ, ਕਿਹੜੇ ਗੁਣ ਗਾਵੇ, ਕਿਹੜਾ ਹੁਕਮ ਮੰਨੇ, ਕਿਹੜਾ ਉਪਦੇਸ਼ ਸੁਣੇ, ਕਿਹੜੇ ਉਪਦੇਸ਼ ਮੰਨੇ ਅਤੇ ਮਨ ਵਿਚ ਵਸਾਵੇ ਇਸ ਦੀ ਸੋਝੀ ਆ ਜਾਵੇ। ਇਹ ਸਾਧਨ ਜੋ ਦੱਸੇ ਗਏ ਹਨ, ਇਹ ਸਾਧਨ ਹੀ ਸਦਾਚਾਰਕ ਗੁਣ ਹਨ। ਇਹ ਫਿਰ ਆਤਮਿਕ ਗੁਣ ਅਤੇ ਅਧਿਆਤਮਕ ਬਣ ਕੇ ਮਨੁੱਖ ਦੇ ਜੀਵਨ ਆਦਰਸ਼ ਦੀ ਪੂਰਤੀ ਲਈ ਸਹਾਈ ਹੁੰਦੇ ਹਨ। ਜਪੁਜੀ ਅੰਦਰ ਤਿੰਨ ਪੱਖ ਸਪਸ਼ਟ ਰੂਪ ਵਿਚ ਸਾਹਮਣੇ ਹਨ।

ਪਹਿਲੇ ਨੰਬਰ ਉਤੇ ਉਦੇਸ਼ ਕੀ ਹੈ?
ਦੂਜੇ ਨੰਬਰ ਤੇ ਉਪਦੇਸ਼ ਕੀ ਹੈ?
ਤੀਸਰੇ ਨੰਬਰ ਤੇ ਪ੍ਰਾਪਤੀ ਕੀ ਹੈ?

ਇਨ੍ਹਾਂ ਸਾਰੇ ਪੱਖਾਂ ਦਾ ਸੰਬੰਧ ਮਨੁੱਖੀ ਜੀਵਨ ਦੀ ਸਫਲਤਾ ਨਾਲ ਹੈ। ਇਹ ਉਦੇਸ਼, ਉਪਦੇਸ਼ ਤੇ ਪ੍ਰਾਪਤੀ ਬੜੇ ਸੰਖੇਪ ਰੂਪ ਵਿਚ ਅੰਕਤ ਕੀਤੀ ਗਈ ਹੈ।

**ਪੰਜ ਖੰਡ :**

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਅਧਿਆਤਮਿਕ ਗਿਆਨ ਪ੍ਰਾਪਤ ਕਰਨ ਦੇ ਲਈ ਪੰਜ ਪੜਾਅ ਨਿਰਧਾਰਤ ਕੀਤੇ ਹਨ ਜਿੰਨਾਂ ਨੂੰ ਪੰਜ ਖੰਡ ਵੀ ਕਿਹਾ ਗਿਆ ਹੈ। ਇਹ ਅਧਿਆਤਮਿਕ ਸਿੱਧੀ ਹਾਸਿਲ ਕਰਨ ਦੇ ਰਾਹ ਦੇ ਉਹ ਪੜਾਅ ਹਨ ਜਿਨਾਂ ਵਿਚੋਂ ਹੀ ਵਿਚਰਦਾ ਹੋਇਆ ਗੁਰਮੁਖ ਪਹਿਲਾਂ ਧਰਮ ਨੂੰ ਅਪਨਾਉਂਦਾ ਹੈ ਫਿਰ ਪ੍ਰਭੂ ਦੇ ਰਚੇ ਹੋਏ ਬ੍ਰਹਿਮੰਡ ਦਾ ਗਿਆਨ ਹਾਸਿਲ ਕਰਕੇ ਅਧਿਆਤਮ ਦੇ ਰਾਹ ਤੇ ਮਿਹਨਤ ਕਰਦਾ ਹੋਇਆ ਆਪਣੇ ਸਵੈ ਦੀ ਹੋਂਦ ਨੂੰ ਇੰਨਾ ਵਿਕਸਿਤ ਕਰ ਲੈਂਦਾ ਹੈ ਕਿ ਉਸ ਤੇ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ। ਮਿਹਰ ਦੇ ਵਿਚੋਂ ਗੁਜ਼ਰ ਕੇ ਉਹ ਅਖੀਰ ਵਿਚ ਸੱਚ - ਖੰਡ ਜੋ ਕਿ ਉਸ ਦੀ ਅਸਲੀ ਮੰਜ਼ਿਲ ਹੈ ਉਤੇ ਪਹੁੰਚ ਜਾਂਦਾ ਹੈ। ਇਹ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਪਰਪੱਕਤਾ ਹਾਸਿਲ ਕਰਨ ਦਾ ਰਾਹ ਹੈ ਜੋ ਕਦਮ - ਦਰ - ਕਦਮ ਇਕ ਗੁਰਮੁਖ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕਰਦਾ ਹੈ।

ਧਰਮ ਖੰਡ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਜ਼ਿਕਰ ਕੀਤਾ ਹੈ ਕਿ ਵਾਹਿਗੁਰੂ ਨੇ ਕਈ ਤਰਾਂ ਦੇ ਦਿਨ, ਰੁਤਾਂ, ਤਰੀਕਾਂ ਅਤੇ ਹਫਤੇ ਅਤੇ ਵਾਰ ਬਣਾਏ। ਹਵਾ ਪਾਣੀ ਅੱਗ ਅਤੈ ਪਾਤਾਲ ਦੀ ਸਿਰਜਨਾ ਕੀਤੀ। ਇਸ ਸਭ ਵਿਚ ਧਰਤੀ ਦੀ ਸਥਾਪਨਾ ਕੀਤੀ। ਜਿਸ ਨੂੰ ਪ੍ਰਭੂ ਸਿਮਰਨ ਲਈ ਇਕ ਖਾਸ ਜਗ੍ਹਾ ਸਥਾਪਤ ਕੀਤਾ ਗਿਆ। ਇਸ ਧਰਤੀ ਵਿਚ ਕਈ ਤਰਾਂ ਅਤੇ ਰੰਗਾਂ ਦੇ ਜੀਵਾਂ ਦੀ ਬੜੀ ਵਧੀਆ ਸਕੀਮ ਨਾਲ ਰਚਨਾ ਕੀਤੀ ਗਈ। ਇਨਾਂ ਜੀਵਾਂ ਬਾਰੇ ਫੈਸਲਾ ਉਹਨਾਂ ਦੇ ਕਰਮਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਇਹ ਧਰਮ ਖੰਡ ਦਾ ਵਿਧਾਨ ਹੈ। ਗਿਆਨ ਦੇ ਖੰਡ ਦਾ ਵਰਤਾਰਾ ਇਸ ਤਰਾਂ ਹੈ ਕਿ ਇਥੇ ਸੰਪੂਰਨ ਗਿਆਨ ਦੀ ਪਰਪੱਕਤਾ ਹੁੰਦੀ ਹੈ ਕਿ ਪ੍ਰਭੂ ਦੀ ਰਚੀ ਹੋਈ ਸ੍ਰਿਸ਼ਟੀ ਵਿਚ ਕਿੰਨੀ ਤਰਾਂ ਦੀ ਹਵਾ, ਪਾਣੀ, ਅੱਗ ਅਤੇ ਕਿੰਨੇ ਤਰਾਂ ਦੇ ਕ੍ਰਿਸ਼ਨ ਅਤੇ ਸ਼ਿਵ ਹਨ। ਕਿੰਨੇ ਤਰਾਂ ਦੇ

ਬਰ੍ਹਮਾ ਦੀ ਰਚਨਾ ਕੀਤੀ ਗਈ ਹੈ ਅਤੇ ਕਿੰਨੇ ਤਰਾਂ ਦੇ ਉਹਨਾਂ ਦੇ ਰੂਪ ਰੰਗ ਅਤੇ ਵੇਸ ਹਨ। ਕਿੰਨੀਆਂ ਧਰਤੀਆਂ, ਕਿੰਨੇ ਪਰਬਤ, ਕਿੰਨੇ ਧਰੂ - ਭਗਤ ਅਤੇ ਕਿੰਨੇ ਤਰਾਂ ਦੇ ਉਹਨਾਂ ਦੇ ਉਪਦੇਸ਼ ਹਨ। ਕਿੰਨੇ ਇੰਦਰ ਦੇਵਤਾ, ਕਿੰਨੇ ਚੰਦ, ਕਿੰਨੇ ਸੂਰਜ ਅਤੇ ਕਿੰਨੇ ਬ੍ਰਹਿਮੰਡ ਹਨ। ਕਿੰਨੇ ਤਰਾਂ ਦੇ ਸਿੱਧ - ਪੁਰਸ਼, ਕਿੰਨੇ ਦੇਵੀਆਂ ਦੇ ਰੂਪ, ਕਿੰਨੇ ਮੁਨੀ ਅਤੇ ਕਿੰਨੇ ਰਤਨਾਂ ਦੇ ਸਮੁੰਦਰ ਹਨ। ਕਿੰਨੇ ਤਰਾਂ ਦੇ ਖਾਣ ਵਾਲੇ ਪਦਾਰਥ ਅਤੇ ਕਿੰਨੇ ਤਰਾਂ ਦੀਆਂ ਭਾਸ਼ਾਵਾਂ ਹਨ। ਕਿੰਨੇ ਤਰਾਂ ਦੇ ਉੱਚੀਆਂ ਬਿਰਤੀਆਂ ਵਾਲੇ ਮਹਾਂ - ਪੁਰਸ਼ ਅਤੇ ਪ੍ਰਭੂ ਦੇ ਸੇਵਕ ਹਨ। ਇਸ ਸਭ ਕੁਝ ਦਾ ਕੋਈ ਅੰਤ ਹੀ ਨਹੀਂ ਹੈ। ਗਿਆਨ ਖੰਡ ਵਿਚ ਪ੍ਰਭੂ ਦੀ ਰਚੀ ਹੋਈ ਸਾਰੀ ਦ੍ਰਿਸ਼ਟ ਅਤੇ ਅਦ੍ਰਿਸ਼ਟ ਰਚਨਾ ਦਾ ਗਿਆਨ ਪਰਪੱਕ ਕੀਤਾ ਜਾਂਦਾ ਹੈ। ਇਸ ਖੰਡ ਵਿਚ ਅਜੀਬ ਕਿਸਮ ਦਾ ਕੌਤਕ ਅਤੇ ਆਨੰਦ ਹੈ।

ਅਧਿਆਤਮਿਕਤਾ ਦੇ ਪੜਾਅ ਦਾ ਅਗਲਾ ਖੰਡ ਹੈ ਸਰਮ ਭਾਵ ਮਿਹਨਤ ਵਾਲਾ ਖੰਡ। ਇਸ ਖੰਡ ਦੀ ਬਨਾਵਟ ਬੇਹੱਦ ਸੁਹਣੀ ਹੈ। ਇਸ ਜਗ੍ਹਾ ਤੇ ਮਨੁੱਖੀ ਮਨ ਦੀਆਂ ਬਿਰਤੀਆਂ ਨੂੰ ਅਧਿਆਤਮਿਕ ਸੇਧ ਦੇ ਕੇ ਉਸ ਨੂੰ ਇਸ ਤਰਾਂ ਤਰਾਸ਼ਿਆ ਜਾਂਦਾ ਹੈ ਕਿ ਉਸ ਦੌ ਬਾਅਦ ਉਸ ਦੀ ਸੁੰਦਰਤਾ ਬਿਆਨ ਹੀ ਨਹੀਂ ਕੀਤੀ ਜਾ ਸਕਦੀ। ਉਸ ਖੰਡ ਵਿਚ ਮਨ ਦੀ ਉੱਚੀ ਅਵੱਸਥਾ ਘੜੀ ਜਾਂਦੀ ਹੈ ਜੋ ਮਨ ਨੂੰ ਸੱਚਾ ਗਿਆਨ ਪ੍ਰਦਾਨ ਕਰਦੀ ਹੈ। ਉਸ ਸਥਾਨ ਤੇ ਮਹਾਨ ਆਤਮਾਵਾਂ ਵਾਲਾ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ।

ਅਧਿਆਤਮਿਕ ਉੱਨਤੀ ਦੇ ਰਾਹ ਤੇ ਅਗਲਾ ਪੜਾਅ ਕਰਮ ਖੰਡ ਵਜੋਂ ਜਾਣਿਆ ਜਾਂਦਾ ਹੈ। ਇਹ ਪ੍ਰਭੂ ਦੀ ਮਿਹਰ ਵਾਲਾ ਖੰਡ ਹੈ। ਇਸ ਖੰਡ ਦਾ ਰੂਪ ਉਸ ਪ੍ਰਭੂ ਦੀ ਸ਼ਕਤੀ ਵਾਲਾ ਹੈ। ਉਸ ਖੰਡ ਵਿਚ ਹੋਰ ਕੋਈ ਨਹੀਂ ਹੈ ਉਥੇ ਕੇਵਲ ਯੋਧੇ ਅਤੇ ਮਹਾਨ ਸ਼ਕਤੀਸ਼ਾਲੀ ਸੂਰਮੇਂ ਹਨ ਜਿੰਨਾਂ ਦੇ ਮਨ ਵਿਚ ਪ੍ਰਭੂ ਦਾ ਨਾਮ ਸਮਾਇਆ ਹੋਇਆ ਹੁੰਦਾ ਹੈ। ਉਹ ਉਥੇ ਪਰਮਾਤਮਾ ਦੀ ਸਿਫਤ ਸਾਲਾਹ ਵਿਚ ਸਦਾ ਆਪਣੇ ਮਨ ਨੂੰ ਪਰੋ ਕੇ ਰੱਖਦੇ ਹਨ। ਉਹਨਾਂ ਦੇ ਰੂਪ ਇੰਨੇ ਸੁੰਦਰ ਹੁੰਦੇ ਹਨ ਕਿ ਉਹਨਾਂ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਿੰਨਾਂ ਦੇ ਮਨ ਵਿਚ ਪ੍ਰਭੂ ਦਾ ਵਾਸਾ ਹੁੰਦਾ ਹੈ ਉਹਨਾਂ ਨੂੰ ਸਦੀਵੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਉਥੇ ਹੋਰ ਵੀ ਕਈ ਧਰਤੀਆਂ ਦੇ ਭਗਤ ਰਹਿੰਦੇ ਹਨ। ਕਿਉਂਕਿ ਸੱਚਾ ਵਾਹਿਗੁਰੂ ਸਦਾ ਉਹਨਾਂ ਦੇ ਮਨ ਵਿਚ ਵੱਸਦਾ ਇਸ ਲਈ ਉਹਨਾਂ ਦਾ ਮਨ ਸਦਾ ਆਨੰਦ ਵਿਚ ਰਹਿੰਦਾ ਹੈ।

ਸੱਚ ਦੇ ਮੰਡਲ ਵਿਚ ਆਕਾਰ ਰਹਿਤ ਪ੍ਰਭੂ ਆਪ ਵੱਸਦਾ ਹੈ। ਉਸ ਜਗ੍ਹਾ ਤੋਂ ਉਹ ਆਪ ਆਪਣੇ ਜੀਵਾਂ ਤੇ ਮਿਹਰ ਦੀ ਨਜ਼ਰ ਕਰਕੇ ਖੁਸ਼ ਹੁੰਦਾ ਹੈ। ਉਸ ਮੰਡਲ ਵਿਚ ਅਨੇਕਾ ਧਰਤੀਆਂ ਅਤੇ ਅਨੇਕਾਂ ਬ੍ਰਹਿਮੰਡ ਹਨ। ਜੇ ਕੋਈ ਉਹਨਾਂ ਦਾ ਬਿਆਨ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਵੀ ਉਹ ਉਸ ਸਭ ਦਾ ਬਿਆਨ ਨਹੀਂ ਕਰ ਸਕਦਾ। ਉਥੇ ਅਨੇਕਾਂ ਧਰਤੀਆਂ ਅਤੇ ਅਨੇਕਾਂ ਕਿਸਮ ਦੇ ਜੀਵਾਂ ਦੇ ਆਕਾਰ ਹਨ। ਜਿਵੇਂ ਜਿਵੇਂ ਪ੍ਰਭੂ ਦਾ ਹੁਕਮ ਹੁੰਦਾ ਹੈ ਉਸੇ ਤਰਾਂ ਉਹ ਕੰਮ - ਕਾਰ ਕਰਦੇ ਹਨ। ਇਹ ਸਭ ਕੁਝ ਦੇਖ ਵਿਚਾਰ ਕੇ ਪ੍ਰਭੂ ਆਪ ਖੁਸ਼ ਹੁੰਦਾ ਹੈ। ਪਰ ਇਸ ਸਭ ਕੁਝ ਨੂੰ ਬਿਆਨ ਕਰਨਾ ਬਹੁਤ ਮੁਸ਼ਕਿਲ ਕੰਮ ਹੈ।

ਇਨਾਂ ਸਭ ਖੰਡਾਂ ਦਾ ਜ਼ਿਕਰ ਕਰਦੇ ਹੋਏ ਅਖੀਰ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਨਾਂ ਖੰਡਾਂ ਨੂੰ ਜਾਂ ਇਨਾਂ ਪੜਾਵਾਂ ਨੂੰ ਪਾਰ ਕਰਨ ਲਈ ਮਨੁੱਖੀ ਮਨ ਨੂੰ ਇਕ ਖਾਸ ਕਿਸਮ ਦੇ ਢਾਂਚੇ ਵਿਚ ਢਲ ਕੇ ਆਤਮਾ ਦਾ ਇਹ ਖਾਸ ਸਫਰ ਤੈਅ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਜਤੁ, ਧੀਰਜ, ਦੈਵੀ ਗਿਆਨ, ਪ੍ਰਭੂ ਪ੍ਰੇਮ ਨੂੰ ਧਾਰਨ ਕਰਕੇ ਆਪਣੇ ਆਪ ਨੂੰ ਐਸਾ ਬਰਤਨ ਬਨਾਉਣ ਨਾਲ ਜਿਸ ਵਿਚ ਪਿਆਰ ਸਹਿਤ ਪ੍ਰਭੂ ਦਾ ਨਾਮ ਸਿਮਰਿਆ ਜਾਵੇ, ਤਾਂ ਹੀ ਮਨੁੱਖ ਉਸ ਸੱਚੇ ਦੇ ਸੱਚੇ ਰਾਹ ਤੇ ਤੁਰਨ ਯੋਗ ਹੋ ਸਕਦਾ ਹੈ। ਪਰ ਮੁਕਤੀ ਉਸ ਪ੍ਰਭੂ ਦੀ ਮਿਹਰ ਦੀ ਨਜ਼ਰ ਕਰਕੇ ਹੀ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬ ਜੀ ਅਖੀਰ ਵਿਚ ਕਹਿੰਦੇ ਹਨ ਕਿ ਉਹ ਪਰਮਾਤਮਾ ਮਿਹਰ ਦਾ ਦਾਤਾ ਆਪਣੇ ਜੀਵਾਂ ਤੇ ਮਿਹਰ ਕਰਕੇ ਸਦਾ ਖੁਸ਼ ਹੁੰਦਾ ਹੈ। ਇਸ ਦਾ ਭਾਵ ਹੈ ਉਹ ਆਪ ਹੀ ਉਹਨਾਂ ਨੂੰ ਮੁਕਤੀ ਦੇ ਕੇ ਖੁਸ਼ ਹੁੰਦਾ ਹੈ।

ਅੰਤ ਵਿਚ ਅਸੀਂ ਸੰਖੇਪ ਰੂਪ ਵਿਚ ਇਹੀ ਕਹਿ ਸਕਦੇ ਹਾਂ ਕਿ ਜਪੁਜੀ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਸਾਰ ਕਿਹਾ ਜਾ ਸਕਦਾ ਹੈ। ਇਸ ਦਾ ਕੇਂਦਰੀ ਬਿੰਦੂ ਮਨੁੱਖ ਹੈ ਜਿਸ ਦੀ ਸ਼ਖਸੀਅਤ ਨੂੰ ਅੰਦਰੋਂ ਤੇ ਬਾਹਰੋਂ ਘੜ ਕੇ ਇਕ ਐਸੇ ਟਕਸਾਲੀ ਸਿੱਕੇ ਵਾਂਗ ਪੂਰਨ ਬਣਾਂਦੀ ਹੈ ਜਿਹੜੀ ਰੱਬੀ ਖਜ਼ਾਨੇ ਵਿਚ ਪ੍ਰਵਾਨ ਹੁੰਦੀ

ਹੈ। ਇਸ ਸਿੱਕੇ ਦੀ ਘਾੜਤ ਲਈ ਸ਼ਬਦ ਦੀ ਟਕਸਾਲ ਵਰਤੀ ਗਈ ਹੈ, ਸ਼ਬਦ ਪ੍ਰਭੂ ਦੀ ਸ਼ਕਤੀ ਹੈ। ਅਜਿਹੀ ਸ਼ਕਤੀ ਜੋ ਇਲਹਾਮ ਦੇ ਰੂਪ ਵਿਚ ਨਾਜ਼ਲ ਹੁੰਦੀ ਹੈ ਅਤੇ ਮਨੁੱਖ ਲਈ ਹਮੇਸ਼ਾਂ ਕਲਿਆਣਕਾਰੀ ਹੁੰਦੀ ਹੈ। ਸ਼ਬਦ ਸ਼ਕਤੀ ਹਮੇਸ਼ਾਂ ਅਮਰ ਹੋਣ ਕਰਕੇ ਸਤਿ ਕਹਾਉਂਦੀ ਹੈ। ਸਤਿ ਆਧਾਰਤ ਦੈਵੀ ਗੁਣ ਇਕ ਸਾਧਨਾ ਮਾਰਗ ਦੇ ਰੂਪ ਵਿਚ ਮਨੁੱਖ ਨੂੰ ਸਚਿਆਰ ਪਦ ਤਕ ਲੈ ਜਾਂਦੇ ਹਨ। ਸਚਿਆਰ ਪਦ ਤੇ ਪਹੁੰਚ ਕੇ ਆਦਰਸ਼ਕ ਮਨੁੱਖ ਲਈ ਸਿਧਾਂਤ ਤੇ ਸਾਧਨ ਇਕ-ਮਿਕ ਹੋ ਜਾਂਦੇ ਹਨ।

ਪਾਠ ਨੰਬਰ : 1.4 ਡਾ. ਸ਼ਮਸ਼ੇਰ ਸਿੰਘ

# ਗੁਰੂ ਨਾਨਕ ਰਚਿਤ 'ਸਿਧਿ ਗੋਸਟਿ' ਬਾਣੀ ਦਾ ਸੰਕਲਪ ਅਧਿਐਨ – ਗੁਰਮੁਖ

## ਪਾਠ ਦਾ ਉਦੇਸ਼

ਇਸ ਪਾਠ ਦਾ ਮੰਤਵ ਯੋਗ ਮਤ ਦੇ ਮੁਕਾਬਲੇ ਵਿਚ ਸਿੱਖ-ਮਤ ਦੇ ਸਿਧਾਂਤਾਂ ਦੀ ਸਾਰਥਕਤਾ ਦਾ ਪ੍ਰਗਟਾਵਾ ਕਰਨਾ ਸੀ। ਗੁਰੂ ਜੀ ਦੇ ਸਮੇਂ (1469-1539) ਤਿੰਨ ਮਤਾਂ (ਬ੍ਰਾਹਮਣ ਮਤ, ਇਸਲਾਮ ਤੇ ਯੋਗ ਮਤ) ਵਿਚੋਂ ਯੋਗਮਤ ਲੋਕਾਂ ਨੂੰ ਆਪਣੀਆਂ ਕਰਾਮਾਤਾਂ ਤੇ ਰਿਧੀਆਂ ਸਿਧੀਆਂ ਨਾਲ ਪ੍ਰਭਾਵਤ ਕਰ ਰਿਹਾ ਸੀ। ਸਮਾਜ ਵਿਚ ਜੋਗੀ ਆਮ ਲੋਕਾਂ ਨੂੰ ਉਨ੍ਹਾਂ ਦੇ ਵਰਤਮਾਨ ਨੂੰ ਭਵਿੱਖ ਦੇ ਜੀਵਨ ਬਾਰੇ ਜ਼ਿਮੇਵਾਰ ਬਣਾ ਕੇ ਭਰਮਾ ਰਹੇ ਸਨ। ਸਨਾਤਨ ਧਰਮ ਆਪਣੀ ਬੁਜਦਿਲੀ ਕਾਰਨ ਸੁੰਗੜਦਾ ਜਾ ਰਿਹਾ ਸੀ।

ਗੁਰੂ ਨਾਨਕ ਨੇ ਜੋਗੀਆਂ ਦੀ ਹੀ ਸ਼ਬਦਾਵਲੀ ਵਿਚ ਉਨ੍ਹਾਂ ਦੇ ਅਖੌਤੀ ਸਿਧਾਂਤਾਂ ਦਾ ਖੋਖਲਾਪਨ ਦਰਸਾ ਕੇ ਮਨੁੱਖੀ ਜੀਵਨ ਆਦਰਸ਼ ਦੀ ਸਾਰਥਕਤਾ ਸਥਾਪਤ ਕੀਤੀ। ਗੁਰੂ ਨਾਨਕ ਦੇਵ ਜੀ ਨੇ ਬੜੇ ਧੀਰਜ, ਸਹਿਨਸ਼ੀਲਤਾ ਤੇ ਪ੍ਰਭਾਵਸ਼ਾਲੀ ਢੰਗ ਨਾਲ ਜੋਗੀਆਂ ਨੂੰ ਉਨ੍ਹਾਂ ਦੇ ਹਠ ਜੋਗ ਦੇ ਗਲਤ ਤਰੀਕਿਆਂ ਦੇ ਮੁਕਾਬਲੇ ਵਿਚ ਗੁਰਮਤ ਦੇ ਸਹਿਜ ਮਾਰਗ ਦੀ ਵਿਚਾਰਧਾਰਾ ਦਰਸਾ ਕੇ ਜੋਗੀਆਂ ਦੇ ਮੂੰਹੋਂ ਹੀ ਇਨ੍ਹਾਂ ਸਿਧਾਂਤਾਂ ਦੀ ਪ੍ਰਮਾਣਕਤਾ ਦਾ ਵਰਣਨ ਕਰਵਾਇਆ ਹੈ। ਭਾਈ ਗੁਰਦਾਸ ਦੇ ਸ਼ਬਦਾਂ ਵਿਚ ਸਿੱਧਾਂ, ਜੋਗੀਆਂ ਨੇ ਗੁਰੂ ਬਾਬੇ ਨਾਲ ਗੋਸ਼ਟ ਕਰਨ ਉਪਰੰਤ ਗੁਰੂ ਸ਼ਬਦ ਦੀ ਵਿਚਾਰਧਾਰਾ ਸਵੀਕਾਰ ਕੀਤੀ ਅਤੇ ਗੁਰੂ ਬਾਬੇ ਨੂੰ ਕਲਯੁਗ ਦੀ ਤਾਰਨ ਵਾਲੀ ਹਸਤੀ ਮੰਨਿਆ

ਬਾਬੇ ਕੀਤੀ ਸਿਧਿ ਗੋਸਟਿ
ਸ਼ਬਦ ਸਾਂਤਿ ਸਿਧੀ ਵਿਚ ਆਈ ।। (ਵਾਰ 1.44)

## ਰੂਪ ਰੇਖਾ

ਭੂਮਿਕਾ-ਆਕਾਰ-ਵਿਸ਼ਾ ਵਸਤੂ-ਪਰਮਾਤਮਾ-ਸ੍ਰਿਸ਼ਟੀ ਰਚਨਾ-ਸਮਾਜਿਕ ਵਿਵਸਥਾ-ਆਦਰਸ਼ ਮਨੁੱਖ-ਉਪਸੰਹਾਰ।

## ਭੂਮਿਕਾ

ਸਿਧ ਗੋਸਟਿ ਬਾਣੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਇਹ ਰਾਮਕਲੀ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਪੁਰਾਤਨ ਜਨਮਸਾਖੀ ਅਨੁਸਾਰ ਇਹ ਗੋਸਟਿ ਗੋਰਖ ਹਟੜੀ ਵਿਖੇ ਹੋਈ ਮੰਨੀ ਜਾਂਦੀ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਪਉੜੀ (39-44) ਅਨੁਸਾਰ ਇਹ ਗੋਸਟਿ ਅਚਲ ਵਟਾਲੇ ਹੋਈ, ਜਿਸ ਵਿਚ ਗੁਰੂ ਜੀ ਦੇ ਸ਼ਬਦ ਸਿਧਾਂਤ ਦੇ ਵਾਰਤਾਲਾਪ ਤੇ ਜੋਗੀਆਂ ਖੁਣਸ ਖਾਧੀ ਅਤੇ ਗੋਸਟਿ ਲਈ ਉਠ ਆਏ :

ਖਾਧੀ ਖੁਣਸਿ ਜੋਗੀਸਰਾਂ
ਗੋਸਟ ਕਰਨਿ ਸਭੇ ਉਠਿ ਆਈ ।।(ਵਾਰ 1.40)

ਸਿਧਿ ਗੋਸਟਿ ਪੰਦਰਵੀ ਸਦੀ ਦੀ ਅਧਿਆਤਮਿਕ ਤੇ ਸਮਾਜਿਕ ਸਥਿਤੀ ਦੀ ਸੂਚਕ ਹੈ। ਉੱਤਰੀ ਭਾਰਤ ਵਿਚ ਸਿੱਧਾਂ, ਨਾਥਾਂ ਤੇ ਜੋਗੀਆਂ ਦਾ ਬੋਲ ਬਾਲਾ ਬੜਾ ਵਧ ਚੁੱਕਾ ਸੀ। ਜੋਗੀ ਗ੍ਰਹਿਸਥ ਨੂੰ ਛੱਡ ਕੇ, ਧੂਣੀਆਂ ਬਾਲ ਕੇ ਦੂਰ ਦੁਰੇ ਡੇ ਜਾ ਬੈਠਦੇ ਅਤੇ ਫਿਰ ਗ੍ਰਹਿਸਤੀਆਂ ਕੋਲੋਂ ਹੀ ਮੰਗ ਕੇ ਖਾਂਦੇ ਸਨ। ਭਾਈ ਗੁਰਦਾਸ ਨੇ ਇਸ ਬਾਰੇ ਵਿਚਾਰ ਪ੍ਰਗਟ ਕੀਤੇ ਹਨ –

ਹੋਇ ਅਤੀਤੁ ਗ੍ਰਹਿਸਤ ਤਜਿ

ਫਿਰ ਉਨਕੇ ਘਰਿ ਮੰਗਣਿ ਜਾਈ ।। (1.40)

## ਜੋਗ ਮੱਤ ਅਨੁਸਾਰ ਪਰਮ ਸੱਤਾ

ਜੋਗੀ ਤਾਂ ਪਰਮ ਤੱਤ ਦੇ ਵਿਸ਼ਵਾਸੀ ਨਹੀਂ ਸਨ। ਉਹ ਕੇਵਲ ਸੁੰਨ ਵੱਲ ਸੰਕੇਤ ਕਰਦੇ ਹਨ। ਉਹ ਸੁੰਨ ਦੀ ਵਿਆਖਿਆ ਨਹੀਂ ਕਰਦੇ। ਉਨ੍ਹਾਂ ਦਾ ਸੁੰਨ ਕੋਈ ਹਸਤੀ-ਹੋਂਦ ਵਾਲਾ ਨਹੀਂ, ਨਾ ਹੀ ਕਿਰਿਆਤਮਕ ਹੈ। ਜੋਗੀਆਂ ਦਾ ਸੁੰਨ ਕੁਝ ਵੀ ਨਹੀਂ ਹੈ, ਖਾਲੀ ਹੈ।

ਗੁਰੂ ਜੀ ਨੇ ਸੁੰਨ ਨੂੰ ਨਿਰੰਕਾਰ ਦੀ ਆਦਿ ਹਸਤੀ ਦੱਸਿਆ ਹੈ। ਸੁੰਨ ਵਿਚ ਹੀ ਨਿਰਗੁਣ ਅਤੇ ਸਰਗੁਣ ਸਰੂਪ ਹੁੰਦਾ ਹੈ। ਇਸ ਬਾਣੀ ਵਿਚ ਸੁੰਨ, ਨਿਰੰਕਾਰ ਦੇ ਸਰੂਪ ਲਈ ਵਰਤਿਆ ਹੈ। ਇਸ ਸਰੂਪ ਨੂੰ ਜਾਨਣ ਨਾਲ ਤਿੰਨਾਂ ਗੁਣਾਂ ਤੋਂ ਉਪਰ ਉੱਠਣ ਤੇ ਉਸਦੀ ਸੋਝੀ ਪ੍ਰਾਪਤ ਹੁੰਦੀ ਹੈ-

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਣ ਮਸੁੰਨੰ ।।
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪ ਨ ਪੁੰਨੰ ।। (ਪੰ. 943)

ਗੁਰੂ ਸਾਹਿਬ ਸੁੰਨ ਤੋਂ ਸੰਸਾਰ ਦੀ ਰਚਨਾ ਮੰਨਦੇ ਹਨ। ਜਿਹੜੇ ਸੁੰਨ ਦੀ ਸਰਬ ਵਿਆਪਕ ਹੋਂਦ ਦਾ ਰਹੱਸ ਜਾਣ ਲੈਂਦੇ ਹਨ ਉਹ ਸੁੰਨ ਨਾਲ ਇਕ-ਮਿਕ ਹੋ ਜਾਂਦੇ ਹਨ।

ਘਟਿ ਘਟਿ ਸੁੰਨਿ ਕਾ ਜਾਣੈ ਭੇਉ।
ਆਦਿ ਪੁਰਖੁ ਨਿਰੰਜਨ ਦੇਉ।....
ਅਨਹਤ ਸੁੰਨਿ ਰਤੇ ਸੇ ਕੈਸੇ।
ਜਿਸਤੇ ਉਪਜੇ ਤਿਸਹੀ ਕੈਸੇ।। (ਪੰ. 943)

ਜੋਗੀ ਸੁੰਨ, ਪ੍ਰਾਣ ਤੇ ਮਨ ਨੂੰ ਅਨਾਦੀ ਮੰਨਦੇ ਹਨ। ਪ੍ਰਾਣ, ਤੇ ਮਨ ਦਾ ਆਧਾਰ ਬ੍ਰਹਮ ਨੂੰ ਨਹੀਂ ਮੰਨਦੇ। ਜੋਗੀ ਸੁੰਨ ਨੂੰ ਗੁਰ-ਅਉਧੂ ਦੀ ਹਸਤੀ ਪ੍ਰਵਾਨ ਕਰਦੇ ਹਨ। ਉਹ ਸੰਤ, ਗੁਰੂ ਅਉਧੂ ਦੀ ਸ਼ਕਤੀ ਦੇ ਵਿਸ਼ਵਾਸੀ ਹਨ। ਉਹ ਇਹ ਸ਼ਕਤੀ ਕਿਥੋਂ ਲੈਂਦੇ ਹਨ, ਇਸ ਬਾਰੇ ਜੋਗ ਮੱਤ ਚੁੱਪ ਹੈ। ਗੁਰੂ ਜੀ ਉਸ ਆਦਿ ਸ਼ਕਤੀ ਬ੍ਰਹਮ ਨੂੰ ਨਮਸਕਾਰ ਕਰਦੇ ਹਨ ਉਨ੍ਹਾਂ ਬਾਣੀ ਵਿਚ ਦੱਸਿਆ ਹੈ ਕਿ ਰਹਿਰਾਸ (ਬੇਨਤੀ) ਤੇ ਜੈਕਾਰ ਉਸੇ ਹਸਤੀ ਹੋਣਾ ਦਾ ਹੈ ਜੋ ਅਪਰ ਅਪਾਰ ਹੈ :

ਤਿਸੁ ਆਗੈ ਰਹਿਰਾਸਿ ਹਮਾਰੀ ।।
ਸਾਚਾ ਅਪਰ ਅਪਾਰੋ।। (ਪੰਨਾ 938)

ਗੁਰੂ ਜੀ ਅਨੁਸਾਰ ਪਰਮ ਸਤਿ ਦਾ ਆਸਣ-ਬੈਸਣ ਥਿਰ ਹੈ। ਉਹ ਘਟ ਘਟ ਗੁਪਤਾ ਹੈ। ਉਹ ਮਾਇਆ ਰਹਿਤ ਹੈ। ਉਸ ਨੇ ਆਪਣੇ ਨਿਰਗੁਣ ਰੂਪ ਵਿਚੋਂ ਆਪ ਹੀ ਸਰਗੁਣ ਰੂਪ ਧਾਰਨ ਕੀਤਾ ਹੈ। ਉਸ ਤੋਂ ਬਿਨ੍ਹਾਂ ਹੋਰ ਕੋਈ ਦੂਸਰਾ ਨਹੀਂ ਹੈ। ਉਹ ਇਕੋ ਹੀ ਸਭ ਕਿਛ ਹੈ। ਪ੍ਰਭੂ ਦੀ ਅਪਰਤੱਖ ਅਵਸਥਾ ਸੁੰਨ ਹੈ। ਨਿਰਗੁਣ ਹੈ ਅਤੇ ਸਰਗੁਣ ਹੈ ਇਸ ਵਿਚ ਉਹ ਸਰਬ ਵਿਆਪਕ ਹੋ ਜਾਂਦਾ ਹੈ।

ਅਵਿਗਤੋਂ ਨਿਰਮਾਇਲੁ ਉਪਜੇ
ਨਿਰਗੁਣ ਤੇ ਸਰਗੁਣੁ ਥੀਆ ।। (ਪੰਨਾ 940)

ਗੁਰੂ ਜੀ ਨੇ ਪਰਮ ਸਤਿ ਲਈ ਸ਼ਬਦ 'ਸਚ' ਵੀ ਵਰਤਿਆ ਹੈ ਸੱਚ ਨੂੰ ਪ੍ਰਾਪਤ ਕਰਨਾ, ਪਿਆਰ ਕਰਨਾ, ਮਨ ਵਿਚ ਵਸਾਉਣਾ ਜੀਵਨ ਮਨੋਰਥ ਹੈ। ਇਕੋ ਪ੍ਰਭੂ ਨੂੰ ਮਨ ਵਿਚ ਵਸਾਉਣ ਨਾਲ, ਉਸ ਦੇ ਦਰਸ਼ਨ ਹੁੰਦੇ ਹਨ। ਸੱਚੇ ਪ੍ਰਭੂ ਨਾਲ ਪਿਆਰ ਪੈਣ ਤੇ ਉਹ ਜੀਵ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ :

ਆਪੇ ਮੇਲਿ ਮਿਲਾਏ ਕਰਤਾ
ਲਾਗੈ ਸਾਚਿ ਪਿਆਰੋ ।। (ਪੰਨਾ 938)

ਪਰਮਸਤਿ ਲਈ ਅਪਰੰਪਰਿ 'ਅਬਿਨਾਸੀ, ਰਾਮ, ਖਸਮ, ਗੁਪਤਾ, ਨਿਰੰਜਨ, ਅਪਰ-ਅਪਾਰੋ, ਪੁਰਖ ਬਿਧਾਤਾ ਆਦਿ ਸ਼ਬਦ ਆਏ ਹਨ। ਪਰਮਾਤਮਾ ਆਪਣੀ ਗਤਿ-ਮਿਤਿ ਆਪ ਹੀ ਜਾਣਦਾ ਹੈ। ਜੇਕਰ ਮਨੁੱਖ ਕਹੇ ਕਿ ਉਸ ਨੇ ਪ੍ਰਭੂ ਦੀ ਥਾਹ ਪਾ ਲਈ ਹੈ ਤਾਂ ਉਸ ਦੀ ਭੁੱਲ ਹੈ। ਅਨੇਕ ਸਾਧਕ ਸਿੱਧ ਉਸ ਦੇ ਭੇਤਾਂ ਨੂੰ ਖੋਜਦੇ ਭਰਮ ਵਿਚ ਭਟਕ ਰਹੇ ਹਨ-

ਤੇਰੀ ਗਤਿ ਮਿਤਿ ਤੂ ਹੀ ਜਾਣਹਿ ਕਿਆ ਕੋ ਆਖਿ ਵਖਾਣੈ ।।

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ।। (ਪੰਨਾ 946)

ਨਿਰੰਕਾਰ ਦੀ ਜੋਤ ਹੀ ਸਾਰੇ ਸਰਗੁਣ ਪਸਾਰੇ ਵਿਚ ਪਸਰੀ ਹੋਈ ਹੈ। ਅਬਿਨਾਸੀ ਪ੍ਰਭੂ ਨੇ ਹੀ ਸਰਗੁਣ ਦਾ ਸਾਰਾ ਖੇਲ੍ਹ ਰਚਾਇਆ ਹੋਇਆ ਹੈ :

ਅਬਨਾਸੀ ਪ੍ਰਭਿ ਖੇਲੁ ਰਚਾਇਆ
ਗੁਰਮੁਖਿ ਸੋਝੀ ਹੋਈ
ਨਾਨਕ ਸਭਿ ਜੁਗ ਆਪੇ ਵਰਤੈ
ਦੂਜਾ ਅਵਰੁ ਨ ਕੋਈ ।। (ਪੰਨਾ 946)

## ਗੁਰੂ ਜੀ ਦੁਆਰਾ ਦਿੱਤਾ ਸ਼ਬਦ ਗੁਰੂ ਦਾ ਸਿਧਾਂਤ

ਨਿਰੰਕਾਰ ਦਾ ਸਰੂਪ ਜੋਤਿ ਹੈ। ਗੁਰੂ ਜੀ ਨੇ ਮਨੁੱਖ ਨੂੰ ਸ਼ਬਦ ਗੁਰੂ ਤੇ ਕੇਂਦਰਤ ਕੀਤਾ ਹੈ। ਜੋਗੀ ਵੀ ਗੁਰੂ ਨਾਨਕ ਮੱਤ ਅਨੁਸਾਰ ਸ਼ਬਦ ਦੇ ਵਿਸ਼ਵਾਸੀ ਹਨ। ਜੋਗੀਆਂ ਦਾ ਸ਼ਬਦ ਸੁੰਨ ਤੇ ਆਧਾਰਿਤ ਹੈ। ਉਹ ਸ਼ਬਦ ਨੂੰ ਅਨਾਦੀ ਤੇ ਬ੍ਰਹਮ ਤੋਂ ਸੁਤੰਤਰ ਮੰਨਦੇ ਹਨ।

ਗੁਰੂ ਜੀ ਸ਼ਬਦ ਨੂੰ ਬ੍ਰਹਮ ਤੇ ਆਧਾਰਤਿ ਮੰਨਦੇ ਹਨ, ਸ਼ਬਦ ਬ੍ਰਹਮ ਹੈ, ਉਸ ਦਾ ਦਰਸ਼ਨ ਹੈ, ਪ੍ਰਭੂ ਦਾ ਹੁਕਮ ਹੈ, ਸ਼ਕਤੀ ਹੈ, ਪ੍ਰਗਟ ਰੂਪ ਹੈ। ਪ੍ਰਭੂ ਨਦਰ ਕਰੇ ਤਾਂ ਸ਼ਬਦ ਹਿਰਦੇ ਵਿਚ ਵਸ ਜਾਂਦਾ ਹੈ ਤੇ ਭਰਮ ਨਾਸ਼ ਹੋ ਜਾਂਦਾ ਹੈ। ਨਿਰਗੁਣ ਪ੍ਰਭੂ, ਜੋ ਚਿਹਨ ਸਰੂਪ ਤੋਂ ਮੁਕਤ ਹੈ, ਸ਼ਬਦ ਨਾਲ ਹੀ ਪਛਾਣਿਆ ਜਾ ਸਕਦਾ ਹੈ :

ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ।।
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋ ਮੰਨਿ ਵਸਾਏ ।।
ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ।।
ਚਿਹਨੁ ਵਰਨੁ ਨਹੀਂ ਛਾਇਆ ਮਾਇਆ ਨਾਨਕ ਸਬਦੁ ਪਛਾਣੈ ।। (ਪਦਾ 944)

ਗੁਰੂ ਦੁਆਰੇ ਸੱਚੇ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ, ਮਨ ਭਿਜਦਾ ਹੈ, ਸਤਿ ਦੀ ਸੋਝੀ ਹੁੰਦੀ ਹੈ, ਨਿਜ ਘਰ ਵਿਚ ਵਾਸਾ ਹੁੰਦਾ ਹੈ। ਗੁਰੂ ਸ਼ਬਦ ਦੀ ਸਿੱਖਿਆ ਨਾਲ ਔਗੁਣ ਮਿਟ ਜਾਂਦੇ ਹਨ। ਗੁਰੂ, ਸੱਚੇ ਸ਼ਬਦ ਦੁਆਰਾ ਗੁਰਮੁਖ ਦਾ ਮਨ ਪਲਟਾ ਦਿੰਦਾ ਹੈ ਭਾਵ ਉਸ ਦਾ ਮਨ ਦੁਨੀਆਂ ਦੇ ਪਦਾਰਥਾਂ ਦੇ ਮੋਹ ਵਲੋਂ ਹਟਾ ਕੇ ਪ੍ਰਭੂ ਸਿਮਰਨ ਵੱਲ ਲਗਾ ਦਿੰਦਾ ਹੈ।

ਗੁਰੂ ਬਿਨਾਂ ਜੀਵ ਦਾ ਭਰਮ ਨਹੀਂ ਮਿਟਦਾ। ਮਨ ਡੋਲਦਾ ਰਹਿੰਦਾ ਹੈ, ਤ੍ਰਿਪਤੀ ਨਹੀਂ ਆਉਂਦੀ। ਮਾਇਆ ਸੱਪਣੀ ਡੰਗ ਮਾਰਦੀ ਰਹਿੰਦੀ ਹੈ। ਘਾਲ ਥਾਇ ਨਹੀਂ ਪੈਂਦੀ। ਜੀਵ ਨੂੰ ਘਾਟਾ ਹੀ ਰਹਿੰਦਾ ਹੈ। ਸ਼ਬਦ ਗੁਰੂ ਦੀ ਸੋਝੀ ਦੁਆਰਾ ਮਹਾਂ ਆਨੰਦ ਪ੍ਰਾਪਤ ਹੁੰਦਾ ਹੈ। ਅਵਗੁਣ ਮਿਟਦੇ ਹਨ। ਖੋਟੇ ਖਰੇ ਦੀ ਪਛਾਣ ਹੁੰਦੀ ਹੈ। ਆਵਾਗਵਨ ਮਿਟਦਾ ਹੈ। ਮਨ ਵਿਚ ਸਹਿਜ ਪੈਦਾ ਹੁੰਦਾ ਹੈ। ਜੀਵ ਬੰਧਨਾਂ ਤੋਂ ਮੁਕਤ ਹੁੰਦਾ ਹੈ। ਪੂਰੇ ਗੁਰੂ ਤੋਂ ਹੀ ਸ਼ਬਦ ਨਾਮ ਦੀ ਪ੍ਰਾਪਤੀ ਹੁੰਦੀ ਹੈ, ਤਦ ਅਸਲ ਸਮਝ ਆਉਂਦੀ ਹੈ। ਗੁਰੂ ਜੀ ਨੇ ਹਠ ਜੋਗ ਦੇ ਮੁਕਾਬਲੇ ਤੇ ਨਾਮ-ਜੋਗ ਦਾ ਸਿਧਾਂਤ ਦ੍ਰਿੜ੍ਹ ਕਰਾਇਆ ਹੈ।

ਨਾਮ ਸਾਧਨਾ ਸਾਰੀਆਂ ਸਾਧਨਾਵਾਂ, ਤਪੱਸਿਆਵਾਂ ਤੋਂ ਸ਼ਿਰੋਮਣੀ ਹੈ। ਨਾਮ ਅਰਾਧਨਾ ਵਿਚ ਸਾਰੇ ਜਪ, ਤਪ, ਤੀਰਥ, ਦਾਨ, ਪੁੰਨ ਕਿਰਿਆਵਾਂ ਆ ਜਾਂਦੀਆਂ ਹਨ :

ਨਾਮ ਤਤੁ ਸਭ ਹੀ ਸਿਰਿ ਜਾਪੈ ।।
ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ।। (ਪੰਨਾ 943)

ਸਤਿਗੁਰੂ ਨੂੰ ਸੇਵਨ ਨਾਲ ਹੀ ਅਸਲ ਜੋਗ ਦੀ ਜੁਗਤੀ ਮਿਲ ਸਕਦੀ ਹੈ ਤੇ ਉਹੀ ਮੁਕਤੀ ਦਿਵਾ ਸਕਦਾ ਹੈ। ਗੁਰੂ ਤੋਂ ਬਿਨਾਂ ਅਹੰਕਾਰ ਨਹੀਂ ਮਿਟਦਾ। ਇਸ ਤਰ੍ਹਾਂ ਮਨੁੱਖ ਜਨਮ ਹਾਰ ਕੇ ਸੰਸਾਰ ਤੋਂ ਚਲਾ ਜਾਂਦਾ ਹੈ :

– ਬਿਨੁ ਸਤਿਗੁਰ ਸੇਵੈ ਜੋਗੁ ਨ ਹੋਈ ।।
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ।। (ਪੰਨਾ 946)

– ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ।।
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ।। (ਪੰਨਾ 946)

**ਜਗਤ ਰਚਨਾ :**

ਸਾਰੀ ਰਚਨਾ ਇਕ ਪ੍ਰਭੂ ਤੋਂ ਹੀ ਹੋਈ ਹੈ। ਆਦਿ ਬ੍ਰਹਮ ਦਾ ਕੋਈ ਵੀ ਆਦਿ ਨਹੀਂ ਹੈ। ਇਹੀ ਵਿਚਾਰ ਵਿਸਮਾਦ ਜਨਕ ਹੈ। ਸੱਚ ਵਿਚੋਂ ਹੀ ਸਭ ਕੁਝ ਉਪਜਦਾ ਹੈ। ਉਸੇ ਸੱਚ ਵਿਚ ਵਿਚਰਦਾ ਹੈ ਅੰਤ ਨੂੰ ਸੱਚ ਵਿਚ ਹੀ ਲੀਨ ਹੋ ਜਾਂਦਾ ਹੈ।

ਆਦਿ ਕਉ ਵਿਸਮਾਦੁ ਬੀਚਾਰੁ ਕਥੀਅਲੇ ।। .......
ਏਕੇ ਕਉ ਸਚੁ ਏਕਾ ਜਾਣੈ ।।........
ਸਾਚੌ ਉਪਜੈ ਸਾਚਿ ਸਮਾਵੈ ।। (ਪੰਨਾ 940)

ਜੋਗੀ ਸੁੰਨ, ਪ੍ਰਾਣ ਤੇ ਮਨ ਨੂੰ ਅਨਾਦੀ ਮੰਨਦੇ ਹਨ, ਜਦ ਕਿ ਗੁਰੂ ਜੀ ਇਕ ਪ੍ਰਭੂ ਦੀ ਹੀ ਹਸਤੀ ਨੂੰ ਸਭ ਕਿਛ ਸਮਰੱਥ ਮੰਨਦੇ ਹਨ। ਜਗਤ ਦੀ ਉਤਪਤੀ ਬਾਰੇ ਅਤੇ ਦੁੱਖਾਂ ਦੇ ਵਿਨਾਸ਼ ਬਾਰੇ ਪ੍ਰਸ਼ਨ ਦੇ ਉਤਰ ਵਿਚ ਗੁਰੂ ਜੀ ਜਵਾਬ ਦਿੰਦੇ ਹਨ :

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ।। (ਪੰਨਾ 946)

ਗੁਰੂ ਜੀ ਤੇ ਜੋਗੀ ਇਸ ਖਿਆਲ ਨਾਲ ਸਹਿਮਤ ਹਨ ਕਿ ਸੰਸਾਰ ਇਕ ਸਾਗਰ ਵਾਂਗ ਹੈ, ਇਸ ਨੂੰ ਪਾਰ ਕਰਨਾ ਮੁਸ਼ਕਲ ਹੈ। ਇਹ ਭਾਵ ਸਾਗਰ ਹੈ। ਗੁਰੂ ਜੀ ਅਨੁਸਾਰ ਇਹ ਸਾਗਰ ਮਨ ਵੀ ਹੀ ਹੈ ਜਿਸ ਵਿਚ ਆਸਾ, ਮਨਸਾ, ਤ੍ਰਿਸ਼ਨਾਂ ਦੀਆਂ ਛੱਲਾਂ ਉਠਦੀਆਂ ਰਹਿੰਦੀਆਂ ਹਨ। ਇਨ੍ਹਾਂ ਤ੍ਰਿਸ਼ਨਾਵਾਂ ਤੇ ਕਾਬੂ ਪਾ ਕੇ ਸੰਸਾਰ ਨੂੰ ਪਾਰ ਕੀਤਾ ਜਾ ਸਕਦਾ ਹੈ। ਮਨੁੱਖ ਦੁਰਮਤਿ ਦਾ ਬੱਝਾ ਹੋਇਆ ਹੈ। ਮਾਇਆ ਸਰਪਨੀ ਨੇ ਖਾਧਾ ਹੈ। ਮਨ ਵਿਚ ਇਕ ਪ੍ਰਭੂ ਦਾ ਵਾਸਾ ਹੋਣ ਤੇ ਮਨੁੱਖ ਆਸ਼ਾਵਾਂ ਵਿਚ ਵੀ ਨਿਰਾਸ਼ ਰਹਿੰਦਾ ਹੈ। ਦੁਨੀਆਂ, ਭਾਵ ਸੰਸਾਰ ਸਾਗਰ ਸਮਾਨ ਜਰੂਰ ਹੈ ਪ੍ਰੰਤੂ ਇਸ ਨੂੰ ਤਰਨ ਦਾ ਤਰੀਕਾ/ਜੁਗਤੀ ਦੱਸਦੇ ਹੋਏ ਗੁਰੂ ਨਾਨਕ ਦੇਵ ਜੀ ਜੀਵ ਨੂੰ ਹੀ ਉਪਦੇਸ਼ ਕਰਦੇ ਹਨ ਕਿ ਜਿਵੇਂ ਜਲ ਵਿਚ ਮੁਰਗਾਬੀ ਅਤੇ ਕੰਵਲ ਫੁੱਲ ਰਹਿੰਦੇ ਹਨ ਇਸੇ ਤਰ੍ਹਾਂ ਮਨੁੱਖ ਨੂੰ ਰਹਿਣਾ ਚਾਹੀਦਾ ਹੈ।

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈਸਾਣੈ ।।
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੈ ।। (ਪੰਨਾ 938)

ਮਨ ਨੂੰ ਸੁਰਤਿ ਦੇ ਅਧੀਨ ਕਰਕੇ ਜਦੋਂ ਇਕਾਗਰਤਾ ਪ੍ਰਾਪਤ ਹੁੰਦੀ ਹੈ ਤਾਂ ਮਨ ਵਿਚ ਫਿਰ ਅਡੋਲਤਾ ਆਉਣ ਤੇ ਆਸ਼ਾਵਾਂ ਤ੍ਰਿਸ਼ਨਾਵਾਂ ਦੇ ਉਛਾਲੇ ਨਹੀਂ ਉਠਦੇ ਭਾਵ ਮਨ ਕਾਬੂ ਵਿਚ ਰਹਿੰਦਾ ਹੈ। ਦੁਬਿਧਾ ਦਾ ਭਰਮ ਭਉ ਮਿਟ ਜਾਂਦਾ ਹੈ। ਜੀਵ ਨੂੰ ਇਕੋ ਪ੍ਰਭੂ ਦਾ ਵਿਸ਼ਵਾਸ ਇਥੇ (ਇਸ ਦੁਨੀਆਂ ਵਿਚ) ਅਤੇ ਅਗਲੀ ਦੁਨੀਆਂ ਵਿਚ ਵੀ ਇਕ

ਪ੍ਰਭੂ ਦੀ ਧਾਰਨਾ ਮਨ ਵਿਚ ਬੈਠ ਜਾਂਦੀ ਹੈ। ਗੁਰਮੁਖ ਦਾ ਵਿਸ਼ਵਾਸ਼ ਇਕ ਗੁਰੂ ਵਿੱਚ ਬਝਦਾ ਹੈ ਕਿਉਂਕਿ ਉਹ ਗੁਰੂ ਦੇ ਉਪਦੇਸ਼ ਨੂੰ ਅਮਲ ਵਿਚ ਲਿਆਉਂਦਾ ਹੈ :

ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੈ ।। (ਪੰਨਾ 938)

## ਸਮਾਜਕ ਵਿਵਸਥਾ

ਜੋਗ ਮੱਤ ਨਵਿਰਤੀ ਮਾਰਗ ਦਾ ਧਾਰਨੀ ਹੈ ਜਦ ਕਿ ਗੁਰਮਤਿ ਪ੍ਰਵਿਰਤੀ ਵਿਚ ਨਵਿਰਤੀ ਦਾ ਉਪਦੇਸ਼ ਦਿੰਦਾ ਹੈ। ਸਿੱਧ ਗ੍ਰਹਿਸਤ ਨੂੰ ਨਫਰਤ ਦੀ ਭਾਵਨਾ ਨਾਲ ਤਿਆਗ ਕੇ ਇਸ ਤੋਂ ਦੂਰ ਜੰਗਲਾਂ ਵਿਚ ਵਾਸਾ ਕਰਦੇ ਹਨ। ਕੰਦ-ਮੂਲ ਖਾਂਦੇ ਹਨ, ਤੀਰਥਾਂ ਤੇ ਇਸ਼ਨਾਨ ਕਰਦੇ ਹਨ, ਗਿਆਨ ਦੀਆਂ ਗੱਲਾਂ ਕਰਦੇ ਹਨ। ਹਾਟਾਂ ਤੇ ਰਾਹਾਂ ਤੇ ਵਿਚਰਦੇ ਹਨ, ਉਨ੍ਹਾਂ ਨੂੰ ਇਸ ਜੀਵਨ ਵਿਚ ਹੀ ਸੁਖ ਹੈ, ਅਨੰਦ ਮਹਿਸੂਸ ਹੁੰਦਾ ਹੈ :

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ।।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ।। (ਪੰਨਾ 938-39)

ਗੁਰੂ ਜੀ ਨੂੰ ਇਹ ਸਭ ਤਿਆਗਵਾਦੀ ਭਾਵਨਾ ਪਸੰਦ ਨਹੀਂ, ਨਾ ਹੀ ਇਸ ਤਰ੍ਹਾਂ ਦੇ ਕਰਮ-ਕਾਂਡ ਮਨੁੱਖ ਨੂੰ ਅਧਿਆਤਮਕ ਸਿਖਰ ਤੇ ਲਿਜਾਣ ਵਿਚ ਸਹਾਈ ਹੁੰਦੇ ਹਨ। ਸੱਚਾ ਗੁਰੂ ਹਿਰਦੇ ਵਿਚ ਹੀ ਪ੍ਰਭੂ ਦਾ ਵਾਸਾ ਅਨੁਭਵ ਕਰਾ ਦਿੰਦਾ ਹੈ। ਬਾਹਰ ਜੰਗਲਾਂ ਵਿਚ ਭਟਕਣ ਦੀ ਕੀ ਲੋੜ ਹੈ :

ਕਿਆ ਭਵੀਐ ਸਚਿ ਸੂਚਾ ਹੋਇ ।।
ਸਾਚ ਸ਼ਬਦ ਬਿਨ ਮੁਕਤਿ ਨ ਕੋਈ ।। (ਪੰਨਾ 938)

ਗੁਰਮਤਿ ਅਨੁਸਾਰ ਹਾਟੀ-ਬਾਟੀ ਉਹੀ ਥਾਂ ਚੰਗੀ ਜਿਥੇ ਅਗਿਆਨਤਾ ਦੀ ਨੀਂਦ ਨਾ ਆਵੇ ਅਤੇ ਮਨ ਕਾਬੂ ਵਿਚ ਰਹੇ। ਤ੍ਰਿਸ਼ਨਾਵਾਂ ਤੋਂ ਮੁਕਤ, ਪਰਾਏ ਧਨ ਤੇ ਪਰਾਈ ਇਸਤਰੀ ਵਲ ਨਾ ਝਾਕੇ। ਥੋੜ੍ਹਾ ਖਾਣ ਤੇ ਥੋੜ੍ਹੇ ਸੌਣ ਨਾਲ ਤੱਤ ਦਾ ਵਿਚਾਰ ਸੌਖਾ ਹੋ ਜਾਂਦਾ ਹੈ। ਪੰਜ ਕਾਮਾਦਕਾਂ ਨੂੰ ਨਿਵਾਰਨ ਨਾਲ ਗੁਰੂ ਸ਼ਬਦ ਦੀ ਸੋਝੀ ਪੈਂਦੀ ਹੈ :

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ ।।
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ।। (ਪੰਨਾ 939)

ਹਿਰਦੇ ਵਿਚ ਨਾਮ ਦਾ ਵਾਸਾ ਜੋਗ ਦੀ ਅੰਤਰੀਵ ਵਿਧੀ ਵਿਚ ਮੁੰਦਰਾਂ ਹਨ। ਅਹੰਕਾਰ ਤੇ ਮਮਤਾ ਦਾ ਤਿਆਗ ਖਿੰਥਾ ਹੈ। ਪਰਮਾਤਮਾ ਦਾ ਪੂਰਨ ਵਿਸ਼ਵਾਸ ਝੋਲੀ ਹੈ। ਸੰਸਾਰੀ ਕਾਮਨਾਵਾਂ ਤੋਂ ਬਿਰਤੀ ਨੂੰ ਉਲਟਾਉਣਾ ਖੱਪਰ ਹੈ। ਪੰਜ ਤੱਤਾਂ ਨਾਲ ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਟੋਪੀ ਹੈ। ਮਨੁੱਖੀ ਸਰੀਰ ਕੜਾਸਣ ਹੈ। ਮਨ ਕਮੀਨ ਜਾਂ ਲੰਗੋਟੀ ਹੈ। ਸਤ, ਸੰਤੋਖ, ਸੰਜਮ ਇਸ ਦੇ ਸਾਥੀ ਹਨ :

ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੁ ।।
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ।।
ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ।।
ਬਾਹਰ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ।।
ਇਨ ਬਿਧਿ ਮਨੁ ਸਮਝਾਈਐ ਪੁਰਖਾ ਬਹੁੜਿ ਚੋਟ ਨ ਖਾਈਐ ।। (ਪੰਨਾ 939)

ਪਰਮਾਤਮਾ ਦਾ ਦਰਸ਼ਨ ਵੇਸ, ਝੋਲੀ, ਮੁੰਦਰਾਂ ਤੇ ਖਿੰਥਾਂ ਹਨ। ਛੇ ਦਰਸ਼ਨ ਪਰਮਾਤਮਾ ਦਾ ਇਕ ਪੰਥ ਹੈ। ਬਾਰ੍ਹਾਂ ਸੰਪਰਦਾਵਾਂ ਵਿਚੋਂ ਹਰੀ ਦੀ ਅਰਾਧਨਾ ਇਕ ਸੰਪਰਦਾ ਹੈ। ਸੰਸਾਰ ਦੇ ਵਿਸ਼ਿਆਂ ਨੂੰ ਤੇ ਮਾਇਆ ਨੂੰ ਜਿੱਤਣਾ ਲੋਹਾ ਚੱਬਣ ਦੇ ਬਰਾਬਰ ਹੈ ਭਾਵ ਔਖਾ ਹੈ। ਮਨੁੱਖ ਕਮਜ਼ੋਰ ਹੈ ਉਸ ਦੇ ਦੰਦ ਮੋਮ ਦੇ ਹਨ। ਜੋਗ ਮੱਤ ਸਮਾਧੀ ਦਾ ਸਮਰਥਕ ਹੈ। ਨਾਨਕ ਮੱਤ ਦਾ ਵਿਚਾਰ ਹੈ ਕਿ ਬਿਨਾਂ ਨਾਮ ਤੋਂ ਮਨ ਨਹੀਂ ਟਿਕਦਾ। ਨਾਮ ਸ਼ਬਦ ਦੀ ਕਮਾਈ ਨਾਲ ਇਹ ਸੰਸਾਰ ਤਰਿਆ ਜਾ ਸਕਦਾ ਹੈ :

ਸਬਦੁ ਕਮਾਈਐ ਖਾਈਐ ਸਾਰੁ ।। (ਪੰਨਾ 943)

ਇਸੇ ਤਰ੍ਹਾਂ ਸਿੱਧਾਂ ਵਲੋਂ ਕੀਤੇ ਪ੍ਰਸ਼ਨਾਂ ਜਿਵੇਂ ਜੀਵਨ ਦਾ ਮੂਲ ਕੀ ਹੈ, ਕਿਹੜਾ ਵਕਤ ਸ੍ਰੇਸ਼ਟ ਹੈ, ਕਿਹੜਾ ਧਰਮ ਮੰਨਣ ਯੋਗ ਹੈ, ਦਾ ਉੱਤਰ ਗੁਰੂ ਜੀ ਦਿੰਦੇ ਹਨ ਕਿ ਜੀਵਨ ਦਾ ਮੂਲ ਪ੍ਰਾਣ ਹਨ, ਸਤਿਗੁਰੂ ਦੀ ਮੱਤ ਲੈਣ ਦਾ ਵੇਲਾ ਹੈ, ਸੁਰਤ ਨੂੰ ਸ਼ਬਦ ਵਿਚ ਟਿਕਾਉਣ ਨਾਲ ਮਨ ਕਾਬੂ ਰਹਿੰਦਾ ਹੈ। ਗੁਰੂ ਸ਼ਬਦ ਹੀ ਸਹੀ ਅਗਵਾਈ ਦੇ ਸਕਦਾ ਹੈ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ ।। (ਪੰਨਾ 943)

ਜੀਵਨ ਆਦਰਸ਼ ਦੇ ਸੰਦਰਭ ਵਿਚ ਜੋਗੀਆਂ ਵਲੋਂ ਪ੍ਰਸ਼ਨ ਤੇ ਗੁਰੂ ਜੀ ਵਲੋਂ ਉੱਤਰ ਦੇਣ ਦਾ ਸਿਲਸਿਲਾ ਇਸ ਸਿਧਾਂਤ ਨੂੰ ਵੀ ਸਪੱਸ਼ਟ ਕਰਦਾ ਹੈ ਕਿ ਜੀਵਨ ਧਾਰਾ ਦੇ ਮੁੱਖ ਰੂਪ ਵਿਚ ਦੋ ਹੀ ਪਹਿਲੂ ਹਨ - ਇਕ ਬੰਧਨ ਯੁਕਤ ਅਤੇ ਦੂਸਰਾ ਬੰਧਨ ਮੁਕਤ। ਗੁਰੂ ਦੇ ਉਪਦੇਸ਼ ਨੂੰ ਅਮਲੀ ਰੂਪ ਵਿਚ ਧਾਰਨ ਕਰਨ ਵਾਲਾ ਗੁਰਮੁਖਿ ਬੰਧਨ ਮੁਕਤ ਹੈ ਅਤੇ ਗੁਰੂ ਉਪਦੇਸ਼ ਨੂੰ ਛੱਡ ਕੇ ਹਉਮੈ ਅਧੀਨ ਦੁਨਿਆਵੀ ਜੀਵਨ ਤੱਕ ਸੀਮਤ ਰਹਿਣ ਵਾਲਾ ਵਿਅਕਤੀ ਬੰਧਨ ਯੁਕਤ ਹੈ। ਉਸ ਦਾ ਆਵਾਗਵਨ ਬਣਿਆ ਰਹਿੰਦਾ ਹੈ। ਉਹ ਮਨ, ਬਚਨ ਤੇ ਕਰਮ ਕਰਕੇ ਇਕਸਾਰਤਾ ਤੇ ਇਕਸੁਰਤਾ ਵਾਲਾ ਨਹੀਂ ਹੈ। ਮਨਮੁਖ ਆਪਣਾ ਆਪ ਅਹੰਕਾਰ ਵਸ ਹੋ ਕੇ ਗੁਆ ਲੈਂਦਾ ਹੈ ਜਦ ਕਿ ਗੁਰਮੁਖ ਜੀਵਨ ਦੀ ਬਾਜੀ ਜਿਤ ਜਾਂਦਾ ਹੈ। ਮਨਮੁਖ ਨੂੰ ਮਾਇਆ ਚਿੰਬੜੀ ਹੋਈ ਹੈ, ਇਸ ਲਈ ਉਹ ਜੀਵਨ ਦੀ ਬਾਜੀ ਹਾਰ ਜਾਂਦਾ ਹੈ।

## ਗੁਰਮੁਖਿ

ਗੁਰਮੁਖਿ ਸਰ ਅਪਸਰ ਕੀ ਬਿਧਿ ਜਾਣੈ :
ਗੁਰਮੁਖਿ ਪਰਵਿਰਿਤ ਨਰਵਿਰਤਿ ਪਛਾਣੈ ।। (ਪੰਨਾ 941)

## ਮਨਮੁਖ

ਦੁਰਮਤਿ ਬਾਧਾ ਸਰਪਨਿ ਖਾਧਾ ।।
ਮਨਮੁਖਿ ਖੋਇਆ ਗੁਰਮੁਖਿ ਲਾਧਾ ।। (ਪੰਨਾ 939)

ਪਰਵਿਰਤੀ ਮਾਰਗ ਉਪਰ ਤੁਰਦਿਆਂ ਮਾਇਆ ਰਹਿਤ ਪ੍ਰਭੂ ਵਿਚ ਜੁੜੇ ਰਹਿਣ ਨਾਲ ਅਸਲ ਜੋਗ ਦੀ ਪ੍ਰਾਪਤੀ ਹੁੰਦੀ ਹੈ- 'ਸੂਹੀ ਰਾਗ' ਵਿਚ ਗੁਰੂ ਜੀ ਵਰਣਨ ਕਰਦੇ ਹਨ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ।
ਜੋਗੁ ਨਾ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿੰਙੀ ਵਾਈਐ ।।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।। (ਪੰਨਾ 730)

ਜੋਗੀਆਂ ਨਾਲ ਗੋਸਟਿ ਕਰਨ ਤੋਂ ਭਾਵ ਗੁਰੂ ਨਾਨਕ ਦੇਵ ਜੀ ਇਕ ਅਜਿਹੇ ਗੁਰਮੁਖਿ ਜੋਗੀ ਦੀ ਭਾਲ ਵਿਚ ਸਨ ਜਿਹੜਾ ਆਪ ਮੁਕਤ ਹੋ ਚੁੱਕਾ ਹੋਵੇ ਤੇ ਬਾਕੀ ਲੋਕਾਂ ਲਈ ਗਾਡੀ ਰਾਹ ਬਣ ਸਕੇ। ਗੁਰਮਤਿ ਦਾ ਉਦੇਸ਼ ਪਰਉਪਕਾਰੀ ਭਾਵਨਾ ਯੁਕਤ ਹੈ ਜਿਸ ਵਿਚ ਮੁਕਤਾ ਆਪ ਤਰਦਾ ਹੈ ਅਤੇ ਹੋਰਨਾਂ ਨੂੰ ਤਾਰਦਾ ਹੈ। ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਜਪਾਉਂਦਾ ਹੈ। ਗੁਰੂ ਜੀ ਅਜਿਹੇ ਗੁਰਮੁਖਾਂ ਦੀ ਭਾਲ ਵਿਚ ਸਨ ਤੇ ਇਸੇ ਮੰਤਵ ਨਾਲ ਚਾਰ ਉਦਾਸੀਆਂ ਧਾਰਨ ਕੀਤੀਆਂ ਸਨ। ਸਿੱਧਾਂ ਵਲੋਂ ਗੁਰੂ ਨਾਨਕ ਨੂੰ ਪ੍ਰਸ਼ਨ ਹੋਇਆ, ਜਿਸ ਦਾ ਉਤਰ ਇਸ ਤਰ੍ਹਾਂ ਅੰਕਿਤ ਕਰਦੇ ਹਨ :

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ।। (ਪੰਨਾ 939)

ਗੁਰੂ ਜੀ ਉੱਤਰ ਦਿੰਦੇ ਹਨ :

ਗੁਰਮੁਖਿ ਖੋਜਤ ਭਏ ਉਦਾਸੀ ।।
ਦਰਸਨ ਕੈ ਤਾਈ ਭੇਖ ਨਿਵਾਸੀ ।। (ਪੰਨਾ 939)

ਗੁਰੂ ਜੀ ਦੇ ਸਮੇਂ ਬਹੁਪ੍ਰਕਾਰੀ ਪਾਖੰਡ ਚਾਲੂ ਹੋ ਚੁੱਕਾ ਸੀ। ਕਈ ਭੇਖਾਂ ਦੇ ਲੋਕ ਜੀਵਨ ਆਦਰਸ਼ ਤੋਂ ਅਨਜਾਣ ਕਰਮ ਕਾਂਡਾਂ ਵਿਚ ਭਟਕ ਰਹੇ ਸਨ। ਅਜਿਹੇ ਲੋਕਾਂ ਦਾ ਜ਼ਿਕਰ ਗੁਰੂ ਜੀ ਹੇਠ ਲਿਖੇ ਅਨੁਸਾਰ ਗੁਰਬਾਣੀ ਵਿਚ ਕਰਦੇ ਹਨ :

ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ ।।
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਵਹੀ ।।
ਇਕਿ ਭਸਮ ਚੜਾਵਹਿ ਅੰਗਿ ਮੈਲੁ ਨ ਧੋਵਹੀ ।।
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ।।
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ ।।
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ।। (ਗੁਰੂ ਗ੍ਰੰਥ ਪੰਨਾ 1284-85)

## ਆਦਰਸ਼ ਮਨੁੱਖ - ਗੁਰਮੁਖ

ਸਿੱਧ ਗੋਸਟਿ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਆਦਰਸ਼ ਮਨੁੱਖ ਦਾ ਸਰੂਪ ਉਜਾਗਰ ਕਰਦੇ ਹਨ। ਗੁਰੂ ਜੀ ਦਾ ਆਦਰਸ਼ ਮਨੁੱਖ ਗੁਰਮੁੱਖ ਹੈ। ਨਾਮ, ਦਾਨ, ਇਸ਼ਨਾਨ ਉਸ ਦੇ ਜੀਵਨ ਦਾ ਆਧਾਰ ਹੈ ਉਹ ਕਰਣੀ ਕੀਰਤ ਵਾਲਾ ਹੈ। ਗੁਰੂ ਜੀ ਨੇ ਸਿਧਿ ਗੋਸਟਿ ਵਿਚ 12 ਪਦੇ ਗੁਰਮੁਖ ਪ੍ਰਥਾਇ ਉਚਾਰਨ ਕੀਤੇ ਹਨ, ਜਿਸ ਵਿਚ ਉਸ ਦਾ ਬਹੁ ਪੱਖੀ ਜੀਵਨ ਉਲੀਕਿਆ ਗਿਆ ਹੈ। ਸਹਿਜ ਅਵਸਥਾ ਦਾ ਮਾਲਕ ਗੁਰਮੁਖ ਆਪ ਤਰ ਚੁੱਕਾ ਹੁੰਦਾ ਹੈ ਅਤੇ ਦੂਸਰਿਆਂ ਨੂੰ ਤਾਰਨਾ ਉਸ ਦਾ ਜੀਵਨ ਮਨੋਰਥ ਬਣ ਜਾਂਦਾ ਹੈ :

ਗੁਰਮੁਖਿ ਨਾਮੁ ਦਾਨੁ ਇਸਨਾਨੁ ।।
ਗੁਰਮੁਖਿ ਲਾਗੈ ਸਹਜਿ ਧਿਆਨੁ ।।
ਗੁਰਮੁਖਿ ਕਰਣੀ ਕਾਰ ਕਰਾਏ ।।
ਨਾਨਕ ਗੁਰਮੁਖਿ ਮੇਲਿ ਮਿਲਾਏ ।। (ਪੰਨਾ 342)

ਪ੍ਰਭੂ ਨੂੰ ਘਟ ਘਟ ਵਿਚ ਜਾਣਨ ਵਾਲਾ, ਜੀਵਨ ਮੁਕਤ, ਸ਼ਬਦ ਰਾਹੀਂ ਜੀਵਨ ਨੂੰ ਪਛਾਣਨ ਵਾਲਾ ਗੁਰਮੁਖਿ ਸ਼ਬਦ ਨਾਮ ਵਿਚ ਰਮਿਆ ਹੋਇਆ ਹੁੰਦਾ ਹੈ। ਉਹ ਸੰਸਾਰਕ ਮੋਹ ਦੇ ਬੰਧਨਾਂ ਵਿਚ ਨਹੀਂ ਪੈਂਦਾ। ਉਹ ਖੰਡ ਬ੍ਰਹਿਮੰਡ ਦੇ ਰਹੱਸ ਨੂੰ ਜਾਣਨ ਵਾਲਾ, ਆਪਣੇ ਪ੍ਰਤਿ ਅਤੇ ਆਪਣੇ ਆਲੇ ਦੁਆਲੇ ਪ੍ਰਤਿ ਬੜਾ ਸੁਜੱਗ ਹੁੰਦਾ ਹੈ। ਉਹ ਸਰੀਰ ਦੀ ਸਹੀ ਕੀਮਤ ਪਾਉਂਦਾ ਹੈ ਕੀਮਤੀ ਸੁਆਸਾਂ ਨੂੰ ਵਿਅਰਥ ਨਹੀਂ ਗੁਆਉਂਦਾ। ਸੁਆਸਾਂ ਦੀ (ਪੂੰਜੀ) ਮੂਲ ਦੁਆਰਾ ਲਾਹਾ ਖੱਟ ਕੇ ਸੰਸਾਰ ਵਿਚੋਂ ਨਾਮ ਧਨ ਲੈ ਕੇ ਜਾਂਦਾ ਹੈ। ਉਹ ਹਲਤ ਵਿਚ ਤਾਂ ਸਤਿਕਾਰ ਪਾਉਂਦਾ ਹੈ ਅਤੇ ਪਲਤ ਵਿਚ ਮੂੰਹ ਉਜਲਾ ਲੈ ਕੇ ਜਾਂਦਾ ਹੈ। ਇਸ ਦੇ ਉਲਟ ਮਨਮੁਖ ਅਗਿਆਨਤਾ ਦੀ ਨੀਂਦ ਵਿਚ ਸੁੱਤਾ ਰਹਿੰਦਾ ਹੈ ਅਤੇ ਸੁਆਸਾਂ ਦੀ ਰਾਸ ਪੂੰਜੀ ਲੁਟਾ ਦਿੰਦਾ ਹੈ। ਇਸ ਕਾਰਨ ਉਸ ਦਾ ਆਵਾਗਵਨ ਬਣਿਆ ਰਹਿੰਦਾ ਹੈ :

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ।।
ਅੰਤਰਿ ਬਾਹਰਿ ਸਬਦਿ ਸੁ ਜੁਗਤਾ ।।
ਮਨਮੁਖਿ ਬਿਨਸੈ ਆਵੈ ਜਾਇ ।।
ਨਾਨਕ ਗੁਰਮੁਖਿ ਸਾਚਿ ਸਮਾਇ ।। (ਪੰਨਾ 939)

ਸਿੱਧ ਗੋਸਟਿ ਅਨੁਸਾਰ ਪ੍ਰਭੂ ਨੇ ਇਹ ਧਰਮਸਾਲ ਗੁਰਮੁਖਾਂ ਵਾਸਤੇ ਹੀ ਸਾਜੀ ਹੈ। ਬਾਣੀ ਅਸਾਧ ਮਨ ਨੂੰ ਸਾਧ ਦਿੰਦੀ ਹੈ। ਗੁਰਮੁਖ ਸੱਚੇ ਪ੍ਰਭੂ ਦਾ ਭਉ ਰੱਖਣ ਵਾਲਾ ਹੁੰਦਾ ਹੈ। ਗੁਰਮੁਖ ਸੁਆਸ ਸੁਆਸ ਪ੍ਰਭੂ ਨੂੰ ਯਾਦ ਕਰਦਾ ਹੈ।

ਗੁਰਮੁਖ ਭੇਦ (ਗਿਆਨ) ਨਾਲ ਪਰੀਚਤ ਹੋਣ ਕਰਕੇ ਦੂਸਰੇ ਉਸ ਦੇ ਸਾਥੀ ਵੀ ਤਰ ਜਾਂਦੇ ਹਨ :

ਗੁਰਮੁਖਿ ਪਰਚੈ ਬੇਦ ਬੀਚਾਰੀ ।।
ਗੁਰਮੁਖਿ ਪਰਚੈ ਤਰੀਐ ਤਾਰੀ ।। ...........
ਗੁਰਮੁਖਿ ਪਾਈਐ ਅਲਖ ਅਪਾਰੁ ।।
ਨਾਨਕ ਗੁਰਮੁਖਿ ਮੁਕਤਿ ਦੁਆਰੁ ।। (ਪੰਨਾ 941)

ਗੁਰਮੁਖ ਪ੍ਰਭੂ ਦੇ ਸੱਚੇ ਸ਼ਬਦ ਦਾ ਧਾਰਨੀ ਹੁੰਦਾ ਹੈ, ਸੱਚ ਨੂੰ ਹਰ ਥਾਂ ਵਿਚਰਦਾ ਦੇਖਦਾ ਹੈ ਅਤੇ ਅੰਤ ਨੂੰ ਸੱਚ ਵਿਚ ਹੀ ਸਮਾਅ ਜਾਂਦਾ ਹੈ। ਸੱਚੇ ਸ਼ਬਦ ਨੂੰ ਮਨ ਵਿਚ ਧਾਰਨ ਕੀਤੇ ਬਿਨਾਂ ਨਾ ਤਾਂ ਮਾਨ ਪ੍ਰਤਿਸ਼ਠਾ ਮਿਲਦੀ ਹੈ ਅਤੇ ਨਾ ਹੀ ਸਤਿ ਸਰੂਪ ਦਾ ਗਿਆਨ ਹੁੰਦਾ ਹੈ। ਗੁਰਮੁਖ ਨਾਮ ਵਿਚ ਰਮਿਆ ਹੁੰਦਾ ਹੈ। ਨਾਮ ਰੱਤੇ ਗੁਰਮੁਖ ਲਈ ਰਿਧੀਆਂ ਸਿਧੀਆਂ ਦੀ ਆਪੇ ਪ੍ਰਾਪਤੀ ਹੋ ਜਾਂਦੀ ਹੈ। ਨਾਮ ਦੀ ਪ੍ਰਾਪਤੀ ਹੀ ਅਸਲੀ ਸਿਧੀ ਹੈ:

ਨਾਮ ਰਤੇ ਰਿਧਿ ਸਿਧਿ ਹੋਇ ।।

ਪ੍ਰਭੂ ਦਾ ਨਿਰਮਲ ਭਉ ਮਨੁੱਖ ਨੂੰ ਇਕ ਜੁਗਤ ਵਿਚ ਰਖਦਾ ਹੈ। ਸੰਸਾਰ ਦੀ ਹਰ ਇਕ ਵਸਤੂ ਪ੍ਰਭੂ ਦੇ ਹੁਕਮ ਵਿਚ ਚਲਦੀ ਹੈ। ਹੁਕਮ ਵਿਚ ਚਲਣਾ ਹੀ ਪ੍ਰਭੂ ਨਾਲ ਨੇੜਤਾ ਪ੍ਰਾਪਤ ਕਰਨੀ ਹੈ। ਗੁਰੂ ਦੀ ਬਾਣੀ ਮਨੁੱਖ ਦੇ ਮਨ ਦੇ ਅੰਤਹਕਰਨ ਨੂੰ ਸਾਧ ਦਿੰਦੀ ਹੈ। ਪ੍ਰਭੂ ਦਾ ਜਸ ਕੀਰਤੀ ਕਰਨ ਵਾਲਾ ਅੰਤ ਨੂੰ ਪ੍ਰਭੂ ਵਿਚ ਹੀ ਸਮਾਅ ਜਾਂਦਾ ਹੈ।

ਗੁਰਮੁਖਿ ਸਾਚੇ ਕਾ ਭਉ ਪਾਵੈ ।।
ਗੁਰਮੁਖਿ ਬਾਣੀ ਅਘੜੁ ਘੜਾਵੈ ।।
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ।।
ਗੁਰਮੁਖਿ ਪਵਿਤ੍ਰੁ ਪਰਮਪਦੁ ਪਾਵੈ ।।
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ।।
ਨਾਨਕ ਗੁਰਮੁਖਿ ਸਾਚਿ ਸਮਾਵੈ ।। (ਪੰਨਾ 941)

ਗੁਰਮੁਖ ਜੋਗੀ ਹੈ, ਉਹ ਸ਼ਬਦ ਦੁਆਰਾ ਆਤਮ ਨੂੰ ਪਛਾਣਦਾ ਹੈ। ਇਸ ਆਤਮ ਚੀਨਣ ਦੇ ਅਭਿਆਸ ਨਾਲ ਹਿਰਦੇ ਅੰਦਰ ਪਰਮਾਤਮਾ ਨੂੰ ਪਾ ਲੈਂਦਾ ਹੈ। ਉਸ ਦਾ ਮਨ ਸ਼ਬਦ ਵਿਚ ਲੀਨ ਹੋਣ ਕਰਕੇ ਅਡੋਲ ਹੁੰਦਾ ਹੈ। ਉਹ ਵੇਦ ਨੂੰ ਝਗੜਾ ਨਹੀਂ ਬਣਾਉਂਦਾ, ਵਾਦ-ਵਿਵਾਦ ਦਾ ਵਿਸ਼ਾ ਨਹੀਂ ਬਣਾਉਂਦਾ। ਉਹ ਅਮਲ ਵਿਚ ਯਕੀਨ ਰੱਖਦਾ ਹੈ। ਉਹ ਸ਼ਬਦ ਦੁਆਰਾ ਆਪਾ, ਭਾਵ ਹਉਮੈ ਮਾਰ ਲੈਂਦਾ ਹੈ। ਉਹ ਮਨ ਨੂੰ ਦੁਨੀਆਂ ਦੇ ਪਦਾਰਥਾਂ ਦੇ ਮੋਹ ਤੋਂ ਹਟਾਕੇ ਪ੍ਰਭੂ ਵਲ ਲਾਉਂਦਾ ਹੈ। ਇਹ ਸ਼ਬਦ ਦੁਆਰਾ ਆਪ ਤਰ ਜਾਂਦਾ ਹੈ ਅਤੇ ਆਪਣੇ ਕੁਲ ਤੇ ਸੰਗੀ ਸਾਥੀ ਵੀ ਤਾਰ ਲੈਂਦਾ ਹੈ। ਅਜਿਹੇ ਜੋਗੀ ਹੀ ਚਾਰ ਜੁਗਾਂ ਵਿਚ ਸੂਰਮੇ ਬਣੇ ਹਨ। ਹਰੀ ਆਪ ਉਨ੍ਹਾਂ ਤੇ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ। ਗੁਰੂ ਨਾਨਕ ਅਨੁਸਾਰ ਜੋਗੀ ਉਹ ਹੈ ਜੋ ਸ਼ਬਦ ਦੀ ਕਮਾਈ ਕਰਦਾ ਹੈ ਤੇ ਅੰਤਰ ਆਤਮਾ ਨਾਲ ਜੁੜਿਆ ਰਹਿੰਦਾ ਹੈ। 'ਰਾਮਕਲੀ ਰਾਗ' ਵਿਚ ਹੀ ਗੁਰੂ ਜੀ ਜੋਗੀ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੰਦੇ ਹਨ, ਸਿਧਿ ਗੋਸਟਿ ਵਿਚ ਵੀ ਗੁਰਮੁਖਿ ਜੋਗੀ ਦੀ ਭਰਪੂਰ ਵਿਆਖਿਆ ਕੀਤੀ ਹੈ।

ਗੁਰੂ ਨਾਨਕ ਜੀ ਦਾ ਕਥਨ ਹੈ ਕਿ ਸਿੱਧ, ਸਾਧਕ, ਜੋਗੀ ਅਤੇ ਜੰਗਮ ਉਹੀ ਕਹਾ ਸਕਦੇ ਹਨ ਜਿਨ੍ਹਾਂ ਇਕੋ ਸਿੱਧ (ਹਰੀ) ਨੂੰ ਧਿਆਇਆ ਹੈ। ਜਿਸ ਨੇ ਚਰਨ ਪਰਸੇ, ਉਪਦੇਸ਼ ਗ੍ਰਹਿਣ ਕੀਤਾ, ਉਸ ਨੂੰ ਹਰੀ ਦਾ ਸ਼ਬਦ ਮਿਲਿਆ, ਉਹ ਹਰੀ ਮਾਲਕ ਨੇ ਤਾਰੇ, ਪ੍ਰਭੂ ਦਾ ਸ਼ਬਦ ਗਿਆਨ ਸਰੂਪ ਹੈ। ਸ਼ਬਦ ਦੁਆਰਾ ਹੀ ਸਹਿਜ ਪ੍ਰਾਪਤ ਹੁੰਦਾ ਹੈ ਤੇ ਮੁਕਤ ਹੋਈਦਾ ਹੈ। ਗੁਰਮੁਖਿ ਗੁਰੂ ਦੇ ਸ਼ਬਦ ਦੁਆਰਾ ਦੁਨੀਆਂ ਵਲੋਂ ਭਾਵ ਜੀਵਨ ਤੋਂ ਮਰ ਕੇ ਮੁਕਤੀ ਪ੍ਰਾਪਤ ਕਰਦਾ ਹੈ :

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ।।

ਗੁਰੂ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ।। (ਪੰਨਾ 941-42)

ਹਰੀ ਸਭ ਦੇ ਅੰਦਰ ਹੈ, ਸ਼ਬਦ ਦਾ ਵਾਸਾ ਵੀ ਅੰਦਰ ਹੀ ਹੈ, ਜੋਗੀ ਬਾਹਰ ਭਟਕਦੇ ਫਿਰਦੇ ਹਨ। ਸ਼ਬਦ ਹਰੀ ਵਾਂਗ ਅਲਖ ਹੈ। ਇਸ ਦੀ ਵਰਨਣ ਗੁਰੂ ਦੁਆਰਾ ਹੀ ਹੋ ਸਕਦਾ ਹੈ। ਗੁਰੂ ਜੀਵ ਦੇ ਅੰਦਰ ਜਤ, ਸਤ, ਸੰਜਮ ਅਤੇ ਸੱਚ ਦ੍ਰਿੜ੍ਹ ਕਰਾਉਂਦਾ ਹੈ। ਹਰੀ ਪ੍ਰੇਮ ਸਰੂਪ ਹੈ, ਖਿਮਾ ਸਰੂਪ ਹੈ, ਅਨੰਦ ਸਰੂਪ ਹੈ ਅਤੇ ਗਿਆਨ ਸਰੂਪ ਹੈ। ਉਹ ਆਪਣੇ ਭਗਤਾਂ ਸੇਵਕਾਂ ਨੂੰ ਵੀ ਇਸ ਤਰ੍ਹਾਂ ਦੈਵੀ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ। ਇਨ੍ਹਾਂ ਗੁਣਾਂ ਦਾ ਮਾਲਕ ਹਰੀ ਸਰੂਪ ਹੋ ਨਿੱਬੜਦਾ ਹੈ। ਸ਼ਬਦ ਨੂੰ ਪਛਾਨਣ ਨਾਲ ਹਿਰਦੈ ਰੂਪੀ ਕੰਵਲ ਖਿੜ ਜਾਂਦਾ ਹੈ, ਜੀਉਂਦਿਆਂ ਹੀ ਦੁਨੀਆਂ ਵਲੋਂ ਮਨ ਨੂੰ ਮਾਰ ਕੇ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ, ਇਹੀ ਗੁਰਮੁਖਿ ਦੀ ਸਫਲਤਾ ਤੇ ਪ੍ਰਾਪਤੀ ਹੈ। ਉਹੀ ਗੁਰਮੁਖਿ ਅਸਲ ਜੋਗੀ ਹੈ।

ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ।।
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ।। (ਪੰ. 940)

ਗੁਰਮੁਖਿ ਗੁਰੂ ਸ਼ਬਦ (ਗੁਰੂ ਸਿਖਿਆ) ਨੂੰ ਸਿੰਙੀ ਬਨਾਉਂਦਾ ਹੈ, ਇਹ ਸਿੰਙੀ ਜਦੋਂ ਵਜਦੀ ਹੈ ਤਾਂ ਸਾਰਾ ਜਗਤ ਸੁਣਦਾ ਹੈ। ਉਹ ਭਿਖਿਆ ਮੰਗਣ ਲਈ ਹਿਰਦੇ ਨੂੰ ਖੱਪਰ ਤੇ ਝੋਲੀ ਬਣਾਉਂਦਾ ਹੈ ਜਿਸ ਵਿਚ ਨਾਮ ਰੂਪੀ ਭਿਖਿਆ ਮੰਗਦਾ ਹੈ। ਗੁਰਮੁਖਿ ਗੋਰਖ (ਹਰੀ) ਸਦਾ ਸਦ ਜਗਤ ਰਹਿੰਦਾ ਹੈ ਉਸ ਨੇ ਸਾਰੀ ਸ੍ਰਿਸਟੀ ਦਾ ਭਾਰ ਚੁੱਕਿਆ ਹੋਇਆ ਹੈ।

ਗੁਰਮੁਖਿ ਗੁਰੂ ਨੇ ਸਿੱਧਾਂ ਜੋਗੀਆਂ ਦੀ ਸ਼ਬਦਾਵਲੀ ਵਿਚ ਗੁਰਮਤ ਦਾ ਸਿਧਾਂਤ ਸਪਸ਼ਟ ਕਰਦਿਆਂ ਇਕ ਅਧਿਆਤਮਕ ਜੋਗੀ ਦਾ ਸਰੂਪ ਚਿੱਤਰਿਆ ਹੈ :

ਗੁਰਮੁਖਿ ਖਿਮਾ ਧਾਰਨ ਕਰਦਾ ਹੈ, ਸਬਰ, ਸੰਤੋਖ ਤੇ ਮਿੱਠਾ ਸੁਭਾ ਧਾਰਨਾ ਇਸ ਦਾ ਨਿਯਮ ਹੈ। ਉਸ ਨੂੰ ਹਉਮੈ ਦਾ ਰੋਗ ਨਹੀਂ ਲਗਦਾ, ਨਾ ਹੀ ਜਮਾਂ ਦਾ ਦੁਖ ਸਹਿਣਾ ਪੈਂਦਾ ਹੈ। ਗੁਰਮੁਖ ਦਾ ਪ੍ਰਭੂ, ਰੂਪ ਰੇਖਾ ਤੋਂ ਮੁਕਤ ਹੁੰਦਾ ਹੈ। ਉਹ ਮਾਇਆ ਤੋਂ ਨਿਰਲੇਪ ਹਰੀ ਨੂੰ ਧਿਆਉਂਦਾ ਹੈ। ਇਹ ਮਾਇਆ ਦੇ ਖਿਲਾਰੇ ਤੋਂ ਸੁਚੇਤ ਰਹਿੰਦਾ ਹੈ। ਗੁਰਮੁਖਿ ਪ੍ਰਭੂ ਦੇ ਭੈ ਵਿਚ ਤੁਰਦਾ ਹੈ ਇਸ ਲਈ ਹੋਰ ਡਰਾਂ ਤੋਂ ਮੁਕਤ ਹੋ ਜਾਂਦਾ ਹੈ। ਉਹ ਸ਼ਬਦ ਦੁਆਰਾ ਆਪਾ ਭਾਵ ਮਾਰ ਕੇ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਉਸਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ।

ਗੁਰੂ ਜੀ ਨੇ ਜੋਗੀਆ ਦੀ ਸ਼ਬਦਾਵਲੀ ਵਰਤ ਕੇ ਨਵੇਂ ਅਰਥ ਦਿਤੇ ਹਨ ਜਿਵੇਂ ਗੁਰਮੁਖ ਦਾ ਦਸਵਾਂ ਦੁਆਰ ਜੋਗੀਆਂ ਵਰਗਾ ਨਹੀਂ ਜਿਸ ਵਿਚ ਪ੍ਰਾਣਯਾਮ ਦੁਆਰਾ ਕੁੰਡਲਨੀ ਨੂੰ ਸਾਧਿਆਂ ਅਪੜੀਂਦਾ ਹੈ, ਬਲਕਿ ਨਾਮ ਸਾਧਨਾ ਦੁਆਰਾ ਪੰਜ ਗਿਆਨ ਇੰਦਰੀਆਂ ਦੀ ਸੋਝੀ ਤੋਂ ਉਚੇਰੀ ਸੋਝੀ ਪ੍ਰਾਪਤ ਕਰਕੇ ਨਿਜ ਸਰੂਪ ਵਿਚ ਜਾਣ ਦਾ ਨਾਮ ਹੈ ਜਿਥੇ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਹ ਸਹਿਜ ਅਵਸਥਾ ਹੈ। ਇਸ ਤਰ੍ਹਾਂ ਦੀ ਸਹਿਜ ਅਵਸਥਾ ਧਾਰਨ ਕਰਨ ਲਈ ਕਿਸੇ ਖਾਸ ਭੇਖ ਤੇ ਕਰਮ ਕਾਂਡ ਦੀ ਜ਼ਰੂਰਤ ਨਹੀਂ ਪੈਂਦੀ।

ਇਸੇ ਤਰ੍ਹਾਂ ਗੁਰਮੁਖ ਦੀ ਮੁਕਤੀ ਜੋਗੀਆਂ ਵਾਲੀ ਨਹੀਂ। ਜੋਗੀਆਂ ਦੀ ਮੁਕਤੀ ਮਨ ਨੂੰ ਪ੍ਰਕਿਰਤੀ ਦੇ ਅਸਰਾਂ ਤੋਂ ਮੁਕਤ ਕਰਨਾ ਹੈ। ਗੁਰਮੁਖ ਦੀ ਮੁਕਤੀ ਦ੍ਵੈਤ ਭਾਵ ਤੋਂ ਮੁਕਤ ਹੋ ਕੇ ਸੰਸਾਰ ਵਿਚ ਰਹਿੰਦਿਆਂ ਦੁੱਖਾਂ ਤੋਂ ਛੁਟਕਾਰਾ ਪਾਉਣਾ ਹੈ। ਜੀਉਂਦਿਆਂ ਹੀ ਮਨ ਨੂੰ ਪਦਾਰਥਾਂ ਦੇ ਮੋਹ ਤੋਂ ਮਾਰਨਾ ਹੈ। ਅੰਮ੍ਰਿਤ ਰਾਮ ਨਾਮ ਤੋਂ ਉਪਜਿਆ ਆਤਮ ਰਸ ਹੈ ਜਿਸ ਨਾਲ, ਤਨ, ਮਨ ਇੰਦਰੇ ਸਭ ਨਿਹਾਲ ਹੋ ਜਾਂਦੇ ਹਨ। ਗੁਰਮੁਖ ਦਾ ਅਨਹਦ ਸ਼ਬਦ ਨਾਦ ਧੁਨੀ ਨਹੀਂ ਸਗੋਂ ਆਤਮਾ ਤੇ ਪਰਮਾਤਮਾ ਦੇ ਮੇਲ ਦੀ ਅਵਸਥਾ ਹੈ। ਗੁਰੂ ਜੀ ਅਨੁਸਾਰ ਗੁਰਮੁਖ ਦੀ ਸਖਸ਼ੀਅਤ ਇਕ ਜੋਗੀ ਦੀ ਸਖਸ਼ੀਅਤ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਤੇ ਸਾਰਥਕ ਹੈ।

ਸਿੱਧ ਗੋਸਟਿ ਵਿਚ ਗੁਰਮਤਿ ਅਤੇ ਸਿੱਧ ਮੱਤ ਦੇ ਬੌਧਿਕ, ਅਧਿਆਤਮਕ ਸੰਕਲਪਾਂ ਦਾ ਬੜਾ ਗੰਭੀਰ ਚਿਤਰਨ ਹੋਇਆ ਹੈ। ਇਸ ਰਚਨਾ ਅੰਦਰ ਪਰਮਾਤਮਾ, ਸ੍ਰਿਸ਼ਟੀ, ਮਨੁੱਖ, ਮਨੁੱਖੀ ਆਤਮਾ, ਇਸ ਦੇ ਉਦੇਸ਼ ਪ੍ਰਾਪਤੀ ਲਈ ਸਮਾਜ ਵਿਚ ਜਾਂ ਇਸ ਦਾ ਤਿਆਗ ਕਰਕੇ ਆਦਿ ਵਿਸ਼ਿਆਂ ਦੀ ਗੰਭੀਰ ਵਿਚਾਰਧਾਰਾ ਨੂੰ ਗੁਰੂ ਜੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਹੈ :

ਗੁਰਮਤਿ ਦਾ ਪ੍ਰਭੂ ਇਕ ਅਗਮ ਤੇ ਅਗੋਚਰ ਹੈ। ਸੰਸਾਰ ਰਚਨਾ ਤੋਂ ਪਹਿਲਾਂ ਪ੍ਰਭੂ ਗੁਪਤ ਸੀ। ਉਸ ਦੀ ਗੁਪਤ

ਅਵਸਥਾ ਸੁੰਨ ਰੂਪ ਤਾਂ ਹੈ, ਪ੍ਰਭੂ ਉਸ ਦਾ ਸੁੰਨ ਕਿਰਿਆਤਮਕ ਰੂਪ ਵਾਂਗ ਹੈ। ਪ੍ਰਭੂ ਦਾ ਸਰਗੁਣ ਰੂਪ ਸਰਵ-ਵਿਆਪਕ ਹੈ। ਮਨੁੱਖ ਦੇ ਅੰਦਰ ਤੇ ਬਾਹਰ ਪ੍ਰਭੂ ਹੀ ਹੈ। ਪ੍ਰਭੂ ਤਾਂ ਤਿੰਨ ਭਾਵਨਾਂ ਵਿਚ ਹੈ, ਜਿਹੜਾ ਮਨੁੱਖ ਤਿੰਨ ਅਵਸਥਾਵਾਂ ਤੋਂ ਉਪਰ ਚੌਥੀ ਤੁਰੀਆ ਅਵਸਥਾ ਵਿਚ ਵਿਚਰਦਾ ਹੈ, ਉਹ ਪਾਪ-ਪੁੰਨ ਤੋਂ ਨਿਰਲੇਪ ਰਹਿੰਦਾ ਹੈ। ਜਿਹੜਾ ਮਨੁੱਖ ਪ੍ਰਭੂ ਦੀ ਸਰਵ-ਵਿਆਪਕਤਾ ਦਾ ਅਹਿਸਾਸ ਕਰ ਲੈਂਦਾ ਹੈ, ਉਹ ਹਰੀ ਰੂਪ ਹੀ ਹੋ ਜਾਂਦਾ ਹੈ। ਪ੍ਰਭੂ ਹੀ ਸਥਿਰ ਹੈ। ਉਸ ਤੋਂ ਬਿਨਾਂ ਸਭ ਕੁਝ ਚਲਾਇਮਾਨ ਹੈ। ਸੱਚੇ ਹਰੀ ਨੂੰ ਪ੍ਰਾਪਤ ਕਰਨ ਵਾਲਾ ਹੀ ਸੱਚਾ ਹੈ।

ਪ੍ਰਭੂ ਧਿਆਨ ਨਾਲ ਚੰਚਲ ਮਨ ਸੰਭਲਦਾ ਹੈ, ਤ੍ਰਿਸ਼ਨਾਵਾਂ ਸ਼ਾਂਤ ਹੁੰਦੀਆਂ ਹਨ। ਸ਼ਬਦ ਸ਼ਕਤੀ ਨੂੰ ਇਨ੍ਹਾਂ ਪੰਜ ਵਿਕਾਰਾਂ ਅਤੇ ਮਾਨਸਿਕ ਵਿਕਾਰਾਂ ਦੇ ਜ਼ਹਿਰੀਲੇਪਨ ਨੂੰ ਨਾਸ਼ ਕਰਨ ਵਾਲਾ ਕਿਹਾ ਹੈ। ਇਹ ਸੰਸਾਰਿਕ ਦੁੱਖ ਹਉਮੈ ਦੇ ਦਵੈਤ ਤੋਂ ਉਪਜੇ ਮੰਨੇ ਗਏ ਹਨ। ਹਉਮੈ ਸਹਿਜ ਤੇ ਸੰਤੋਖ ਦਾ ਵੈਰੀ ਹੈ। ਪ੍ਰਭੂ ਭਗਤੀ ਨਾਲ ਹੀ ਹਉਮੈ ਦੀ ਦਵੈਤ ਭਾਵਨਾ ਮਰਦੀ ਹੈ। ਪ੍ਰਭੂ ਦੇ ਭਾਣੇ ਵਿਚ ਪ੍ਰਭੂ ਕਿਰਪਾ ਦੀ ਪ੍ਰਾਪਤੀ ਹੁੰਦੀ ਹੈ।

ਕਾਮ ਕ੍ਰੋਧ ਅਹੰਕਾਰ ਨਿਵਾਰ ਗੁਰ ਕੈ ਸਬਦਿ ਸੁ ਸਮਝ ਪਰੀ ।।

ਆਤਮਾ ਪ੍ਰਭੂ ਦੀ ਅੰਸ਼ ਹੈ, ਜੋ ਪ੍ਰਭੂ ਦੇ ਹੁਕਮ ਅਨੁਸਾਰ ਹੀ ਆਉਂਦੀ ਹੈ ਅਤੇ ਹੁਕਮ ਅਨੁਸਾਰ ਹੀ ਇਥੋਂ ਚਲੀ ਜਾਂਦੀ ਹੈ। ਆਤਮਾ ਇਸ ਸੰਸਾਰ ਵਿਚ ਆ ਕੇ ਮੈਲੀ ਮੱਤ ਦੀ ਬੁੱਧੀ ਮਾਇਆ ਦੀ ਦਲ-ਦਲ ਵਿਚ ਖੁੱਭ ਜਾਂਦੀ ਹੈ। ਮਨ ਦੇ ਪਿੱਛੇ ਲੱਗ ਕੇ ਜੀਵਨ ਗਵਾ ਲੈਂਦੀ ਹੈ। ਸਰੀਰ ਦੀ ਰਚਨਾ ਤੋਂ ਪਹਿਲਾ ਆਤਮਾ ਪਰਮਾਤਮਾ ਵਿਚ ਹੀ ਸੀ। ਹਉਮੈ ਦੇ ਦਵੈਤ ਕਾਰਨ ਆਤਮਾ ਆਪਣੇ ਆਪ ਨੂੰ ਪਰਮਾਤਮਾ ਨਾਲੋਂ ਅਲੱਗ ਸਮਝ ਲੈਂਦੀ ਹੈ। ਆਪਾ ਪਛਾਣਨ ਦੀ ਲੋੜ ਹੈ, ਇਸ ਨਾਲ ਹਉਮੈ ਦੂਰ ਹੋਣ ਤੇ ਜੀਵ ਸਹਿਜ ਅਵਸਥਾ ਵਿਚ ਪਹੁੰਚ ਜਾਂਦਾ ਹੈ।

ਸਹਿਜ ਅਵਸਥਾ ਵਿਚ ਪਹੁੰਚ ਕੇ ਪ੍ਰਭੂ ਦੇ ਹੁਕਮ ਰਜ਼ਾ ਵਿਚ ਰਹਿਣ ਅਤੇ ਤ੍ਰਿਸ਼ਨਾਵਾਂ ਉੱਤੇ ਕਾਬੂ ਪਾਉਣ ਦੀ ਲੋੜ ਹੈ। ਇਸ ਦੇ ਨਾਲ ਹੀ ਗੁਰੂ ਸ਼ਬਦ ਵਿਚ ਸੁਰਤ ਜੋੜ ਕੇ ਨਾਮ ਜਪਣ ਤੇ ਸੰਸਾਰ ਵਿਚ ਰਹਿੰਦਿਆਂ ਹੀ ਇਸ ਮੋਹ ਭਰੀ ਦਲ-ਦਲ ਵਿਚੋਂ ਨਿੱਕਲ ਜਾਈਦਾ ਹੈ।

ਮਨੁੱਖ ਦਾ ਸਾਰਾ ਜੀਵਨ ਪ੍ਰਭੂ ਹੁਕਮ ਦੇ ਅਧੀਨ ਹੈ। ਜੋ ਮਨੁੱਖ ਹੁਕਮ ਨੂੰ ਸਮਝਦਾ ਤੇ ਦੈਵੀ ਵਿਧਾਨ ਅਨੁਸਾਰ ਆਦਰਸ਼ ਜੀਵਨ-ਜਾਂਚ ਸਿੱਖ ਲੈਂਦਾ ਹੈ, ਐਸਾ ਤਿਆਗੀ ਸੱਚੇ ਮਾਰਗ ਤੇ ਤੁਰ ਕੇ ਮੁਕਤ ਹੁੰਦਾ ਹੈ। ਮਨੁੱਖ ਹੁਕਮ ਅੰਦਰ ਹੀ ਸਦਗੁਣ ਗ੍ਰਹਿਣ ਕਰਦਾ ਹੈ ਅਤੇ ਬ੍ਰਹਮ ਗਿਆਨ ਪ੍ਰਾਪਤ ਕਰਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਹੀ ਮੁਕਤੀ ਹੈ। ਮੁਕਤ ਜੀਵ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਸ਼ਾਂਤ ਹੁੰਦੀਆਂ ਹਨ। ਮੁਕਤ ਜੀਵ ਦਾ ਹਉਮੈ ਮਰ ਜਾਂਦਾ ਹੈ, ਦਵੈਤ ਭਾਵ ਖਤਮ ਹੋ ਜਾਂਦਾ ਹੈ। ਮਨ ਵਿਚ ਸ਼ਬਦ ਦਾ ਵਾਸਾ ਹੋਣ ਤੇ ਵਿਕਾਰ ਸ਼ਾਂਤ ਹੋ ਜਾਂਦੇ ਹਨ, ਮਨ ਅੰਦਰ ਪ੍ਰੇਮ ਭਾਵ ਕਾਰਨ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ।

ਸਿਧ ਗੋਸਟਿ ਅੰਦਰ ਮੁਕਤੀ ਲਈ ਵਰਣਨ ਕੀਤੇ ਸਾਧਨਾਂ ਵਿਚੋਂ ਮੁੱਖ ਗਿਆਨ ਲਿਆ ਗਿਆ ਹੈ। ਇਸ ਆਦਰਸ਼ ਦੀ ਪ੍ਰਾਪਤੀ ਲਈ, ਗਿਆਨ ਦੀ ਪ੍ਰਾਪਤੀ ਲਈ ਬਾਹਰ ਭਟਕਣ ਦੀ ਲੋੜ ਨਹੀਂ। ਸੱਚੇ ਗੁਰੂ ਦਾ ਸੱਚਾ ਸ਼ਬਦ ਹੀ ਗਿਆਨ ਦਾ ਅਸਲ ਸ੍ਰੋਤ ਹੈ। ਗੁਰੂ ਹੀ ਅਗਿਆਨ ਖਤਮ ਕਰਕੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਗੁਰੂ ਸ਼ਬਦ ਜੋ ਨਾਮ ਦਾ ਹੀ ਦੂਸਰਾ ਰੂਪ ਹੈ, ਦੁਆਰਾ ਤ੍ਰਿਸ਼ਨਾ ਦੀ ਅਗਨੀ ਸ਼ਾਂਤ ਹੁੰਦੀ ਹੈ। ਹੋਰ ਕਰਮ-ਕਾਂਡ ਸੱਚੇ ਗਿਆਨ ਦੀ ਪ੍ਰਾਪਤੀ ਨਹੀਂ ਕਰਵਾ ਸਕਦੇ। ਸੱਚਾ ਜੋਗੀ ਵੀ ਉਹੀ ਹੈ, ਜੋ ਗੁਰੂ ਸਬ਼ਦ ਨੂੰ ਪਛਾਣਦਾ ਹੈ। ਗੁਰੂ ਸ਼ਬਦ ਦੁਆਰਾ ਹੀ ਆਵਾਗਵਣ ਦਾ ਚੱਕਰ ਮਿਟਦਾ ਹੈ। ਆਵਾਗਵਣ ਦਾ ਮਿਟਣਾ ਹੀ ਮੁਕਤੀ ਹੈ। ਗੁਰੂ ਦੇ ਗਿਆਨ ਦੁਆਰਾ ਹੀ ਵੇਦਾਂ-ਸ਼ਾਸਤਰਾਂ ਦਾ ਗਿਆਨ ਹੋ ਜਾਂਦਾ ਹੈ। ਗੁਰੂ ਦੇ ਗਿਆਨ ਨਾਲ ਮਨ ਤ੍ਰਿਪਤ ਹੋਣ ਤੇ ਸੰਸਾਰ-ਸਾਗਰ ਤਰ ਜਾਈਦਾ ਹੈ। ਗੁਰੂ ਅਵਗੁਣ ਕੱਟ ਕੇ ਗੁਣ ਪ੍ਰਦਾਨ ਕਰ ਦਿੰਦਾ ਹੈ।

ਗੁਰੂ ਭਗਤੀ ਨਾਲ ਚੰਚਲ ਮਨ ਆਪਣੇ ਘਰ ਵਿਚ ਟਿਕ ਕੇ ਬਹਿ ਜਾਂਦਾ ਹੈ। ਮਨ ਦੇ ਟਿਕਾਉ ਲਈ ਅਤੇ ਤ੍ਰਿਸ਼ਨਾ ਨੂੰ ਮਾਰਨ ਲਈ ਇਸ ਕਲਯੁੱਗ ਅੰਦਰ ਨਾਮ ਭਗਤੀ ਹੀ ਉੱਤਮ ਸਾਧਨ ਹੈ। ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ, ਵਿਵਹਾਰਕ ਜੀਵਨ ਜੀਉਂਦਿਆਂ ਸਤਿ, ਸੰਤੋਖ, ਸੰਜਮ ਦੇ ਗੁਣ ਧਾਰਨ ਕਰੇ, ਪਰਾਏ ਧਨ ਤੇ ਪਰਾਈਆਂ ਵਸਤਾਂ ਵੱਲ ਮਨ ਨਾ ਲਾਵੇ, ਆਤਮਿਕ ਜੀਵਨ ਤੋਂ ਅਵੇਸਲਾ ਨਾ ਹੋਵੇ।

ਗੁਰੂ ਜੀ ਧਾਰਮਿਕ ਭੇਖਾਂ ਦਾ ਖੰਡਨ ਕਰਕੇ ਸਦਗੁਣਾਂ ਦਾ ਪਹਿਰਾਵਾ ਪਾਉਣ ਲਈ ਕਹਿੰਦੇ ਹਨ। ਸ਼ਬਦ ਦੇ ਮਨ ਅੰਦਰ ਵਾਸ ਨੂੰ ਮੁੰਦਰਾ ਬਣਾ ਕੇ ਪ੍ਰਭੂ ਵਿਚ ਪੂਰਨ ਵਿਸ਼ਵਾਸ ਨੂੰ ਝੋਲੀ, ਸੰਸਾਰਕ ਕਾਮਨਾਵਾਂ ਤੋਂ ਮਨ ਨੂੰ ਹਟਾਉਣਾ, ਖੱਪਰ ਬਣਾਏ, ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਟੋਪੀ, ਸਦਗੁਣਾਂ ਨੂੰ ਸ਼ਿਸ਼ ਬਣਾਉਣਾ ਹੀ ਅਸਲ ਜੋਗ ਹੈ। ਗੁਰਮਤਿ ਜੋਗੀਆਂ ਵਾਂਗ ਬਾਰ੍ਹਾਂ ਫਿਰਕੇ ਅਤੇ ਸੰਨਿਆਸੀਆਂ ਵਾਂਗ ਦਸ ਫਿਰਕੇ ਬਣਾਉਣ ਦੇ ਹੱਕ ਵਿਚ ਨਹੀਂ। ਗੁਰਮੁਖ ਪਰਵਿਰਤ ਤੇ ਨਿਰਵਿਰਤਠ, ਦੋਨਾਂ ਮਾਰਗਾਂ ਤੋਂ ਨਿਆਰਾ ਹੈ। ਗੁਰਮੁਖ ਸਰ-ਅਪਸਰ ਦੀ ਗੱਲ ਜਾਣਦਾ ਹੈ ਭਾਵੇਂ ਗੁਰਮੁਖ ਆਪਣੇ ਆਪ ਨੂੰ ਪਛਾਣਦਾ ਹੈ ਅਤੇ ਸਦਾ ਸੱਚੇ ਪ੍ਰਭੂ ਵਿਚ ਅਭੇਦ ਰਹਿੰਦਾ ਹੈ। ਉਹ ਸਤਿ, ਸੰਤੋਖ ਤੇ ਸੰਜਮ ਵਾਲਾ ਜੀਵਨ ਬਤੀਤ ਕਰਦਾ ਹੈ। ਗੁਰਮੁਖ ਗੁਰੂ ਉਪਦੇਸ਼ ਰਾਹੀਂ ਅਸਾਧ ਮਨ ਨੂੰ ਸਾਧ ਲੈਂਦਾ ਹੈ। ਗੁਰਮੁਖ ਰੋਮ-ਰੋਮ। ਭਾਵ ਤਨ ਤੇ ਮਨ ਕਰਕੇ ਪ੍ਰਭੂ ਦੀ ਯਾਦ ਵਿਚ ਮਗਨ ਰਹਿੰਦਾ ਹੈ। ਅੰਤ ਨੂੰ ਸੱਚੇ ਪ੍ਰਭੂ ਵਿਚ ਇਕ-ਮਿਕ ਹੋ ਜਾਂਦਾ ਹੈ। ਉਹ ਪ੍ਰੇਮ ਭਗਤੀ ਨੂੰ ਗ੍ਰਹਿਸਥ ਵਿਚ ਰਹਿ ਕੇ ਆਧਾਰ ਬਣਾਉਂਦਾ ਹੈ। ਗੁਰਮੁਖ ਨੂੰ ਰਿਧੀਆਂ-ਸਿਧੀਆਂ ਦੀ ਲਾਲਸਾ ਨਹੀਂ ਰਹਿੰਦੀ, ਕਿਉਂਕਿ ਗੁਰੂ ਦੇ ਸਨਮੁਖ ਹੋ ਕੇ ਸਤਿ-ਅਸਤਿ ਦੀ ਪਛਾਣ ਹੋ ਜਾਂਦੀ ਹੈ। ਉਹ ਪ੍ਰਭੂ ਦੇ ਹੁਕਮ ਵਿਚ ਕਾਰਜ ਕਰਦਾ ਹੈ।

ਗੁਰਮੁਖ ਪ੍ਰਭੂ ਨੂੰ ਸਰਵ-ਵਿਆਪਕ ਦੇਖਦਾ ਹੈ, ਉਹ ਵੈਰ-ਵਿਰੋਧ ਤੋਂ ਮੁਕਤ ਹੁੰਦਾ ਹੈ, ਉਸ ਦੇ ਮਨ ਵਿਚ ਕਿਸੇ ਲਈ ਈਰਖਾ ਨਹੀਂ ਹੁੰਦੀ, ਉਹ ਪ੍ਰਭੂ ਪ੍ਰੇਮ ਰਾਹੀਂ ਆਪ ਸੰਸਾਰ ਸਮੁੰਦਰ ਨੂੰ ਤਰ ਜਾਂਦਾ ਹੈ ਅਤੇ ਆਪਣੇ ਨਾਲ ਜੁੜੇ ਅਸੰਖਾਂ ਪ੍ਰਾਣੀਆਂ ਨੂੰ ਵੀ ਤਾਰਨ ਦੀ ਸਮਰੱਥਾ ਰਖਦਾ ਹੈ।

ਗੁਰਮੁਖ ਆਵਾਗਵਨ ਤੋਂ ਮੁਕਤ ਹੁੰਦਾ ਹੈ। ਉਸ ਦੇ ਜੀਵਨ ਵਿਚ ਵਿਕਾਰ ਵਿਘਨਕਾਰੀ ਸਿੱਧ ਨਹੀਂ ਹੁੰਦੇ, ਉਹ ਗੁਰੂ ਸ਼ਬਦ ਦੁਆਰਾ ਹਉਮੈ ਨੂੰ ਜਲਾ ਦਿੰਦਾ ਹੈ। ਗੁਰੂ ਪ੍ਰਭੂ ਦੇ ਸੱਚੇ ਗੁਣਾਂ ਦਾ ਧਾਰਨੀ ਬਣ ਕੇ ਸਾਰੇ ਭਵਨਾਂ (ਬ੍ਰਹਿਮੰਡ) ਦੀ ਸੋਝੀ ਪ੍ਰਾਪਤ ਕਰ ਲੈਂਦਾ ਹੈ।

ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ।। (ਪੰ. 942)

ਗੁਰਮੁਖ ਅਨਹਦ (ਆਪਣੇ ਆਪ ਵੱਜਣ ਵਾਲਾ) ਦੇ ਭੇਦ ਨੂੰ ਜਾਣਦਾ ਹੈ। ਸਿੱਧ ਗੋਸਟਿ ਦੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਮੁਖ ਨੂੰ ਇਕ ਆਦਰਸ਼ ਵਿਅਕਤੀ ਦੇ ਨਾਤੇ ਚਿੱਤਰਿਆ ਹੈ। ਇਸ ਰਚਨਾ ਦੀਆਂ 73 ਪਉੜੀਆਂ ਵਿਚੋਂ 12 ਪਉੜੀਆਂ ਗੁਰਮੁਖ ਦੀ ਸ਼ਖਸੀਅਤ ਦਾ ਨਿਰੂਪਣ ਕਰਦੀਆਂ ਹਨ। ਰਚਨਾ ਅੰਦਰ ਹੋਰ ਵੀ ਗੁਰਮੁਖ ਸ਼ਬਦ ਆਇਆ ਹੈ। ਗੁਰਮੁਖ-ਸੇਵਕ, ਗਿਆਨੀ, ਘਾਲ ਕਰਨ ਵਾਲਾ, ਨਾਮ ਜਪਣ ਵਾਲਾ, ਪ੍ਰਭੂ ਨਾਲ ਪ੍ਰੀਤ ਪਾਉਣ ਵਾਲਾ, ਗਰੁੜ ਮੰਤ੍ਰ ਦਾ ਗਿਆਤਾ,ਭਗਤ ਤੇ ਮੁਕਤ ਹੈ। ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਨੇ ਪ੍ਰਹਿਲਾਦ ਭਗਤ, ਰਾਜਾ ਜਨਕ ਤੇ ਬਸ਼ਿਸ਼ਟ ਰਿਸ਼ੀ ਨੂੰ ਗੁਰਮੁਖ ਕਿਹਾ ਹੈ :

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ।।  
ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ।।  
ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ।।  
ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ ।।  
ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ।। (ਗੁਰੂ ਗ੍ਰੰਥ, ਪੰ. 591)

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਗੁਰਮੁਖ ਕਿਹਾ ਹੈ :

ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਵੀ ਸਚਾ ਢੋਆ ।।  
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ।। (ਵਾਰ 1, 27, 7-8)

ਗੁਰੂ ਜੀ ਦੇ ਸਮੇਂ ਉਨ੍ਹਾਂ ਦੇ ਮਨ ਵਿਚ ਇਕ ਆਦਰਸ਼ ਸਿੱਖ ਦਾ ਸਰੂਪ ਕਿਹੋ ਜਿਹਾ ਹੋਵੇ ? ਗੁਰੂ ਜੀ ਦੇ ਸਮੇਂ ਨਿਰਵਿਰਤੀ ਮਾਰਗ ਵਾਲੇ, ਪਰਵਿਰਤੀ ਮਾਰਗ ਵਾਲੇ ਲੋਕਾਂ ਨੂੰ ਅਧਿਆਤਮਕ ਗਿਆਨ ਤੋਂ ਕੋਰੇ ਸਮਝਦੇ ਸਨ। ਗੁਰੂ ਜੀ ਨੇ ਇਹ ਗੱਲ ਸਿੱਧ ਕਰ ਦਿੱਤੀ, ਉਸ ਦਾ ਸਿੱਖ (ਗੁਰਮੁਖ) ਪਰਵਿਰਤ ਵਿਚ ਹੀ ਨਿਰਵਿਰਤ ਰਹਿ ਕੇ ਜੀਵਨ

ਆਦਰਸ਼ ਪ੍ਰਾਪਤ ਕਰੇਗਾ, ਜਦ ਕਿ ਨਿਰਵਿਰਤ ਮਾਰਗੀ ਸਿੱਧ, ਜੋਗੀ ਸਮਾਜ ਤੇ ਵਾਧੂ ਭਾਰ ਸਨ। ਅਵਧੂਤ ਤਾਂ ਸੰਸਾਰਕ ਮੋਹ ਮਾਇਆ ਵਿਚ ਫਸੇ ਹੋਏ ਸਨ।

## ਸਹਾਇਕ ਪੁਸਤਕਾਂ


1. ਸਿਧ ਗੋਸਟਿ ਇਕ ਅਧਿਐਨ, ਮੋਹਨ ਸਿੰਘ ਰਤਨ
2. ਗੁਰੂ ਨਾਨਕ ਜੀਵਨ-ਦਰਸ਼ਨ, ਕਾਵਿ ਕਲਾ — ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
3. ਸ਼ਬਦਾਰਥ, ਪੋਥੀ ਤੀਜੀ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ।
4. ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ, ਡਾ. ਸ਼ਮਸ਼ੇਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਪਾਠ ਨੰਬਰ : 1.5** **ਲੇਖਕ : ਡਾ. ਸ਼ਮਸ਼ੇਰ ਸਿੰਘ**

# ਗੁਰੂ ਨਾਨਕ ਰਚਿਤ 'ਆਸਾ ਦੀ ਵਾਰ' ਬਾਣੀ ਦਾ ਸੰਕਲਪ ਅਧਿਐਨ – ਸਮਾਜਿਕ ਵਿਵਸਥਾ

## ਪਾਠ ਦਾ ਉਦੇਸ਼

ਗੁਰਬਾਣੀ ਦਾ ਮੁੱਖ ਮੰਤਵ ਮਨੁੱਖੀ ਜੀਵਨ ਦਾ ਕਲਿਆਣ ਕਰਨਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਮੁੱਖ ਰਚਨਾਵਾਂ ਵਿਚੋਂ 'ਆਸਾ ਦੀ ਵਾਰ' ਸਿੱਖੀ ਜੀਵਨ ਦਾ ਅਟੁੱਟ ਅੰਗ ਹੈ। ਆਸਾ ਦੀ ਵਾਰ ਦਾ ਕੀਤਰਨ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਹੁੰਦਾ ਹੈ। ਇਸ ਤੋਂ ਇਲਾਵਾ ਇਸ ਵਾਰ ਨੂੰ ਮੰਗਲਮਈ ਕਾਰਜਾਂ ਸਮੇਂ ਵੀ ਗਾਇਆ ਜਾਂਦਾ ਹੈ। 'ਆਸਾ ਰਾਗ' ਵਿਚ ਰਚੀ ਗਈ ਇਹ ਸਰਬ-ਪ੍ਰਿਯ ਰਚਨਾ ਮਨੁੱਖੀ ਜੀਵਨ ਦੇ ਆਦਰਸ਼ ਨਾਲ ਸੰਬੰਧਿਤ ਹੈ। ਇਹ ਆਦਰਸ਼ ਸਿੱਖ ਨੂੰ ਆਪਣੇ ਨਿਤਾਪ੍ਰਤੀ ਜੀਵਨ ਵਿਚ ਕੀ ਕੀ ਕਰਨਾ ਚਾਹੀਦਾ ਹੈ ਅਤੇ ਕਿਹੜੇ ਕਰਮ-ਕਾਂਡੀ ਕਾਰਜਾਂ ਤੋਂ ਗੁਰੇਜ ਕਰਕੇ ਆਪਣੇ ਮਨੁੱਖੀ ਅਸਤਿਤਵ ਨੂੰ ਰੱਬੀ ਗੁਣਾਂ ਨਾਲ ਭਰਪੂਰ ਕਰਨਾ ਹੈ, ਤੇ ਚਾਨਣ ਪਾਉਂਦੀ ਹੈ। ਇਹ ਵਾਰ ਝੂਠ ਦਾ ਤਿਆਗ ਅਤੇ ਸੱਚ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿੰਦੀ ਹੈ। ਇਹ 'ਸੱਚ' ਪਰਮਾਤਮਾ ਬਾਰੇ ਹੈ ਜੋ ਮਨੁੱਖੀ ਜੀਵਨ ਦਾ ਆਧਾਰ ਹੈ ਅਤੇ ਮਨੁੱਖੀ ਕਰਮਾਂ ਨੂੰ ਪਰਖਣ ਦੀ ਕਸਵੱਟੀ ਵੀ ਹੈ। ਇਸ ਸੱਚ ਦੀ ਪ੍ਰਾਪਤੀ ਹਉਮੈ ਦਾ ਤਿਆਗ ਕਰਨ ਉਪਰੰਤ ਹੀ ਹੋ ਸਕਦੀ ਹੈ। ਹਉਮੈ ਕਈ ਪ੍ਰਕਾਰ ਦੀ ਹੈ। ਵਿਦਿਆ ਦੀ ਹਉਮੈ, ਕਰਮ-ਕਾਂਡ ਦੀ ਹਉਮੈ, ਜਾਤ ਅਭਿਮਾਨ ਦੀ ਹਉਮੈ, ਸੰਪਤੀ ਆਦਿ। ਕਈ ਪ੍ਰਕਾਰ ਦੀ ਹਉਮੈ ਵਿਚ ਮਨੁੱਖੀ ਜੀਵਨ ਘਿਰਿਆ ਹੈ। ਇਸ ਤੋਂ ਬਚਣ ਲਈ ਪ੍ਰਭੂ ਦੇ ਸੱਚੇ ਨਾਮ ਨੂੰ ਹਿਰਦੇ ਵਿਚ ਗੁਰੂ ਰਾਹੀਂ ਵਸਾਉਣ ਦਾ ਉਪਦੇਸ਼ ਹੈ। ਆਸਾ ਦੀ ਵਾਰ ਇਸ ਤਰ੍ਹਾਂ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਕਰਾਉਂਦੀ ਹੈ।

**ਰੂਪ-ਰੇਖਾ :** ਭੂਮਿਕਾ, ਅਧਿਆਤਮਕ ਵਾਰਾਂ ਦਾ ਵਿਸ਼ਾ-ਵਸਤੂ, ਪਰਮ ਸਤਿ ਤੇ ਗੁਰੂ, ਸ੍ਰਿਸ਼ਟੀ ਤੇ ਮਨੁੱਖ, ਸਮਕਾਲੀ ਧਾਰਮਿਕ ਤੇ ਸਮਾਜਿਕ ਚਿਤਰਨ, ਮਨੁੱਖੀ ਜੀਵਨ-ਆਦਰਸ਼ ਪ੍ਰਾਪਤੀ ਦੇ ਸ੍ਰੋਤ ਤੇ ਸਾਧਨ, ਆਦਰਸ਼ ਮਨੁੱਖ ਦਾ ਸਰੂਪ ਤੇ ਕਰਤੱਵ, ਅੰਤਿਕਾ।

**ਭੂਮਿਕਾ :** ਆਸਾ ਰਾਗ ਸਵੇਰੇ ਅੰਮ੍ਰਿਤ ਵੇਲੇ ਗਾਇਆ ਜਾਂਦਾ ਹੈ। ਇਸ ਬਾਣੀ ਦਾ ਅੰਮ੍ਰਿਤਮਈ ਕੀਰਤਨ ਹਉਮੈ ਗ੍ਰਸਤ ਹਿਰਦਿਆਂ ਨੂੰ ਸੁਖ ਤੇ ਸ਼ਾਂਤੀ ਪ੍ਰਦਾਨ ਕਰਦਾ ਹੈ। ਇਸ ਵਾਰ ਦਾ ਕੀਰਤਨ ਸਿੱਖ ਦੇ ਰੋਜ਼ਾਨਾ ਜੀਵਨ ਨੂੰ ਦਿਸ਼ਾ ਪ੍ਰਦਾਨ ਕਰਦਾ ਹੈ। ਆਮ ਤੌਰ ਤੇ ਵਾਰਾਂ ਵੀਰਗਾਥਾ ਗਾਉਣ ਲਈ ਹੁੰਦੀਆਂ ਹਨ ਪ੍ਰੰਤੂ ਇਸ ਵਾਰ ਵਿਚ ਕਿਸੇ ਦੁਨਿਆਵੀ ਨਾਇਕ ਦੀ ਥਾਂ ਪ੍ਰਭੂ ਦਾ ਜਸ ਗਾਇਆ ਗਿਆ ਹੈ।

ਇਸ ਵਾਰ ਦੀਆਂ 24 ਪਉੜੀਆਂ ਅਤੇ 60 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ 45 ਗੁਰੂ ਨਾਨਕ ਦੇਵ ਜੀ ਦੇ ਹਨ ਅਤੇ 15 ਗੁਰੂ ਅੰਗਦ ਦੇਵ ਜੀ ਦੇ। ਹਰ ਪਉੜੀ ਨਾਲ ਸਲੋਕਾਂ ਦੀ ਗਿਣਤੀ, ਇਕੋ ਜਿਹੀ ਨਹੀਂ, ਘੱਟ ਵੱਧ ਹੈ। ਇਹ ਸਲੋਕ ਪਉੜੀਆਂ ਵਿਚ ਆਏ ਖਿਆਲਾਂ ਦੀ ਵਿਆਖਿਆ ਕਰਦੇ ਹਨ। ਇਸ ਵਾਰ ਨੂੰ 'ਟੁੰਡੇ ਅਸਰਾਜੇ ਦੀ ਵਾਰ' ਦੀ ਧੁਨੀ ਉੱਤੇ ਗਾਉਣ ਦਾ ਆਦੇਸ਼ ਹੈ।

ਪੁਰਾਤਨ ਜਨਮ ਸਾਖੀ, ਸੰਪਾ. ਭਾਈ ਵੀਰ ਸਿੰਘ ਅਨੁਸਾਰ, ਵਾਰ ਦੀਆਂ ਪਹਿਲੀਆ ਨੌ ਪਉੜੀਆਂ ਸ਼ੇਖ ਬ੍ਰਹਮ ਨਾਲ ਹੋਈ ਗੋਸ਼ਟੀ ਦੇ ਪ੍ਰਸੰਗ ਵਿਚ ਉਚਾਰਨ ਕੀਤੀਆਂ, ਬਾਕੀ 15 ਪਉੜੀਆਂ ਲਾਹੌਰ ਦੇ ਦੁਨੀ ਚੰਦ ਪ੍ਰਤਿ ਉਚਾਰਨ ਹੋਈਆਂ ਦੱਸੀਆਂ ਹਨ। ਇਹ ਜ਼ਿਕਰ ਜਨਮਸਾਖੀ ਦੀ ਸਾਖੀ ਨੰਬਰ 37 ਵਿਚ ਆਉਂਦਾ ਹੈ। ਕੁਝ ਵਿਦਵਾਨ ਇਸ ਵਾਰ ਨੂੰ ਕਰਤਾਰਪੁਰ ਦੇ ਵਾਸ ਸਮੇਂ ਰਚੀ ਮੰਨਦੇ ਹਨ।

ਆਸਾ ਦੀ ਵਾਰ ਵਿਚ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਇਸ ਸੰਸਾਰ ਵਿਚ ਚੱਲ ਰਹੇ ਪਾਖੰਡ ਦੇ ਸਾਰੇ ਪਸਾਰੇ ਤੋਂ

ਵੀ ਸਾਵਧਾਨ ਰਹਿਣ ਦੀ ਲੋੜ ਹੈ, ਇਸੇ ਕਾਰਨ ਗੁਰੂ ਜੀ ਨੇ ਸਾਰੇ ਪੱਖਾਂ ਨੂੰ ਬੜੀ ਬਰੀਕੀ ਨਾਲ ਚਿਤਰਿਆ ਹੈ। ਜਿਸ ਵਿਚ ਸਰੇਵੜਿਆਂ ਦਾ ਗੰਦਗੀ ਭਰਿਆ ਕਰਮ ਅਤੇ ਰਾਸਧਾਰੀਆਂ ਦੀ ਰਾਸ ਲੀਲਾ ਅਤੇ ਹੋਰ ਬਾਹਰੀ ਕਰਮ ਕਾਂਡ ਸ਼ਾਮਿਲ ਹਨ।

## ਪਰਮਸਤਿ

ਆਸਾ ਦੀ ਵਾਰ ਵਿਚ ਪਰਮ ਸਤਿ ਦਾ ਸਰੂਪ ਮੂਲ ਮੰਤਰ ਤੇ ਅਧਾਰਤ ਹੈ, ਅਰਥਾਤ ਪ੍ਰਭੂ ਇਕ ਹੈ। ਸੰਸਾਰ ਦਾ ਕਰਤਾ, ਭਰਤਾ ਤੇ ਵਿਨਾਸ਼ਕ ਉਹੀ ਹੈ। ਸਾਰੇ ਸੰਸਾਰ ਦੀ ਸਾਜਨਾ ਆਪਣੀ ਖੁਸ਼ੀ ਅਨੁਸਾਰ ਕਰਕੇ ਇਸ ਵਿਚ ਵਿਆਪਕ ਹੈ। ਉਹ ਜਨਮ ਮਰਨ ਤੋਂ ਰਹਿਤ ਅਕਾਲ ਤੇ ਅਜੂਨੀ ਹੈ। ਵੈਰ ਭਾਵਨਾ ਤੋਂ ਮੁਕਤ ਹੈ, ਨਿਰਭਉ ਹੈ ਆਪਣਾ ਆਪ ਗੁਰੂ ਰਾਹੀਂ ਪ੍ਰਗਟ ਕਰਦਾ ਹੈ। ਪ੍ਰਭੂ ਦੀ ਰਚਨਾ ਸੱਚੀ ਹੈ। ਪ੍ਰਭੂਸਤਾ ਤੋਂ ਸਾਰੀਆਂ ਦਾਤਾਂ ਉਸ ਦੇ ਭੰਡਾਰੇ ਵਿਚੋਂ ਪ੍ਰਾਪਤ ਹੁੰਦੀਆਂ ਹਨ, ਉਹ ਸਭ ਨੂੰ ਦੇਣ ਵਾਲਾ ਹੈ। ਕਈ ਵਾਰ ਮਨੁੱਖ ਪ੍ਰਭੂ ਦਾਤੇ ਨੂੰ ਭੁੱਲ ਕੇ ਉਸਦੀਆਂ ਦਾਤਾਂ ਨੂੰ ਸਭ ਕੁਝ ਸਮਝ ਬੈਠਦਾ ਹੈ ਇਹ ਉਸਦੀ ਆਗਿਆਨਤਾ ਹੈ, ਜੋ ਦਾਤੇ ਨੂੰ ਛੱਡ ਕੇ ਦਾਤਾਂ ਨੂੰ ਪਿਆਰ ਕਰਨ ਲੱਗ ਪੈਂਦਾ ਹੈ।

ਆਸਾ ਦੀ ਵਾਰ ਵਿਚ ਪ੍ਰਭੂ ਦੇ ਦੋਨੋਂ ਪੱਖਾਂ ਨਿਰਗੁਣ ਤੇ ਸਰਗੁਣ ਦਾ ਵਰਣਨ ਆਇਆ ਹੈ। ਇਕੋ ਪ੍ਰਭੂ ਨਿਰਗੁਣ ਤੋਂ ਸਰਗੁਣ ਰੂਪ ਧਾਰਦਾ ਹੈ। ਜਿਸ ਤਰ੍ਹਾਂ ਲਹਿਰਾਂ ਸਮੁੰਦਰ ਵਿਚੋਂ ਉਠੀਆਂ ਉਸੇ ਦਾ ਹੀ ਰੂਪ ਹੁੰਦੀਆਂ ਹਨ ਅਤੇ ਕਿਰਨਾਂ ਸੂਰਜ ਦਾ ਅਤੁੱਟ ਭਾਗ ਹੁੰਦੀਆਂ ਹਨ, ਇਸੇ ਤਰ੍ਹਾਂ ਨਿਰਗੁਣ ਤੇ ਸਰਗੁਣ ਪ੍ਰਭੂ ਆਪ ਹੀ ਹੈ। ਪ੍ਰਭੂ ਸਰਗੁਣ ਰੂਪ ਸਾਜ ਕੇ ਕਿਤੇ ਵੱਖਰਾ ਨਹੀਂ ਬੈਠ ਜਾਂਦਾ ਸਗੋਂ ਇਸ ਸਰਗੁਣ ਪਸਾਰੇ ਅੰਦਰ ਹੀ ਜੋਤਿ ਰੂਪ ਵਿਚ ਵਿਆਪਕ ਰਹਿੰਦਾ ਹੈ। ਨਿਰਗੁਣ ਤੋਂ ਸਰਗੁਣ ਵਿਚ ਪ੍ਰਗਟਾਵਾ ਉਸ ਦੀ ਆਪਣੀ ਖੁਸ਼ੀ ਹੈ। ਆਪਣੇ ਆਪ ਦਾ ਦੂਸਰਾ ਰੂਪ ਦੇਖਣ ਦਾ ਚਾਅ ਹੁੰਦਾ ਹੈ। ਸਰਗੁਣ ਪਸਾਰਾ ਸਭ ਇਕੋ ਪ੍ਰਭੂ ਦਾ ਨਾਮ ਰੂਪ ਪਸਾਰਾ ਹੈ। ਜਦੋਂ ਉਹ ਚਾਹੇਗਾ ਇਸ ਪਸਾਰੇ ਨੂੰ ਮੁੜ ਸਮੇਟ ਲਏਗਾ। ਇਹੀ ਉਸ ਦੀ ਕਲਾ ਸ਼ਕਤੀ ਹੈ ਜੋ ਉਸਨੇ ਆਪਣੇ ਹੱਥ ਰਖੀ ਹੈ। ਇਨ੍ਹਾਂ ਗੁਣਾਂ ਕਰਕੇ ਉਸ ਨੂੰ ਕਰਤਾ ਭੁਗਤਾ ਕਿਹਾ ਗਿਆ ਹੈ। ਗੁਰੂ ਕਥਨ ਹੈ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।।

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।। (ਪੰਨਾ ੪੬੩)

ਪ੍ਰਭੂ ਅੰਤਰਯਾਮੀ ਹੈ, ਦਿਲਾਂ ਦੀਆਂ ਗੱਲਾਂ ਨੂੰ ਜਾਣਨ ਵਾਲਾ ਹੈ। ਉਹ ਜੀਵ ਦੇ ਬੋਲਾਂ ਨੂੰ ਸਮਝਦਾ ਹੈ। ਉਹ ਪੂਰਾ ਨਿਆਂ ਕਰਦਾ ਹੈ। ਕਰਨ ਕਾਰਨ ਸਮਰੱਥ ਹੈ। ਦੋਖੀਆਂ ਨੂੰ ਸਜਾਵਾਂ ਵੀ ਦਿੰਦਾ ਹੈ। ਉਸ ਦੀ ਨਿਗਾਹ ਉਲਟੀ ਹੋ ਜਾਵੇ ਤਾਂ ਬਾਦਸ਼ਾਹਾਂ ਤੋਂ ਕੰਗਾਲ ਬਣ ਜਾਂਦੇ ਹਨ। ਇਥੋਂ ਤੱਕ ਕਿ ਦਰ ਦਰ ਮੰਗਦਿਆਂ ਨੂੰ ਵੀ ਫਿਰ ਭਿਖਿਆ ਨਹੀਂ ਪੈਂਦੀ।

ਪ੍ਰਭੂ ਆਪੇ ਆਪ ਸਭ ਕਿਛ ਹੋਣ ਕਰਕੇ ਸੰਸਾਰ ਦੀ ਕਿਰਿਆ ਚਲਾਉਣ ਲਈ ਕਿਸੇ ਪਾਸੋਂ ਸਲਾਹ ਨਹੀਂ ਲੈਂਦਾ। ਉਹ ਦਾਤਾਂ ਦੇਣ ਵੇਲੇ ਤੇ ਖੋਹਣ ਵੇਲੇ ਕਿਸੇ ਤੋਂ ਪੁਛਦਾ ਨਹੀਂ। ਇਹ ਉਸ ਦੀ ਵਡਿਆਈ ਹੈ। ਉਸ ਦੀ ਕਿਰਿਆ ਕਥਨ ਤੋਂ ਬਾਹਰ ਹੈ। ਮਨੁੱਖ ਅਗਿਆਨਤਾ ਵਸ ਦਾਤਾ ਬਣ ਬੈਠਦਾ ਹੈ। ਕਈ ਵਾਰੀ ਕਿਸੇ ਵਸਤੂ ਦੀ ਅਣਹੋਂਦ ਕਾਰਨ ਪ੍ਰਭੂ ਨੂੰ ਕੋਸਣ ਲੱਗ ਪੈਂਦਾ ਹੈ। ਅਸਲ ਵਿਚ ਕਰਤੇ ਨੂੰ ਆਪਣੇ ਕੀਤੇ ਹੋਏ ਦੀ ਸਾਰੀ ਚਿੰਤਾ ਹੈ। ਮੂਰਖ ਇਨਸਾਨ ਇਸ ਨੂੰ ਸਮਝ ਨਹੀਂ ਸਕਦਾ :

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਨੀ ਤਾਹ ।।

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ।। (ਪੰਨਾ ੪੬੭)

ਪ੍ਰਭੂ ਜੀਵ ਦੇ ਕਰਮਾਂ ਅਨੁਸਾਰ ਫਲ ਦਿੰਦਾ ਹੈ। ਉਸ ਪਾਸੋਂ ਕੋਈ ਕਰਮ ਲੁਕਾਇਆ ਨਹੀਂ ਜਾ ਸਕਦਾ। ਉਸ ਦੇ ਘਰ ਹਮੇਸ਼ਾ ਨਿਆਉ ਹੁੰਦਾ ਹੈ। ਸਰੀਰ ਰੂਪੀ ਭਾਂਡੇ ਉਹ ਆਪ ਹੀ ਸਾਜਦਾ ਹੈ ਆਪ ਹੀ ਪੂਰਨਤਾ ਦਿੰਦਾ ਹੈ ਜਿਨ੍ਹਾਂ ਉਤੇ ਉਸ ਦੀ ਮਿਹਰ ਹੁੰਦੀ ਹੈ ਉਹ ਜੀਵਨ ਆਦਰਸ਼ ਦੀ ਪ੍ਰਾਪਤੀ ਕਰ ਲੈਂਦੇ ਹਨ। ਮਨਮੁਖ ਆਵਾਗਵਨ ਵਿਚ ਭਟਕਦੇ ਰਹਿੰਦੇ ਹਨ। ਕਰਮਾਂ ਅਨੁਸਾਰ ਸਚਿਆਰ ਤੇ ਕੁੜਿਆਰ ਬਣਦੇ ਹਨ।

ਨਾਨਕ ਜੀਅ ਉਪਾਇ ਕੈ ਲਿਖ ਨਾਵੈ ਧਰਮੁ ਬਹਾਲਿਆ ।।

ਓਥੇ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ।।

ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਿਕ ਚਾਲਿਆ ।। (ਪੰਨਾ ੪੬੩)

ਇਸ ਵਾਰ ਵਿਚ ਪਰਮਾਤਮਾ ਦੇ ਸਚ ਸਰੂਪ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਗਿਆ ਹੈ। ਪ੍ਰਭੂ ਸੱਚਾ ਹੈ ਉਸ ਦਾ ਦਰਬਾਰ ਵੀ ਸੱਚਾ ਹੈ। ਸੱਚੇ ਪ੍ਰਭੂ ਦੀ ਸਿਫਤ ਸਲਾਹ ਕਰਨ ਵਾਲਾ ਇਸ ਜੀਵਨ ਵਿਚ ਜ਼ਿੰਦਗੀ ਦੀ ਪੂਰਨਤਾ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਦਾ ਹੁਕਮ ਤੇ ਫੁਰਮਾਨ ਸੱਚ ਹੈ। ਪ੍ਰਭੂ ਦਾ ਇਹ ਸੱਚ ਸਰੂਪ ਸਤਿਗੁਰੂ ਰਾਹੀਂ ਪਾਇਆ ਜਾ ਸਕਦਾ ਹੈ।

ਪ੍ਰਭੂ ਵੱਡਾ ਹੈ, ਉੱਚਾ ਹੈ, ਨਿਹਚਲ ਥਾਉ ਵਾਲਾ ਹੈ। ਬਿਨਾਂ ਮੰਗਿਆਂ ਸਭ ਨੂੰ ਦਾਤਾਂ ਦੇਣ ਵਾਲਾ ਹੈ। ਉਹ ਦਿਆਲੂ ਹੈ ਕ੍ਰਿਪਾਲੂ ਹੈ, ਉਹ ਸੁਖਾਂ ਦੀ ਖਾਣ ਹੈ। ਬਾਣੀ ਵਿਚ ਦੱਸਿਆ ਗਿਆ ਹੈ ਕਿ ਅਜਿਹੇ ਸੱਚੇ ਸਾਹਿਬ ਨੂੰ ਸਦਾ ਹੀ ਸੇਵਣਾ ਚਾਹੀਦਾ ਹੈ, ਜਿਸ ਦੇ ਸੇਵਣ ਨਾਲ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।

ਜਿਤੁ ਸੇਵੀਐ ਸੁਖੁ ਪਾਈਐ

ਸੋ ਸਾਹਿਬੁ ਸਦਾ ਸਮ੍ਹਾਲੀਐ ।। (ਪੰਨਾ ੪੬੪)

## ਸ੍ਰਿਸ਼ਟੀ ਰਚਨਾ

ਜੋ ਕੁਝ ਦਿੱਸਦਾ ਹੈ, ਸੁਣਾਈ ਦਿੰਦਾ ਹੈ ਅਰਥਾਤ ਪਾਤਾਲ, ਆਕਾਸ਼, ਧਰਮੀ ਵੰਨ ਸੁਵੰਨੇ ਜਾਤੀ ਜਿਣਸਾਂ ਦੇ ਜੀਵ, ਉਨ੍ਹਾਂ ਦਾ ਖਾਣਾ, ਪੀਣਾ, ਪਹਿਨਣ, ਪੌਣ, ਪਾਣੀ, ਹਵਾ, ਚੰਨ, ਸੂਰਜ, ਤਾਰਾ ਮੰਡਲ ਸਭ ਪ੍ਰਭੂ ਦਾ ਹੀ ਸਾਜਿਆ ਹੋਇਆ ਹੈ।

ਇਹ ਸੰਸਾਰ ਦਾ ਪਸਾਰਾ ਆਪੇ ਹੋਂਦ ਵਿਚ ਨਹੀਂ ਆਇਆ। ਇਸ ਨੂੰ ਸਾਜਣ ਵਾਲਾ ਪਰਮਾਤਮਾ ਹੈ। ਉਸ ਦੇ ਹੁਕਮ ਅੰਦਰ ਇਹ ਸਭ ਗੋਚਰ ਜਗਤ ਦਾ ਪਸਾਰਾ ਪਸਰਿਆ ਹੈ। ਪਰਮਾਤਮਾ ਹੀ ਇਸ ਦਾ ਨਮਿਤ ਅਤੇ ਉਤਪਾਦਨ ਕਾਰਨ ਹੈ। ਇਸ ਸੰਸਾਰ ਦੀ ਸਾਜਨਾ ਪਰਮਾਤਮਾ ਦੀ ਇਛਾ ਕਰਕੇ ਹੈ। ਉਹ ਆਪਣੇ ਨਿਰਗੁਣ ਵਿਚੋਂ ਸਰਗੁਣ ਨੂੰ ਸਾਜ ਕੇ ਆਪਣਾ ਦੂਸਰਾ ਰੂਪ ਦੇਖਣ ਦਾ ਚਾਹਵਾਨ ਸੀ। ਪ੍ਰਭੂ ਦੀ ਇਹ ਵੀ ਖੂਬੀ ਹੈ ਕਿ ਉਹ ਇਸ ਨੂੰ ਸਾਜ ਕੇ ਇਸ ਤੋਂ ਵੱਖ ਨਹੀਂ ਬੈਠਾ ਹੈ। ਇਸ ਵਿਚ ਤੱਤ ਰੂਪ ਵਿਚ ਸਥਿਤ ਹੈ। ਇਸ ਸਰੂਪ ਵਿਚ ਵਿਚਰ ਕੇ ਖੁਸ਼ੀ ਮਾਣਦਾ ਹੈ, ਅਨੰਦ ਲੈਂਦਾ ਹੈ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।। (ਪੰਨਾ ੪੬੪)

ਗੁਰਮਤਿ ਅਨੁਸਾਰ ਸੰਸਾਰ ਦੀ ਰਚਨਾ ਪ੍ਰਭੂ ਦੀ ਇੱਛਾ ਅਨੁਸਾਰ ਹੁੰਦੀ ਹੈ। ਇਸ ਰਚਨਾ ਦਾ ਅਨਾਦੀ ਪ੍ਰਵਾਹ ਨਹੀਂ ਹੈ, ਇਸ ਦਾ ਆਦਿ ਤੇ ਅੰਤ ਹੈ। ਇਹ ਸਭ ਪ੍ਰਭੂ ਦੇ ਹੁਕਮ ਤੇ ਨਿਰਭਰ ਹੈ। ਸਾਂਖ ਮੱਤ ਅਨੁਸਾਰ ਪੁਰਸ਼ ਤੇ ਪ੍ਰਕਿਰਤੀ ਦੇ ਸੰਜੋਗ ਨਾਲ ਇਸ ਸੰਸਾਰ ਦੀ ਉਤਪਤੀ ਹੋਈ ਹੈ ਪ੍ਰੰਤੂ ਗੁਰਮਤਿ ਇਸ ਖਿਆਲ ਨਾਲ ਸਹਿਮਤ ਨਹੀਂ। ਇਸ ਰਚਨਾ ਦਾ ਕਾਰਨ ਇਕੋ ਇਕ ਪ੍ਰਭੂ ਹੈ। ਪ੍ਰਭੂ ਹੀ ਇਸ ਸਾਰੀ ਪ੍ਰਕਿਰਤੀ ਨੂੰ ਸਾਜਣ ਵਾਲਾ, ਪਾਲਣ ਵਾਲਾ ਤੇ ਆਪਣੀ ਮਰਜ਼ੀ ਅਨੁਸਾਰ ਅੰਤ ਕਰਨ ਵਾਲਾ ਹੈ। ਸਭ ਕਿਛ ਉਹ ਆਪਣੇ ਆਪ ਹੈ, ਦੂਸਰਾ ਕੋਈ ਉਸ ਦੇ ਬਰਾਬਰ ਸਾਜਣ ਤੇ ਢਾਉਣ ਵਾਲਾ ਨਹੀਂ ਹੈ :

ਆਪੇ ਸਾਜੈ ਕਰੇ ਆਪਿ ਜਾਈ ਭਿ ਰਖੈ ਆਪਿ ।।

ਤਿਸੁ ਵਿਚਿ ਜੰਤ ਉਪਾਇਕੈ ਦੇਖੈ ਥਾਪਿ ਉਥਾਪਿ ।।

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ।। (ਪੰਨਾ ੪੭੫)

ਗੁਰੂ ਸਾਹਿਬਾਨ ਨੇ ਹੁਕਮ, ਤੇ ਭਾਣੇ ਨੂੰ ਇਕੋ ਅਰਥਾਂ ਵਿਚ ਵਰਤਿਆ ਹੈ। ਇਹ ਹੁਕਮ ਪ੍ਰਭੂ ਵਾਂਗ ਅਕੱਥ ਹੈ, ਕੱਥਿਆ ਨਹੀਂ ਜਾ ਸਕਦਾ। ਹੁਕਮ ਦੀ ਅਕੱਥਤਾ ਹੀ ਪਰਮਾਤਮਾ ਦੀ ਬੇਅੰਤਤਾ ਦਾ ਰਹੱਸ ਹੈ। ਆਸਾ ਦੀ ਵਾਰ ਵਿਚ ਭੈ ਸ਼ਬਦ ਪ੍ਰਭੂ ਦੇ ਹੁਕਮ ਲਈ ਵਰਤਿਆ ਗਿਆ ਹੈ। ਸਾਰੀ ਸ੍ਰਿਸ਼ਟੀ ਚੰਦ, ਸੂਰਜ, ਤਾਰਾ ਮੰਡਲ, ਧਰਤੀ ਤੇ ਹੋਰ

ਸਤਾਰੇ ਪ੍ਰਭੂ ਦੇ ਭੈ ਵਿਚ ਚੱਲ ਰਹੇ ਹਨ। ਇਹ ਭੈ ਜਾਂ ਡਰ ਰੱਬੀ ਨਿਯਮ ਨੂੰ ਪਾਲਣ ਦਾ ਹੈ। ਹੁਕਮ ਮੰਨਣ ਦਾ ਹੈ।

ਭੈ ਵਿਚਿ ਪਵਣੁ ਵਹੈ ਸਦਵਾਉ ।।
ਭੈ ਵਿਚਿ ਚਲਹਿ ਲਖ ਦਰੀਆਉ ।।...

ਇਹ ਸਾਜਿਆ ਹੋਇਆ ਸਾਰਾ ਸੰਸਾਰ ਪ੍ਰਭੂ ਦਾ ਆਪਣਾ ਹੈ। ਉਹ ਸਾਜੇ ਹੋਏ ਇਨ੍ਹਾਂ ਸਾਰੇ ਜੀਵਾਂ ਵਿਚ ਆਪ ਵਸਦਾ ਹੈ। ਪ੍ਰਕਿਰਤੀ ਦੇ ਹਰ ਜ਼ਰੇ ਜ਼ਰੇ ਵਿਚ ਸਮਾਇਆ ਹੋਇਆ ਹੈ। ਉਸ ਦਾ ਹੁਕਮ ਵੀ ਸੱਚਾ ਹੈ, ਫੁਰਮਾਨ ਵੀ ਸੱਚਾ ਹੈ। ਇਸ ਸਾਰੇ ਪਸਾਰੇ ਦੇ ਆਪਣੇ ਆਪ ਗਤੀਸ਼ੀਲ ਪਰਵਾਹ ਨੂੰ ਦੇਖ ਕੇ ਮਨ ਵਿਚ ਵਿਸਮਾਦ ਪੈਦਾ ਹੁੰਦਾ ਹੈ। ਇਹ ਸਾਰੀ ਕੁਦਰਤ ਕਿਸ ਤਰ੍ਹਾਂ ਹੁਕਮ ਵਿਚ ਬੱਝੀ ਹੋਈ ਚੱਲ ਰਹੀ ਹੈ।

ਸੱਚੇ ਤੇਰੇ ਖੰਡ ਸਚੇ ਬ੍ਰਹਮੰਡ ।।
ਸਚੇ ਤੇਰੇ ਲੋਅ ਸਚੇ ਆਕਾਰ ।।...
ਸਚੀ ਤੇਰੀ ਸਿਫਤਿ ਸਚੀ ਸਲਾਹ
ਸਚੀ ਤੇਰੀ ਕੁਦਰਤਿ ਸਚੇ ਪਾਤਿਸ਼ਾਹ ।। (ਪੰਨਾ ੪੬੩)

ਗੁਰੂ ਜੀ ਸਾਜੀ ਹੋਈ ਕੁਦਰਤ ਨੂੰ ਦੇਖ ਕੇ ਹੈਰਾਨ ਹੁੰਦੇ ਹਨ। ਕੁਦਰਤ ਵਿਚੋਂ ਕਾਦਰ ਦਾ ਜਲਵਾ ਦੇਖਦੇ ਹਨ ਅਤੇ ਵਿਸਮਾਦ ਵਿਚ ਆ ਜਾਂਦੇ ਹਨ। ਮਨੁੱਖ ਦੁਆਰਾ ਬਣਾਈ ਹੋਈ ਕੋਈ ਵਸਤ ਇਤਨੀ ਪਾਬੰਦ ਨਹੀਂ ਦੇਖੀ ਜਾ ਸਕਦੀ ਜਿਤਨੀ ਕਿ ਕੁਦਰਤ ਆਪਣੇ ਸਰਕਲ ਕੱਟਣ ਵਿਚ ਪਾਬੰਦ ਹੈ। ਰੁੱਤਾਂ ਦਾ ਬਦਲਣਾ, ਚੰਦ, ਸੂਰਜ, ਧਰਤੀ ਅਤੇ ਸਤਾਰਿਆਂ ਦੀ ਆਪਣੀ ਚਾਲ ਮਨੁੱਖ ਨੂੰ ਹੈਰਾਨ ਕਰ ਦਿੰਦੀ ਹੈ।

ਇਸੇ ਨਾਲ ਹੀ ਇਸੇ ਬਾਣੀ ਵਿੱਚ ਗੁਰੂ ਜੀ ਇਹ ਗੱਲ ਸਪਸ਼ਟ ਕਰ ਦਿੰਦੇ ਹਨ ਕਿ ਇਹ ਸੰਸਾਰ ਸਦੀਵੀ ਨਹੀਂ ਸਗੋਂ ਚਲਾਇਮਾਨ ਹੈ ਅਥਵਾ ਨਾਸ਼ਮਾਨ ਹੈ। ਪ੍ਰੰਤੂ ਮਾਇਆਵਾਦੀ ਸਿਧਾਂਤ ਵਾਗ ਇਹ ਸੰਸਾਰ ਮਿਥਿਆ ਝੂਠਾ ਤੇ ਭੁਲੇਖਾ ਮਾਤਰ ਨਹੀਂ ਸਮਝਣਾ ਚਾਹੀਦਾ। ਕੂੜ ਤੋਂ ਭਾਵ ਝੂਠ ਤੇ ਭਰਮ ਨਹੀਂ ਸਗੋਂ ਚਲਾਇਮਾਨ ਹੈ, ਵਿਵਹਾਰਕ ਸੱਚ ਹੈ। ਸਦੀਵੀ ਸੱਚ ਨਹੀਂ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ...
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ...
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ।। (ਪੰਨਾ ੪੬੮)

ਜਗਤ ਰਚਨਾ ਵਿਚ ਸਾਰੇ ਜੀਵ ਜੰਤੂਆਂ ਵਿਚੋਂ ਮਨੁੱਖ ਇਕ ਸਰੇਸ਼ਟ ਘਾੜਤ ਹੈ। ਇਸ ਦਾ ਸਰੀਰ ਕੁਦਰਤ ਦੇ ਪੰਜ ਤੱਤਾਂ ਨਾਲ ਸਾਜਿਆ ਗਿਆ ਹੈ ਅਤੇ ਇਸ ਦੀ ਚਾਲਕ ਸੱਤਾ ਜੀਵ ਆਤਮਾ ਹੈ ਜੋ ਪ੍ਰਭੂ ਦਾ ਅੰਸ਼ ਹੈ। ਮਨੁੱਖ ਮਾਇਆ ਦੇ ਭਰਮ ਜਾਲ ਦੀ ਅਗਿਆਨਤਾ ਕਾਰਨ ਮਨੁੱਖਾ ਦੇਹੀ ਨੂੰ, ਪ੍ਰਭੂ ਦੀ ਮਿਹਰਭਰੀ ਦਾਤ ਨੂੰ ਭੁਲ ਕੇ ਆਪਣੇ ਆਪ ਨੂੰ ਹੀ ਸਭ ਕਿਛ ਸਮਝ ਬੈਠਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਪ੍ਰਭੂ ਆਪ ਹੀ ਸਰੀਰ ਰੂਪੀ ਭਾਂਡੇ ਘੜਦਾ ਹੈ, ਆਪੇ ਹੀ ਇਨ੍ਹਾਂ ਨੂੰ ਦੈਵੀ ਗੁਣਾਂ ਨਾਲ ਭਰਦਾ ਹੈ, ਆਪੇ ਹੀ ਪੂਰਨਤਾ ਦਿੰਦਾ ਹੈ। ਕਈ ਉਸ ਦੀ ਮਿਹਰ ਤੋਂ ਖਾਲੀ ਤ੍ਰਿਸ਼ਨਾਂ ਤੇ ਔਗੁਣਾਂ ਨਾਲ ਤਪਦੇ ਖਪਦੇ ਰਹਿੰਦੇ ਹਨ ਜਦ ਕਿ ਉਸ ਦੀ ਮਿਹਰ ਦੇ ਪਾਤਰ ਇਸ ਦਲਦਲ ਵਿਚੋਂ ਨਿਕਲ ਜਾਂਦੇ ਹਨ। ਇਹ ਮਿਹਰ ਕਰਮਾਂ ਅਨੁਸਾਰ ਹੁੰਦੀ ਹੈ :

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ।.......
ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ । (ਪੰਨਾ ੪੭੫)

ਮਨੁੱਖ ਦੇ ਅੰਦਰ ਦੈਵੀ ਗੁਣਾਂ ਦੇ ਨਾਲ ਨਾਲ ਪੰਜ ਕਮਾਦਕਾਂ ਨਾਲ ਵੀ ਗ੍ਰਸਤ ਹੈ। ਮਨੁੱਖ ਜਨਮ ਸਮੇਂ ਰੱਬੀ ਗੁਣ ਨਾਲ ਲੈ ਕੇ ਆਇਆ ਸੀ ਪ੍ਰੰਤੂ ਸੰਸਾਰ ਵਿਚ ਮਾਇਆ ਦੇ ਪ੍ਰਭਾਵ ਅਧੀਨ ਮੋਹ ਮਾਇਆ ਦਾ ਸ਼ਿਕਾਰ ਹੋ ਗਿਆ

ਹੈ। ਹਉਮੈ ਤੋਂ ਨਵਿਰਤੀ ਦੀ ਸਮੱਸਿਆ ਪ੍ਰਭੂ ਹੁਕਮ ਵਿਚ ਚੱਲਿਆਂ ਹੀ ਹੱਲ ਹੋ ਸਕਦੀ ਹੈ। ਹਉਮੈ ਕਾਰਨ ਹੀ ਮਨੁੱਖ ਦੀ ਵੱਖਰੀ ਹਸਤੀ ਬਣ ਜਾਂਦੀ ਹੈ। ਹਉਮੈ ਅਧੀਨ ਕੀਤੇ ਕਰਮਾਂ ਕਾਰਨ ਹੀ ਜੀਵ ਆਵਾਗੌਣ ਵਿਚ ਪਿਆ ਰਹਿੰਦਾ ਹੈ। ਪ੍ਰਭੂ ਦੇ ਹੁਕਮ ਅਨੁਸਾਰੀ ਹੋ ਕੇ ਇਸ ਚੱਕਰ ਵਿਚੋਂ ਨਿਕਲ ਜਾਂਦਾ ਹੈ :

ਆਸਾ ਦੀ ਵਾਰ ਵਿਚ ਗੁਰੂ ਦੀ ਬੜੀ ਮਹੱਤਤਾ ਦਰਸਾਈ ਗਈ ਹੈ। ਗੁਰਮਤਿ ਅਨੁਸਾਰ ਪਰਮਾਤਮਾ ਤੇ ਗੁਰੂ ਵਿਚ ਭੇਦ ਨਹੀਂ ਮੰਨਿਆ ਗਿਆ। ਗੁਰੂ ਪਰਮਾਤਮਾ ਦਾ ਹੀ ਰੂਪ ਹੈ। ਜੀਵ ਜਨਮ ਜਨਮਾਤਰਾਂ ਦੇ ਚੱਕਰਾਂ ਵਿਚ ਭਟਕਦਾ ਜਦੋਂ ਪ੍ਰਭੂ ਕਿਰਪਾ ਦਾ ਪਾਤਰ ਬਣਦਾ ਹੈ ਤਾਂ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਸਤਿਗੁਰੂ ਫਿਰ ਪ੍ਰਭੂ ਨਾਲ ਮਿਲਾਉਂਦਾ ਹੈ :

ਸਤਿਗੁਰੂ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ।। (ਪੰਨਾ ੪੬੬)

ਗੁਰਬਾਣੀ ਵਿਚ ਇਸ ਗੱਲ ਤੇ ਬੜਾ ਜ਼ੋਰ ਦਿੱਤਾ ਹੈ ਕਿ ਸਤਿਗੁਰੂ ਤੋਂ ਬਿਨਾਂ ਜੀਵ ਪਰਮਾਤਮਾ ਨੂੰ ਪਾ ਨਹੀਂ ਸਕਦਾ। ਸਤਿਗੁਰੂ ਸੱਚ ਦਾ ਧਾਰਨੀ ਹੋਣ ਕਰਕੇ ਜੀਵ ਦੇ ਮਨ ਅੰਦਰੋਂ ਮੋਹ-ਮਾਇਆ ਦਾ ਭਰਮ ਖਤਮ ਕਰਕੇ ਸੱਚ ਸਰੂਪ ਦੇਵਤਾ ਬਣਾ ਦਿੰਦਾ ਹੈ। ਸਤਿਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਦੇ ਗਿਆਨ ਦੁਆਰਾ ਹੀ ਮਨ ਸਥਿਰਤਾ ਪ੍ਰਾਪਤ ਕਰਦਾ ਹੈ। ਸਤਿਗੁਰੂ ਦਾ ਸ਼ਬਦ ਹੀ ਚੰਚਲ ਮਨ ਨੂੰ ਸਹਜ ਵਿਚ ਲਿਆਉਣ ਦੇ ਸਮਰੱਥ ਹੁੰਦਾ ਹੈ।

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨਾ ਪਾਇਆ ।।
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ।।
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ।। (ਪੰਨਾ ੪੬੬)

ਸਤਿਗੁਰੂ ਦੇ ਗਿਆਨ ਦੁਆਰਾ ਮਨੁੱਖ ਦੀਆਂ ਮਾਨਸਿਕ ਅੱਖਾਂ ਖੁੱਲ੍ਹ ਜਾਂਦੀਆਂ ਹਨ। ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਸੰਸਾਰ ਤੋਂ ਪਾਰ ਉਤਾਰਾ ਕਰਾਉਣ ਵਾਲਾ ਮੰਨਣਾ ਜੀਵ ਦੀ ਭੁੱਲ ਹੈ। ਸਤਿਗੁਰੂ ਹੀ ਐਸਾ ਜਹਾਜ ਹੈ ਜੋ ਮਨੁੱਖ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰ ਸਕਦਾ ਹੈ :

ਗੁਰੂ ਨੂੰ ਆਤਮਿਕ ਗਿਆਨ ਪ੍ਰਦਾਨ ਕਰਨ ਵਾਲੀ ਸ਼ਕਤੀ ਦੀ ਮਹਿਮਾ ਗਾਉਂਦਿਆਂ ਇਥੋਂ ਤੱਕ ਵਡਿਆਇਆ ਗਿਆ ਹੈ ਕਿ ਜੇਕਰ ਸੈਂਕੜੇ ਚੰਦਰਮਾਂ ਤੇ ਹਜ਼ਾਰਾਂ ਸੂਰਜ ਹੋਣ ਤਦ ਵੀ ਸਤਿਗੁਰੂ ਤੋਂ ਬਿਨਾਂ ਆਤਮਿਕ ਅੰਧੇਰਾ ਬਣਿਆ ਰਹਿੰਦਾ ਹੈ। ਆਤਮਿਕ ਗਿਆਨ ਹੀ ਜੀਵ ਨੂੰ ਸਹੀ ਸੇਧ ਦੇ ਸਕਦਾ ਹੈ। ਬਾਹਰਲਾ ਚਾਨਣ ਕੋਈ ਮਹੱਤਤਾ ਨਹੀਂ ਰਖਦਾ ਜਦੋਂ ਤੱਕ ਆਤਮਿਕ ਪੱਧਰ ਤੇ ਜੀਵ ਅਗਿਆਨਤਾ ਰੂਪੀ ਅੰਧੇਰੇ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਗੁਰੂ ਹੀ ਇਸ ਅੰਧੇਰੇ ਵਿਚੋਂ ਕੱਢਦਾ ਹੈ। ਗੁਰੂ ਜੀ ਅਜਿਹੇ ਗੁਣਾਂ ਵਾਲੇ ਪ੍ਰਭੂ ਗੁਰੂ ਤੋਂ ਦਿਨ ਵਿਚ ਸੈਂਕੜੇ ਵਾਰ ਸਦਕੇ ਜਾਂਦੇ ਹਨ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ।।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ।। (ਪੰਨਾ ੪੬੨-੬੩)

## ਸਮਾਜਕ ਵਿਵਸਥਾ

ਗੁਰੂ ਜੀ ਨੇ ਆਸਾ ਦੀ ਵਾਰ ਵਿਚ ਆਪਣੇ ਸਮਕਾਲੀ ਸਮਾਜਕ ਪੱਖ ਦੀਆਂ ਉਣਤਾਈਆਂ, ਕੁਰੀਤੀਆਂ, ਵਹਿਮਾਂ ਭਰਮਾਂ ਨੂੰ ਉਜਾਗਰ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਦਾ ਸਮਾਧਾਨ ਭੀ ਦੱਸਿਆ ਹੈ। ਬਾਹਰੀ ਕਰਮ ਕਾਂਡੀ ਰਸਮਾਂ-ਰਿਵਾਜਾਂ ਦਾ ਖੰਡਨ ਕਰਕੇ ਨੈਤਿਕ ਉੱਚਤਾ ਦੇ ਮਾਪਦੰਡਾਂ ਨੂੰ ਸਥਾਪਿਤ ਕੀਤਾ ਹੈ।

ਉਸ ਸਮੇਂ ਮਨੁੱਖੀ ਸਮਾਜ ਵਿਚ ਲੋਭ, ਲਾਲਚ ਤੇ ਚਰਿੱਤਰ ਹੀਨ ਕਰਮਾਂ ਦੀ ਪ੍ਰਧਾਨਤਾ ਸੀ। ਰਾਜਿਆਂ ਹਾਕਮਾਂ ਦੇ ਆਚਰਨ ਗਿਰ ਚੁੱਕੇ ਸਨ। ਪਰਜਾ ਗਿਆਨ ਹੀਨਤਾ ਕਾਰਨ ਆਪਣੀ ਅਣਖ, ਸਵੈਮਾਨ ਤੇ ਇੱਜ਼ਤ ਖੋ ਬੈਠੀ ਸੀ। ਲੋਕੀ ਦਿਖਾਵੇ ਦਾ ਜੀਵਨ ਜੀ ਰਹੇ ਸਨ। ਹਰ ਪਾਸੇ ਕੂੜ ਪ੍ਰਧਾਨ ਸੀ। ਗੁਰੂ ਜੀ ਨੇ ਇਨ੍ਹਾਂ ਲੋਕਾਂ ਨੂੰ ਸਵੈਮਾਨ ਨਾਲ ਜੀਉਣ ਲਈ ਪ੍ਰੇਰਿਆ ਅਤੇ ਦੂਸਰੇ ਪਾਸੇ ਰਾਜਨੀਤਿਕ ਆਗੂਆਂ ਨੂੰ ਭੰਡਿਆ ਜਿਹੜੇ ਸਦਾਚਾਰਕ ਕਦਰਾਂ ਕੀਮਤਾਂ ਤੋਂ ਵਿਹੂਣੇ

ਸਨ ਅਤੇ ਪਰਜਾ ਦਾ ਸ਼ੋਸ਼ਣ ਕਰ ਰਹੇ ਸਨ –

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।                (ਪੰਨਾ ੪੬੮-੬੯)

ਹਿੰਦੂ ਸਮਾਜ ਦਾ ਉਚ ਵਰਗ ਬ੍ਰਾਹਮਣ, ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਬਾਹਰ ਤਾਂ ਉਨ੍ਹਾਂ ਦੇ ਧਰਮ ਗਰੰਥ (ਕੁਰਾਨ) ਪੜ੍ਹਦੇ ਪ੍ਰੰਤੂ ਅੰਦਰ ਬੈਠ ਆਪਣੇ ਰਸਮੋ ਰਿਵਾਜਾਂ ਅਨੁਸਾਰ ਪੂਜਾ ਪਾਠ ਕਰਦੇ ਸਨ। ਬਾਹਰ ਟਿੱਕਾ, ਧੋਤੀ ਆਦਿ ਲਾ ਕੇ, ਮਾਲਾ ਹੱਥ ਵਿਚ ਫੜ ਲੈਂਦੇ ਸਨ, ਦੂਸਰੇ ਪਾਸੇ ਮੁਸਲਮਾਨਾਂ ਤੋਂ ਪਦਾਰਥ ਲੈ ਕੇ ਖਾਂਦੇ ਸਨ। ਗਊ ਤੇ ਟੈਕਸ ਲਗਾਇਆ ਜਾਂਦਾ ਸੀ ਇਸੀ ਗਊ ਦਾ ਗੋਹਾ ਚੁਕ ਕੇ ਫੇਰ ਪਵਿਤਰਤਾ ਦਾ ਦਿਖਾਵਾ ਕੀਤਾ ਜਾਂਦਾ ਸੀ। ਇਸ ਤਰ੍ਹਾਂ ਦੇ ਦੋ ਪੱਖੀ ਜੀਵਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਖੰਡ ਆਖਿਆ ਅਤੇ ਨਾਲ ਹੀ ਪ੍ਰਭੂ ਨਾਮ ਦਾ ਆਸਰਾ ਲੈ ਕੇ ਸੰਸਾਰ ਸਮੁੰਦਰ ਤੋਂ ਤਰਨ ਦਾ ਉਪਦੇਸ਼ ਦਿੱਤਾ :

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ।।
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ।।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ।।
ਛੋਡੀਲੇ ਪਾਖੰਡਾ ।। ਨਾਮਿ ਲਇਐ ਜਾਹਿ ਤਰੰਦਾ ।।                (ਪੰਨਾ ੪੭੧)

ਇਸਤਰੀ, ਗੁਲਾਮ ਹਿੰਦੁਸਤਾਨੀਆਂ ਦੀ ਗੁਲਾਮ ਸੀ। ਧਾਰਮਕ ਤੇ ਸਾਹਿਤਕ ਗ੍ਰੰਥਾਂ ਵਿਚ ਇਸਤਰੀ ਦੀ ਘੋਰ ਨਿੰਦਾ ਕੀਤੀ ਗਈ ਮਿਲਦੀ ਹੈ। ਨਾਥਾਂ, ਜੋਗੀਆਂ ਤੇ ਹੋਰ ਭਗਤਾਂ ਨੇ ਵੀ ਇਸਤਰੀ ਨੂੰ ਜੀਵਨ ਆਦਰਸ਼ ਪ੍ਰਾਪਤੀ ਦੇ ਰਾਹ ਵਿਚ ਵੱਡੀ ਰੁਕਾਵਟ ਦੱਸਿਆ। ਇਸਤਰੀ ਨੂੰ ਮੱਖੀ, ਮੱਛੀ ਵਾਂਗ ਚੰਚਲ ਮੱਤ ਵਾਲੀ ਆਖਿਆ ਤੇ ਕਿਤੇ ਸ਼ੂਦਰ ਤੇ ਗਵਾਰ ਆਖ ਕੇ ਤ੍ਰਿਸਕਾਰਿਆ।

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਇਸਤਰੀ ਦੇ ਹੱਕ ਵਿਚ ਅਵਾਜ਼ ਉਠਾਈ। ਇਸਤਰੀ ਨੂੰ ਸਮਾਜਿਕ ਅਤੇ ਧਾਰਮਿਕ ਅਜਾਦੀ ਦਿਤੀ ਤੇ ਉਸ ਨੂੰ ਸਮਾਜ ਵਿਚ ਸਹੀ ਥਾਂ ਦਿਵਾਉਣ ਲਈ ਅਵਾਜ਼ ਉਠਾਈ। ਆਸਾ ਦੀ ਵਾਰ ਵਿਚ ਇਸਤਰੀ ਪ੍ਰਤਿ ਬੜੇ ਪ੍ਰਭਾਵਸ਼ਾਲੀ ਤੇ ਸਾਰਥਕ ਸ਼ਬਦ ਉਚਾਰਨ ਕੀਤੇ ਗਏ ਹਨ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੇ ਬੰਧਾਨੁ ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।                (ਪੰਨਾ ੪੭੩)

ਸਮਾਜ, ਜਾਤ-ਪਾਤ, ਊਚ-ਨੀਚ, ਛੂਤ-ਛਾਤ, ਕਾਰਨ ਕਾਣੀ ਵੰਡ ਵਿਚ ਗ੍ਰਸਿਆ ਹੋਇਆ ਸੀ। ਸ਼ੂਦਰ ਨੂੰ ਦੁਰਕਾਰਿਆ ਤੇ ਫਿਟਕਾਰਿਆ ਜਾਂਦਾ ਸੀ। ਉਸ ਨੂੰ ਮਨੁੱਖੀ ਹੱਕਾਂ ਤੋਂ ਵਾਝਿਆਂ ਰਖਿਆ ਜਾਂਦਾ ਸੀ। ਘਰ ਚੌਕਿਆਂ ਵਿਚ, ਖੂਹਾਂ ਉਤੇ, ਧਰਮ ਅਸਥਾਨਾਂ ਅੰਦਰ ਸ਼ੂਦਰ ਨੂੰ ਜਾਣ ਦੀ ਮਨਾਹੀ ਸੀ। ਸ਼ੂਦਰ ਪ੍ਰਤੀ ਇਹ ਖਿਆਲ ਵੀ ਪ੍ਰਚਲਤ ਸੀ ਕਿ ਸ਼ੂਦਰ ਨੂੰ ਮੁਕਤੀ ਨਹੀਂ ਮਿਲਦੀ।

ਗੁਰੂ ਜੀ ਨੇ ਸਮਾਜ ਦੇ ਇਸ ਕਲੰਕਤ ਰੋਗ ਨੂੰ ਜੜ੍ਹਾਂ ਤੋਂ ਉਖਾੜਨ ਵਾਸਤੇ ਬੜੇ ਜੋਰਦਾਰ ਸ਼ਬਦਾਂ ਵਿਚ ਗਰੀਬ ਤੇ ਸ਼ੂਦਰ ਦੇ ਹੱਕ ਵਿਚ ਅਵਾਜ਼ ਉਠਾਈ। ਅਮੀਰਾਂ ਦੇ ਗਲਤ ਵਿਵਹਾਰ ਨੂੰ ਨਿੰਦਿਆ। ਗਲਤ ਤਰੀਕਿਆ ਨਾਲ ਕੀਤੀ ਉਨ੍ਹਾਂ ਦੀ ਕਮਾਈ ਨੂੰ ਪਾਪ ਦੀ ਕਮਾਈ ਕਹਿ ਕੇ ਤਿਆਗਿਆ ਹੈ। ਗੁਰੂ ਜੀ ਗਰੀਬਾਂ ਨਾਲ ਬੈਠੇ, ਉਨ੍ਹਾਂ ਨੂੰ ਪਿਆਰ ਕੀਤਾ ਤੇ ਉਨ੍ਹਾਂ ਦਾ ਸਾਥ ਦਿੱਤਾ। ਆਪਣੇ ਆਪ ਨੂੰ ਨੀਚਾਂ ਤੋਂ ਨੀਚ ਆਖਿਆ। ਨਾਲ ਹੀ ਇਹ ਵੀ ਵਿਸ਼ਵਾਸ ਦਿਵਾਇਆ ਕਿ ਰੱਬ ਦੀ ਕਿਰਪਾ ਨਿਮਰਤਾ ਭਾਵ ਵਾਲੇ, ਸਾਫ ਦਿਲ, ਕਿਰਤ ਕਰਨ ਵਾਲਿਆਂ ਜੀਵਾਂ ਉਤੇ ਹੀ ਹੁੰਦੀ

ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ।। (ਪੰਨਾ 15)

ਜਾਤਪਾਤ ਦੀ ਵੰਡ ਸਾਡੀ ਆਪਣੀ ਪਾਈ ਹੋਈ ਵੰਡ ਹੈ। ਮਨੁੱਖ ਜਨਮ ਸਮੇਂ ਕੋਈ ਜਾਤ ਨਾਲ ਨਹੀਂ ਲੈ ਕੇ ਆਉਂਦਾ। ਇਸ ਸੰਸਾਰ ਤੋਂ ਜਾਣ ਉਪਰੰਤ ਵੀ ਪ੍ਰਭੂ ਦੇ ਦਰ ਉਤੇ ਵੀ ਜਾਤ ਨਹੀਂ ਪਰਖੀ ਜਾਂਦੀ ਅਤੇ ਨੀਵੀਂ ਜਾਤ ਵਾਲਾ ਚੰਗੇ ਕਰਮ ਨਾਲ ਉਚਾ ਮੰਨਿਆ ਜਾ ਸਕਦਾ ਹੈ :

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ।।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ।। (ਪੰਨਾ ੪੬੯)

ਚੌਕਾ ਪੋਚਾ ਫੇਰਨ ਤੇ ਲਕੀਰਾਂ ਪਾਉਣ ਨਾਲ ਸ਼ੁੱਧ ਨਹੀਂ ਹੁੰਦਾ, ਚੌਕੇ ਉਪਰ ਬੈਠਣ ਵਾਲਿਆਂ ਦੇ ਮਨ ਤੇ ਹਿਰਦਾ ਵੀ ਪਵਿੱਤਰ ਅਤੇ ਸ਼ੁੱਧ ਹੋਣੇ ਚਾਹੀਦੇ ਹਨ। ਗੁਰੂ ਜੀ ਦੇ ਸਮੇਂ ਦੋ ਮੁੱਖ ਜਾਤੀਆਂ ਹਿੰਦੂ ਤੇ ਮੁਸਲਮਾਨ ਸਨ, ਇਹ ਦੋਵੇਂ ਹੀ ਸੱਚ ਤੋਂ ਦੂਰ ਸਨ। ਵਹਿਮਾਂ-ਭਰਮਾਂ ਕਾਰਨ ਆਪਸ ਵਿਚ ਲੜ-ਲੜ ਮਰ ਰਹੀਆਂ ਸਨ। ਗੁਰੂ ਜੀ ਨੇ ਲੋਕਾਂ ਨੂੰ ਸਾਂਝਾ ਉਪਦੇਸ਼ ਦਿੰਦਿਆਂ ਸੱਚ ਨੂੰ ਸਹੀ ਅਰਥਾਂ ਵਿਚ ਧਾਰਨ ਦਾ ਉਪਦੇਸ਼ ਦਿੱਤਾ ਤੇ ਸੁੱਚ-ਭਿੱਟ ਦਾ ਅੰਤਰ ਸਮਝਾਇਆ :

ਦੇ ਕੈ ਚਉਕਾ ਕਢੀ ਕਾਰ ।। ਉਪਰਿ ਆਇ ਬੈਠੇ ਕੂੜਿਆਰ ।।
ਮਤੁ ਭਿਟੈ ਵੇ ਮਤੁ ਭਿਟੈ ।। ਇਹੁ ਅੰਨੁ ਅਸਾਡਾ ਫਿਟੈ ।।
ਤਨਿ ਫਿਟੈ ਫੇੜ ਕਰੇਂਨਿ ।। ਮਨਿ ਜੂਠੈ ਚੁਲੀ ਭਰੇਨਿ ।।
ਕਹੁ ਨਾਨਕ ਸਚੁ ਧਿਆਈਐ, ਸੁਚਿ ਹੋਵੈ ਤਾ ਸਚੁ ਪਾਈਐ ।। (ਪੰਨਾ ੪੭੨)

ਲੋਕੀ ਧਰਮ ਦਾ ਅਸਲ ਮੰਤਵ ਭੁੱਲ ਚੁੱਕੇ ਸਨ ਸਰੀਰ ਨੂੰ ਕਸ਼ਟ ਦੇ ਕੇ, ਅੰਨ ਦਾ ਤਿਆਗ ਕਰਕੇ, ਨੰਗੇ ਰਹਿ ਕੇ, ਮੋਨ ਧਾਰਨ ਕਰਕੇ, ਜੂਠਾ ਮੰਗ ਮੰਗ ਕੇ ਖਾ ਕੇ ਆਪਣੇ ਆਪ ਨੂੰ ਧਰਮੀ ਕਹਾਉਂਦੇ ਸਨ। ਕੁਝ ਲੋਕਾਂ ਨੂੰ ਧਾਰਮਿਕ ਵਿਦਿਆ ਦਾ ਹੰਕਾਰ ਹੋ ਚੁੱਕਾ ਸੀ। ਤੀਰਥ ਯਾਤਰਾ ਨੂੰ ਹੀ ਮੁਕਤੀ ਦਾ ਸਾਧਨ ਮੰਨਦੇ ਸਨ। ਮੜ੍ਹੀਆਂ ਮਸਾਣਾਂ ਵਿਚ ਤੱਪ ਕਰਨ ਵਿਚ ਹੀ ਰੱਬ ਦੀ ਪ੍ਰਾਪਤੀ ਸਮਝਦੇ ਸਨ। ਇਸ ਤਰ੍ਹਾਂ ਦੇ ਸਭ ਕਰਮ-ਕਾਂਡੀ ਲੋਕ ਧਰਮ ਦੇ ਰਾਹ ਤੋਂ ਖੁੰਝ ਚੁਕੇ ਸਨ। ਗੁਰੂ ਜੀ ਨੇ ਅਜਿਹੇ ਨਿਗੁਰੇ ਲੋਕਾਂ ਨੂੰ ਸੱਚੇ ਸਤਿਗੁਰੂ ਦੀ ਮਹਾਨਤਾ ਦ੍ਰਿੜ੍ਹ ਕਰਾਈ ਅਤੇ ਗੁਰੂ ਦੁਆਰਾ ਦਿੱਤੇ ਹੋਏ ਪ੍ਰਭੂ ਨਾਮ ਨੂੰ ਹਿਰਦੇ ਵਿਚ ਵਸਾਉਣ ਦਾ ਉਪਦੇਸ਼ ਦਿੱਤਾ :

ਲਿਖਿ ਲਿਖਿ ਪੜਿਆ ।। ਤੇਤਾ ਕੜਿਆ ।। ਬਹੁ ਤੀਰਥ ਭਵਿਆ ।। ਤੇਤੋ ਲਵਿਆ ।।
ਬਹੁ ਭੇਖ ਕੀਆ ਦੇਹੀ ਦੁਖੁ ਦੀਆ ।। ਸਹੁ ਵੇ ਜੀਆ ਆਪਣਾ ਕੀਆ ।।...
ਅਲੁ ਮਲੁ ਖਾਈ ਸਿਰਿ ਛਾਈ ਪਾਈ ਮੂਰਖ ਅੰਧੈ ਪਤਿ ਗਵਾਈ ।।
ਵਿਣੁ ਨਾਵੈ ਕਿਛੁ ਥਾਇ ਨਾ ਪਾਈ ।। (ਪੰਨਾ ੪੬੭)

ਇਸੇ ਤਰ੍ਹਾਂ ਗੁਰੂ ਜੀ ਮੁਸਲਮਾਨਾਂ, ਜੋਗੀਆਂ, ਸੰਨਿਆਸੀਆਂ ਤੇ ਜਤੀਆਂ ਬਾਰੇ ਸਹੀ ਸੇਧ ਬਖਸ਼ਦੇ ਹਨ। ਉਨ੍ਹਾਂ ਦੇ ਦਿਖਾਵੇ, ਵਾਧੂ ਕਰਮ-ਕਾਂਡਾਂ ਨੂੰ ਖੰਡਨ ਕਰਨ ਦੇ ਨਾਲ ਨਾਲ ਸਮਾਧਾਨ ਵੀ ਦਰਸਾਉਂਦੇ ਹਨ :

ਜੋਗੀ ਸੁੰਨਿ ਧਿਆਵਨਿ ਜੇਤੇ, ਅਲਖ ਨਾਮੁ ਕਰਤਾਰੁ ।।
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰ ।। (ਪੰਨਾ ੪੬੫-੬੬)

ਗੁਰੂ ਜੀ ਨੇ ਵਿਦਿਆ, ਸੂਤਕ, ਬਾਹਰੀ ਚਿੰਨ੍ਹਾਂ ਦਾ ਆਤਮੀਕਰਨ ਕਰਦਿਆਂ ਇਕ ਨਵੇਂ ਸਮਾਜ ਦੀ ਉਸਾਰੀ ਕਰ

ਦਿੱਤੀ। ਇਨ੍ਹਾਂ ਵਾਧੂ ਕਰਮਾਂ ਦਾ ਬੜੀ ਦਲੇਰੀ ਤੇ ਤਰਕਪੂਰਨ ਢੰਗ ਨਾਲ ਖੰਡਨ ਕੀਤਾ।

ਪਰਉਪਕਾਰ ਦੀ ਭਾਵਨਾ ਨਾ ਹੋਣੀ ਅਤੇ ਪਰਮਾਰਥ ਦੇ ਤੱਤਾਂ ਤੋਂ ਖਾਲੀ ਵਿਦਿਆ ਦੀ ਪ੍ਰਾਪਤੀ ਦੇ ਵਿਰੁੱਧ ਗੁਰੂ ਜੀ ਸਨ। ਬਹੁਤੀਆਂ ਪੁਸਤਕਾਂ ਪੜ੍ਹਨੀਆਂ ਜਾਂ ਸਾਰੀ ਉਮਰ ਪੜ੍ਹਦੇ ਜਾਣਾ ਕੋਈ ਜੀਵਨ ਮਨੋਰਥ ਨਹੀਂ, ਅਸਲ ਪੜ੍ਹਾਈ ਤਾਂ ਪਰਮਾਤਮਾ ਦੀ ਸਿਫਤ-ਸਲਾਹ ਹੈ। ਗੁਰੂ ਜੀ ਨੇ ਅਜਿਹੀ ਫੋਕੀ ਵਿਦਿਆ ਦੀ ਪ੍ਰਾਪਤੀ ਦਾ ਖੰਡਨ ਕੀਤਾ ਹੈ, ਜਿਸ ਨਾਲ ਹਉਮੈ ਦਾ ਵਿਨਾਸ਼ ਨਹੀਂ ਹੁੰਦਾ ਅਤੇ ਮਨ ਨੂੰ ਸ਼ਾਂਤੀ ਨਹੀਂ ਮਿਲਦੀ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ।। ...
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ।।
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ।। (ਪੰਨਾ ੪੬੭)

ਇਸੇ ਤਰ੍ਹਾਂ ਸੂਤਕ (ਅਸ਼ੁੱਧੀ) ਗੁਰੂ ਜੀ ਦੇ ਸਮੇਂ ਇਕ ਬੜਾ ਵੱਡਾ ਭਰਮ ਸੀ। ਇਹ ਸਮਕਾਲੀ ਪ੍ਰੋਹਤ ਜਮਾਤ ਦਾ ਖੜ੍ਹਾ ਕੀਤਾ ਹੋਇਆ ਭਰਮ ਸੀ। ਬ੍ਰਾਹਮਣ ਲਈ 11 ਦਿਨ, ਛਤਰੀ ਲਈ 13 ਦਿਨ, ਵੈਸ਼ ਲਈ 17 ਦਿਨ ਅਤੇ ਸ਼ੂਦਰ ਇਸਤਰੀ ਲਈ 30 ਦਿਨ ਤਕ ਸੂਤਕ ਰਹਿੰਦੀ ਸੀ। ਜੰਮਣ ਮਰਨਾ ਕੇਵਲ ਮਨੁੱਖ ਤਕ ਹੀ ਸੀਮਤ ਨਹੀਂ। ਗੋਹੇ, ਲੱਕੜੀ, ਅੰਨ, ਪਾਣੀ ਸਭ ਵਿਚ ਜੀਵ ਹਨ। ਰਿਜਕ ਤਾਂ ਪ੍ਰਭੂ ਦਾ ਦਿੱਤਾ ਹੋਇਆ ਹੈ ਇਸ ਲਈ ਸੀਮਤ ਖਾਣਾ-ਪੀਣਾ ਪਵਿੱਤਰ ਹੈ। ਅਸਲ ਸੂਤਕ ਕੀ ਹੈ, ਜਿਸ ਤੋਂ ਬਚਣਾ ਚਾਹੀਦਾ ਹੈ, ਗੁਰੂ ਜੀ ਦੱਸਦੇ ਹਨ :

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ।।
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ।।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ।।
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ।। (ਪੰਨਾ ੪੭੨)

ਜਨੇਊ ਦੇ ਬਾਹਰੀ ਕਰਮ-ਕਾਂਡੀ ਪਾਖੰਡ ਦਾ ਖੰਡਨ ਗੁਰੂ ਜੀ ਬੜੇ ਤਰਕਪੂਰਨ ਢੰਗ ਨਾਲ ਕਰਦੇ ਹਨ। ਮਨੁੱਖ ਨੂੰ ਨੈਤਿਕ ਗੁਣਾਂ ਨਾਲ ਭਰਪੂਰ ਜਨੇਊ ਪਾਉਣ ਦਾ ਉਪਦੇਸ਼ ਦਿੰਦੇ ਹਨ। ਅਜਿਹਾ ਜਨੇਊ ਜੀਵ ਦੇ ਹਲਤ-ਪਲਤ ਦੋਵਾਂ ਥਾਵਾਂ ਲਈ ਸਹਾਈ ਹੋ ਸਕਦਾ ਹੈ। ਇਹ ਜਨੇਊ ਤਾਂ ਚੋਹਾਂ ਕਥਿਤ ਵਰਨਾਂ ਵਿਚੋਂ ਹਰ ਕੋਈ ਪਾ ਸਕਦਾ ਸੀ। ਇਹ ਨੈਤਿਕ ਗੁਣ ਕਿਸੇ ਵਰਗ ਦੀ ਮਲਕੀਅਤ ਨਹੀਂ ਹਨ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ।।
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ।।
ਨਾ ਏਹੁ ਤੁਟੈ ਨ ਮਲੁ ਲਾਗੈ ਨਾ ਏਹੁ ਜਲੈ ਨ ਜਾਇ ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।। (ਪੰਨਾ ੪੭੧)

## ਆਦਰਸ਼ ਮਨੁੱਖ

ਪਾਠ ਦੇ ਸ਼ੁਰੂ ਵਿਚ ਵੀ ਸੰਕੇਤ ਮਾਤਰ ਅੰਕਿਤ ਕੀਤਾ ਗਿਆ ਹੈ ਕਿ ਇਸ ਵਾਰ ਵਿਚ ਗੁਰੂ ਜੀ ਦਾ ਮੰਤਵ ਮਨੁੱਖ ਨੂੰ ਸਾਧਾਰਣ ਪੱਧਰ ਤੋਂ ਉਠਾ ਕੇ ਇਕ ਆਦਰਸ਼ ਮਨੁੱਖ ਬਣਾਉਣਾ ਹੈ। ਇਸ ਸਾਰੇ ਤਜਰਬੇ ਦਾ ਸੰਬੰਧ ਮਨੁੱਖ ਦੀ ਰੋਜ਼ਾਨਾ ਬਹੁਪੱਖੀ ਜ਼ਿੰਦਗੀ ਨਾਲ ਜੋੜਿਆ ਹੈ। ਮਨੁੱਖ ਆਪਣੀ ਰੋਜ਼ਾਨਾ ਜ਼ਿੰਦਗੀ ਤਦ ਹੀ ਸਫਲ ਬਣਾ ਸਕਦਾ ਹੈ ਜੇਕਰ ਉਹ ਗੁਰੂ ਦੀ ਮੱਤ ਧਾਰਨ ਕਰੇ। ਗੁਰੂ ਦੇ ਉਪਦੇਸ਼ ਅਨੁਸਾਰ ਜੀਵ ਆਪਣਾ ਆਪ, ਅਪਣਾ ਆਲਾ-ਦੁਆਲਾ, ਆਪਣਾ ਵਿਵਹਾਰ, ਸੱਚ ਕਰਮਾਂ ਵਾਲਾ ਬਣਾ ਲੈਂਦਾ ਹੈ। ਸੱਚ ਜੋ ਗੁਰੂ ਜੀ ਦ੍ਰਿੜ੍ਹ ਕਰਾਉਂਦੇ ਹਨ, ਉਹ ਬਾਹਰੋਂ ਕਰਮ ਇੰਦਰੀਆਂ ਦਾ ਪ੍ਰਾਪਤ ਸੱਚ ਨਹੀਂ ਸਗੋਂ ਅੰਤਹਕਰਨ ਦੇ ਅਨੁਭਵ ਵਿਚ ਆਇਆ ਹੋਇਆ ਸੱਚ ਹੈ। ਇਹ ਸੱਚ ਅੰਤਰ ਆਤਮੇ ਨਾਲ ਅਭੇਦ ਹੋਇਆ ਹੁੰਦਾ ਹੈ, ਇਹ ਸੱਚ ਕੂੜ ਦੇ ਮੋਹ ਵਿਚ ਸਹੇੜੇ ਪਾਪ ਨੂੰ ਧੋ ਦਿੰਦਾ ਹੈ ਅਤੇ ਪਾਪਾਂ ਤੋਂ ਪੈਦਾ ਹੋਏ ਦੁੱਖਾਂ ਦਾ ਦਾਰੂ ਬਣ ਜਾਂਦਾ ਹੈ। ਸੱਚ ਨੂੰ ਸਿਮਰਨ ਕਰਨ ਵਾਲਾ ਬਿਖ ਰੂਪੀ ਮਾਇਆ ਦੇ ਪਸਾਰੇ

ਵਿਚ ਉਦਾਸ, ਭਾਵ ਨਿਰਲੇਪ ਰਹਿੰਦਾ ਹੈ। ਸੱਚ ਦਾ ਗਿਆਨ, ਅੰਤਰ ਆਤਮੇ ਦਾ ਗਿਆਨ ਮਨੁੱਖ ਨੂੰ ਦੇਵਤਾ ਬਣਾ ਦਿੰਦਾ ਹੈ। ਗੁਰੂ ਜੀ ਗੁਰਬਾਣੀ ਵਿਚ ਹੋਰ ਥਾਂ ਇਸ ਤਰ੍ਹਾਂ ਵਰਣਨ ਕਰਦੇ ਹਨ :

ਸਚਿ ਸਿਮਰਿਐ ਹੋਵੈ ਪਰਗਾਸੁ ।।
ਤਾ ਤੇ ਬਿਖਿਆ ਮਹਿ ਰਹੈ ਉਦਾਸੁ ।। (ਪੰਨਾ ੬੬੧)

ਸੱਚ ਨੂੰ ਜਦੋਂ ਜੀਵਨ ਦੇ ਆਚਾਰ ਵਿਹਾਰ ਵਿਚ ਢਾਲ ਲੈਂਦੇ ਹਾਂ ਤਾਂ ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਇਹ ਸੁਖ ਸਦੀਵੀ ਹੁੰਦਾ ਹੈ : ''ਕਰਿ ਆਚਾਰ ਸਚੁ ਸੁਖ ਹੋਈ।''

ਆਸਾ ਦੀ ਵਾਰ ਵਿਚ ਆਦਰਸ਼ ਮਨੁੱਖ ਲਈ ਸ਼ਬਦ 'ਦੇਵਤਾ' ਆਇਆ ਹੈ। ਪ੍ਰੰਤੂ ਇਸ ਸ਼ਬਦ ਨਾਲੋਂ ਸ਼ਬਦ 'ਭਗਤ' ਦੀ ਜ਼ਿਆਦਾ ਵਰਤੋਂ ਹੋਈ ਹੈ। ਪ੍ਰਭੂ ਆਪਣੇ ਭਗਤਾਂ ਨੂੰ ਆਪਣੇ ਹੁਕਮ ਅੰਦਰ ਆਪਣੇ ਨਾਲ ਮੇਲ ਲੈਂਦਾ ਹੈ। ਆਪਣੇ ਭਗਤਾਂ ਨੂੰ ਸੰਸਾਰ ਦੀ ਦਲਦਲ ਵਿਚੋਂ ਕੱਢ ਲੈਂਦਾ ਹੈ :

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ।।
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ ।। (ਪੰਨਾ ੪੬੮)

ਪ੍ਰਭੂ ਜਿਨ੍ਹਾਂ ਭਗਤਾਂ ਨੂੰ ਪੂਰਨਤਾ ਬਖਸ਼ਦਾ ਹੈ, ਉਨ੍ਹਾਂ ਨੂੰ ਆਪਣੀ ਦਇਆ ਪ੍ਰਦਾਨ ਕਰਕੇ ਸੇਵਾ, ਸਿਮਰਨ ਆਦਿ ਗੁਣਾ ਨਾਲ ਸ਼ਿੰਗਾਰ ਦਿੰਦਾ ਹੈ। ਇਸੇ ਤਰ੍ਹਾਂ ਸ਼ਬਦ 'ਸੇਵਕ' ਤੇ 'ਚਾਕਰ' ਵੀ ਆਏ ਹਨ। ਇਕ ਆਦਰਸ਼ ਸੇਵਕ ਤੇ ਚਾਕਰ ਕੌਣ ਹੈ, ਦਰਸਾਇਆ ਗਿਆ ਹੈ।

ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ।। (ਪੰਨਾ ੪੭੫)

ਸੱਚੇ ਸੇਵਕ ਕਦੀ ਵੀ ਮਾੜੇ ਪਾਸੇ ਨਹੀਂ ਜਾਂਦੇ। ਉਹ ਸੰਤੋਖੀ ਬਣ ਕੇ ਸੇਵਾ ਕਰਦੇ ਹਨ। ਉਹ ਨੇਕੀ, ਧਰਮ ਦੀ ਖਾਤਰ ਕਰਦੇ ਹਨ ਦਿਖਾਵੇ ਜਾਂ ਗਰਜ ਲਈ ਨਹੀਂ। ਭਗਤਾਂ ਦਾ ਖਾਣਾ ਪੀਣਾ ਹਮੇਸ਼ਾਂ ਸੰਜਮ ਵਿਚ ਹੁੰਦਾ ਹੈ। ਉਹ ਪਦਾਰਥਾਂ ਪ੍ਰਤਿ ਬਹੁਤਾ ਮੋਹ ਨਹੀਂ ਕਰਦੇ, ਸਬਰ ਸੰਤੋਖ ਤੋਂ ਕੰਮ ਲੈਂਦੇ ਹਨ। ਉਹ ਬੰਧਨ ਦਾ ਕਾਰਨ ਬਣਨ ਵਾਲੇ ਕਰਮ ਨਹੀਂ ਕਰਦੇ, ਭਾਵ ਬੰਧਨ ਤੋੜ ਦਿੰਦੇ ਹਨ। ਕਰਮ ਤਿਆਗ ਦਿੰਦੇ ਹਨ। ਉਨ੍ਹਾਂ ਨੂੰ ਸੱਚੇ ਪ੍ਰਭੂ ਦੀ ਬਖਸ਼ਿਸ਼ ਉਤੇ ਹਮੇਸ਼ਾਂ ਵਿਸ਼ਵਾਸ ਹੁੰਦਾ ਹੈ। ਇਹ ਭਗਤ ਹੀ ਸੱਚਾ ਧਰਮ ਕਮਾਂਦੇ ਹਨ :

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ।।
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ।।
ਓਨੀ ਦੁਨੀਆ ਤੋੜੇ ਬੰਧਨਾਂ ਅੰਨੁ ਪਾਣੀ ਥੋੜਾ ਖਾਇਆ ।। (ਪੰਨਾ ੪੬੬-੬੭)

ਭਗਤ ਜਨ ਹੰਕਾਰ ਛੱਡ ਕੇ ਨਿਮਰਤਾ ਧਾਰਨ ਕਰ ਲੈਂਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਨਿਮਰਤਾ ਧਾਰਨ ਕਰਨੀ ਸਾਰੇ ਗੁਣਾਂ ਤੇ ਚੰਗਿਆਈ ਦਾ ਤੱਤ ਸਾਰ ਹੁੰਦਾ ਹੈ। ਭਗਤ ਜਨਾਂ ਵਿਚ ਨਿਮਰਤਾ ਦਿਖਾਵੇ ਮਾਤਰ ਨਹੀਂ ਹੁੰਦੀ। ਉਹ ਸੱਚੇ ਦਿਲੋ ਨਿਮਰਤਾ ਧਾਰਨ ਕਰਦੇ ਹਨ। ਆਪਣੀਆਂ ਸਾਰੀਆਂ ਗਤੀਵਿਧੀਆਂ ਪ੍ਰਭੂ ਨੂੰ ਸਮਰਪਣ ਕਰ ਦਿੰਦੇ ਹਨ। ਪ੍ਰਭੂ ਉਤੇ ਪੂਰਾ ਵਿਸ਼ਵਾਸ ਰੱਖਕੇ, ਉਸ ਤੋਂ ਹਰ ਕਦਮ ਤੇ ਆਪਣੀ ਰਖਵਾਲੀ ਦਾ ਯਕੀਨ ਮਨ ਵਿਚ ਬਠਾਂਦੇ ਹਨ :

ਸਚੁ ਸੇਵੀ ਸਚੁ ਮਨਿ ਵਸੈ
ਸਚੁ ਸਚਾ ਹਰ ਰਖਵਾਲੇ ।। (ਪੰਨਾ ੩੧੧)

ਗੁਰੂ ਨਾਨਕ ਦੇਵ ਜੀ ਸੱਚ ਕਮਾਉਣ ਵਾਲੇ ਭਗਤਾਂ ਦੀ ਚਰਨ ਧੂੜ ਦੇ ਚਾਹਵਾਨ ਹਨ ਜਿਹੜੇ ਜਾਤਿ ਵਰਨ ਤੋਂ ਅਤੀਤ ਭਏ, ਜਿਨ੍ਹਾਂ ਮਮਤਾ ਤੇ ਲੋਭ ਦਾ ਤਿਆਗ ਕਰ ਦਿੱਤਾ ਹੈ, ਅਤੇ ਜੋ ਆਤਮ ਤੀਰਥ ਉਤੇ ਨਿਵਾਸ ਕਰਨ ਵਾਲੇ ਹਨ। ਪ੍ਰਭੂ ਅਜਿਹੇ ਭਗਤਾਂ ਨੂੰ ਪਰਖ ਕੇ ਆਪਣੇ ਖਜਾਨੇ ਵਿਚ ਪਾ ਲੈਂਦਾ ਹੈ, ਉਨ੍ਹਾਂ ਨੂੰ ਆਪਣੇ ਬਣਾ ਲੈਂਦਾ ਹੈ। ਇਨ੍ਹਾਂ ਭਗਤਾਂ ਦਾ ਆਵਾਗਵਨ ਮੁਕ ਜਾਂਦਾ ਹੈ। ਭਗਤ ਜਨ ਬੜਾ ਸਾਧਾਰਨ ਜੀਵਨ ਜੀਉਂਦੇ ਹਨ।

ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ।।
ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ ।। (ਪੰਨਾ ੪੭੩)

## ਅੰਤਿਕਾ

ਆਸਾ ਦੀ ਵਾਰ ਵਿਚ ਮਨੁੱਖੀ ਜੀਵਨ ਵਿਚ ਆਈਆਂ ਗਿਰਾਵਟਾਂ ਨੂੰ ਬੜੇ ਨੇੜਿਉਂ ਦੇਖਕੇ ਤਰਕ ਭਰੇ ਢੰਗ ਨਾਲ ਖੰਡਨ ਕਰਕੇ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਦਾ ਸਮਾਧਾਨ ਦਰਸਾਇਆ ਹੈ। ਸੱਚ ਕਰਮ ਕਰਨ ਤੇ ਜ਼ੋਰ ਦਿੱਤਾ ਹੈ ਕਿਉਂਕਿ ਪ੍ਰਭੂ ਦੇ ਦਰ ਉਤੇ ਸਚੋਂ ਸੱਚ ਨਿਬੜਨਾ ਹੈ। ਗੁਰੂ ਜੀ ਨੇ ਧਾਰਮਿਕ ਤੰਗ ਨਜ਼ਰੀਏ ਤੋਂ ਉਪਰ ਉਠ ਕੇ ਮਾਨਵ ਕਲਿਆਣ ਲਈ ਸੱਚ ਦਾ ਉਪਦੇਸ਼ ਦਿੱਤਾ। ਇਹ ਸੱਚ ਪ੍ਰਭੂ ਬਾਰੇ ਹੋਵੇ, ਗੁਰੂ ਜੀ ਦੇ ਬਚਨਾਂ ਬਾਰੇ ਜਾਂ ਮਨੁੱਖੀ ਜੀਵਨ ਕਰਮ ਬਾਰੇ ਹੋਵੇ, ਹਮੇਸ਼ਾਂ ਕਲਿਆਣਕਾਰੀ ਹੁੰਦਾ ਹੈ। ਸੱਚ ਨਾਲ ਚਿੱਤ ਲਾਉਣ ਵਾਲੇ ਕਰਮ ਨੂੰ ਸਭ ਤੋਂ ਉੱਤਮ ਕਰਾਰ ਦਿੱਤਾ ਹੈ। ਅਜਿਹਾ ਸੱਚ ਸਾਰੀਆਂ ਕਰਨੀਆਂ ਦਾ ਸਾਰ ਤੱਤ ਦਸਿਆ ਹੈ। ਆਸਾ ਦੀ ਵਾਰ ਵਿਚ ਅਜਿਹੇ ਸੱਚ ਨੂੰ ਜੀਵਨ ਦਾ ਅਧਾਰ ਬਣਾਉਣ ਲਈ ਕਿਹਾ ਗਿਆ ਹੈ।

ਉਤਮੁ ਏਹੁ ਬੀਚਾਰੁ ਹੈ
ਜਿਨਿ ਸਚੇ ਸਿਉ ਚਿਤੁ ਲਾਇਆ ।।.... (ਪੰਨਾ ੪੬੬)

ਆਸਾ ਦੀ ਵਾਰ ਵਿਚ ਮੁੱਖ ਰੂਪ ਵਿਚ ਅਧਿਆਤਮਕ ਪੱਖ, ਸਮਾਜ ਪੱਖ ਅਤੇ ਧਾਰਮਕ ਪੱਖ ਨੂੰ ਵਰਣਨ ਕੀਤਾ ਹੈ। ਇਨ੍ਹਾਂ ਪੱਖਾਂ ਅੰਦਰ ਭਾਵੇਂ ਸਮਕਾਲੀ ਸਥਿਤੀ ਦਾ ਹੀ ਨਿਰੂਪਣ ਕੀਤਾ ਹੈ ਪ੍ਰੰਤੂ ਜਿਨ੍ਹਾਂ ਸਮੱਸਿਆਵਾਂ ਨੂੰ ਉਭਾਰ ਕੇ ਹੱਲ ਦਸਿਆ ਹੈ ਉਹ ਸਦੀਵੀ, ਆਤਮਕ ਤੇ ਸਦਾਚਾਰਕ ਕੀਮਤਾਂ ਅੱਜ ਵੀ ਉਤਨੀਆਂ ਹੀ ਮਹੱਤਵਪੂਰਨ ਹਨ ਅਤੇ ਮਨੁੱਖੀ ਜੀਵਨ ਲਈ ਪ੍ਰੇਰਨਾ ਦਾ ਸ੍ਰੋਤ ਹਨ, ਜਿੰਨੀਆਂ ਗੁਰੂ ਜੀ ਦੇ ਸਮੇਂ ਸਨ।

ਅਧਿਆਤਮਕ ਪੱਖ ਅੰਦਰ, ਗੁਰੂ ਤੇ ਗੁਰੂ ਉਪਦੇਸ਼, ਭਗਤੀ, ਭਾਣਾ ਮੰਨਣਾ ਅਤੇ ਮਿਹਰ ਆਦਿ ਸਿਧਾਂਤਾਂ ਦੁਆਰਾ ਆਤਮਿਕ ਵਿਕਾਸ ਹੁੰਦਾ ਹੈ ਅਤੇ ਆਤਮਾ ਆਪਣੇ ਅਸਲੇ ਨਾਲ ਮੁੜ ਅਭੇਦ ਹੋ ਜਾਂਦੀ ਹੈ। ਆਤਮਾ ਪਰਮਾਤਮਾ ਦਾ ਅੰਸ਼ ਹੈ। ਨਿਰਮਲ ਆਤਮਾ ਹੀ ਮੁਕਤੀ ਪ੍ਰਾਪਤ ਕਰਦੀ ਹੈ, ਜਦ ਕਿ ਮਲੀਨ ਜੀਵ-ਆਤਮਾ ਆਵਾਗਵਣ ਵਿਚ ਪਈ ਰਹਿੰਦੀ ਹੈ। ਗੁਰੂ ਉਪਦੇਸ਼ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਦਵੈਤ ਭਾਵ, ਜੋ ਮਾਇਆ ਕਰਕੇ ਉਪਜਿਆ ਹੈ, ਨੂੰ ਖਤਮ ਕਰਨ ਦੀ ਜ਼ਰੂਰਤ ਹੈ।

ਪ੍ਰਭੂ ਦੀ ਭਗਤੀ ਉਸ ਵਕਤ ਸੰਭਵ ਹੈ ਜਦੋਂ ਜੀਵ ਪ੍ਰਭੂ ਦੀ ਮਿਹਰ ਦੁਆਰਾ ਪ੍ਰਭੂ ਹੁਕਮ ਤੇ ਭਾਣਾ ਮੰਨਣ ਦੇ ਸਮਰੱਥ ਹੋ ਜਾਂਦਾ ਹੈ। ਭਾਣਾ ਮੰਨਣ ਵਾਲੇ ਭਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਤੇ ਉਹ ਸਾਧਕ ਮੁਕਤੀ ਪ੍ਰਾਪਤ ਕਰਦਾ ਹੈ।

ਪ੍ਰਭੂ ਹਮੇਸ਼ਾ ਮੇਹਰਬਾਨ ਹੈ। ਇਸ ਦਇਆਲਤਾ ਦੀ ਸਮਝ ਹੀ ਉਸ ਵਕਤ ਆਉਂਦੀ ਹੈ ਜਦੋਂ ਮਨੁੱਖ ਪ੍ਰਭੂ ਦੇ ਹੁਕਮ ਦਾ ਧਾਰਨੀ ਹੁੰਦਾ ਹੈ। ਪ੍ਰਭੂ ਹੁਕਮ ਮੰਨਣ ਨਾਲ ਆਤਮਕ ਗਿਆਨ ਉਪਜਦਾ ਹੈ। ਇਸ ਸਾਰੇ ਪਾਠ ਦੇ ਅੰਤ ਵਿਚ ਸੰਖੇਪ ਰੂਪ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ।

ਗੁਰੂ ਅਤੇ ਪਰਮਾਤਮਾ ਵਿਚ ਭੇਦ ਕੇਵਲ ਨਿਰਗੁਣ ਅਤੇ ਸਰਗੁਣ ਦਾ ਹੀ ਹੈ। ਗੁਰੂ ਪਰਮਾਤਮਾ ਦੇ ਬੋਲਾਇਆਂ ਹੀ ਬੋਲਦਾ ਹੈ। ਗੁਰੂ ਆਪਣੇ ਅਨੁਭਵੀ ਪੱਧਰ ਤੇ ਪਰਮਾਤਮਾ ਨਾਲ ਇਕ ਸੁਰ ਹੁੰਦਾ ਹੈ। ਗੁਰੂ ਆਪਣੇ ਉਪਦੇਸ਼ ਨਾਲ ਮਨੁੱਖ ਨੂੰ ਦੇਵੀ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ। ਗੁਰੂ ਤੋਂ ਨਾਮ ਤੇ ਨਾਮ ਦੁਆਰਾ ਮਿਹਰ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਆਪਣੇ ਬ੍ਰਹਮ ਗਿਆਨ ਨਾਲ ਜੀਵ ਨੂੰ ਅਗਿਆਨਤਾ ਅਤੇ ਫਜ਼ੂਲ ਕਰਮ ਕਾਂਡਾਂ ਵਿਚੋਂ ਕੱਢ ਲੈਂਦਾ ਹੈ। ਸਚੇ ਗੁਰੂ ਤੋਂ ਬਿਨਾਂ ਨਾ ਵਿਕਾਰਾਂ ਦਾ ਨਾਸ਼ ਹੁੰਦਾ ਹੈ ਅਤੇ ਨਾ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਭੂ ਹੀ ਸੰਸਾਰ ਦਾ ਸੱਚਾ ਮਾਲਕ ਹੈ ਉਸ ਨੇ ਹਰ ਪਾਸੇ ਸੱਚ ਵਰਤਾਇਆ ਹੋਇਆ ਹੈ। ਪ੍ਰਭੂ ਨੇ ਆਪਣੇ ਨਿਰਗੁਣ ਰੂਪ ਵਿਚੋਂ ਹੀ ਸਰਗੁਣ ਆਪਣੀ ਖੁਸ਼ੀ ਲਈ ਸਿਰਜਿਆ ਹੈ। ਪਰਮਾਤਮਾ ਸਰਬ ਵਿਆਪਕ ਹੈ, ਸਰਬ ਗਿਆਤਾ ਹੈ, ਮੇਹਰਬਾਨ ਹੈ, ਉਸ ਦੀ ਕਿਰਪਾ ਦ੍ਰਿਸ਼ਟੀ ਨਾਲ ਸਭ ਰਹਿਮਤਾਂ ਪ੍ਰਾਪਤ ਹੁੰਦੀਆਂ ਹਨ। ਪ੍ਰਭੂ ਨਿਆਂਕਾਰ ਹੈ ਉਹ

ਹਮੇਸ਼ਾਂ ਸੱਚਾ ਨਿਆਉ ਕਰਦਾ ਹੈ।

ਆਸਾ ਦੀ ਵਾਰ ਵਿਚ ਧਰਮ ਦੇ ਨਾਮ ਉਤੇ ਲੋਕਾਂ ਨੂੰ ਗੁਮਰਾਹ ਕਰਨ ਵਾਲਿਆਂ ਦੀ ਨਿੰਦਾ ਕੀਤੀ ਗਈ ਹੈ। ਧਰਮ ਗ੍ਰੰਥ ਵਿਚ ਕੇਵਲ ਕੋਰੇ ਗਿਆਨ, ਤੀਰਥ ਯਾਤਰਾਵਾਂ, ਭੇਸ, ਵਰਤ, ਨੰਗੇ ਰਹਿਣਾ, ਮੋਨ ਵਰਤ ਰਖਣੇ, ਮਸਾਣਾਂ ਵਿਚ ਰਹਿਣਾ ਸਭ ਫਜ਼ੂਲ ਦਸਿਆ ਗਿਆ ਹੈ ਇਸ ਨਾਲ ਮਨੁੱਖ ਨੂੰ ਮੁਕਤੀ ਨਹੀਂ ਮਿਲਦੀ। ਰਸਮੀ ਗਾਉਣ ਵਜਾਉਣ, ਨੱਚਣ ਕੁੱਦਣ, ਰਾਸ ਤਮਾਸ਼ਿਆਂ, ਕਰਾਮਤਾਂ, ਮੂਰਤੀ ਪੂਜਾ, ਰਸਮੀ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਹੈ। ਗੁਰੂ ਜੀ ਨੇ ਕੇਵਲ ਨਿਖੇਧੀ ਹੀ ਨਹੀਂ ਕੀਤੀ ਸਗੋਂ ਉਨ੍ਹਾਂ ਦਾ ਸਹੀ ਰੂਪ ਦਸਿਆ ਹੈ। ਜਿਸ ਤਰ੍ਹਾਂ ਰਸਮੀ ਜਨੇਊ ਦਾ ਖੰਡਨ ਕਰਕੇ ਆਤਮਕ ਗੁਣਾਂ ਵਾਲੇ ਜਨੇਊ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ।

ਗੁਰੂ ਜੀ ਨੇ ਲੋਕਾਚਾਰ ਦੇ ਬਦਲਵੇਂ ਆਧਾਰ ਦਾ ਵਰਣਨ ਕਰਦਿਆ ਚੋਹਾਂ ਜੁਗਾਂ ਦਾ ਵਰਣਨ ਕੀਤਾ ਹੈ, ਸਤਜੁਗ ਅੰਦਰ ਮਨੁੱਖ ਦੀ ਟੇਕ ਸੰਤੋਖ ਅਤੇ ਪ੍ਰਸ਼ਾਸਕ ਧਰਮ ਸੀ, ਤ੍ਰੇਤੇ ਵਿਚ ਇੰਦਰੀ ਸੰਜਮ-ਜਤ ਦੀ ਪ੍ਰਧਾਨਤਾ ਹੋ ਗਈ, ਧਰਮ ਦੀ ਥਾਂ ਜ਼ੋਰ (ਸੂਰਬੀਰਤਾ) ਆ ਗਿਆ। ਦੁਆਪਰ ਵਿਚ ਤਪ ਜੀਵਨ ਦਾ ਆਧਾਰ ਬਣਿਆ, ਪ੍ਰਸ਼ਾਸਕ ਦਾਨ। ਜਦ ਕਿ ਕਲਜੁਗ ਅੰਦਰ ਟੇਕ ਤ੍ਰਿਸ਼ਨਾ ਰੂਪੀ ਅੱਗ ਦੀ ਹੈ ਅਤੇ ਪ੍ਰਸ਼ਾਸਕ ਝੂਠ ਦਾ, ਨਤੀਜਾ ਇਹ ਹੈ ਕਿ ਸੱਚ ਦਾ ਕਾਲ ਪੈ ਗਿਆ ਹੈ, ਕਲਜੁਗੀ ਲੋਕ ਪਾਪਾਂ ਦੀ ਕਾਲਖ ਕਾਰਨ ਭੂਤਨੇ ਪ੍ਰਤੀਤ ਹੁੰਦੇ ਹਨ।

ਦੂਸਰਾ ਮੁੱਖ ਖਿਆਲ ਸੂਤਕ (ਅਪਵਿਤਰਤਾ) ਦਾ ਦਿੱਤਾ ਹੈ। ਸੂਤਕ ਤਾਂ ਹਰ ਥਾਂ, ਇਥੋਂ ਤੱਕ ਗੋਹੇ ਅਤੇ ਲੱਕੜੀ ਅੰਦਰ ਕੀੜੇ ਜੰਮਦੇ ਤੇ ਮਰਦੇ ਰਹਿੰਦੇ ਹਨ, ਅੰਨ ਦੇ ਦਾਣਿਆਂ ਵਿਚ ਵੀ ਜੀਵ ਹਨ, ਪਾਣੀ ਵਿਚ ਵੀ ਜੀਵ ਹਨ। ਪਾਣੀ ਨਾਲ ਜੀਵ ਹਰਾ ਹੋ ਜਾਂਦਾ ਹੈ। ਇਸ ਤਰ੍ਹਾਂ ਸੂਤਕ ਰਸੋਈ ਵਿਚ ਆ ਵੜਦਾ ਹੈ। ਇਸੇ ਤਰ੍ਹਾਂ ਜਾਤ-ਪਾਤ ਦਾ ਖੰਡਨ ਕੀਤਾ ਹੈ ਅਤੇ ਇਸਤਰੀ ਨੂੰ ਮਨੁੱਖੀ ਜੀਵਨ, ਸਮਾਜ ਤੇ ਪਰਿਵਾਰ ਦਾ ਅਤਿ ਮਹੱਤਵਪੂਰਨ ਅੰਗ ਸਵੀਕਾਰਿਆ ਗਿਆ ਹੈ।

ਰਾਜਨੀਤਕ ਖੇਤਰ ਦੇ ਆਚਰਨਹੀਨ ਸ਼ਾਸ਼ਕਾਂ ਜਿਹੜੇ ਪਾਪੀ, ਲੋਭੀ ਸਨ ਅਤੇ ਦੂਸਰੇ ਪਾਸੇ ਗਿਆਨ ਵਿਹੂਣੀ ਪਰਜਾ ਦੀ ਨਿੰਦਾ ਕੀਤੀ ਹੈ ਜਿਹੜੇ ਫਰੇਬ ਕਰਕੇ ਆਮ ਜਨਤਾ ਨੂੰ ਗੁਮਰਾਹ ਕਰਦੇ ਸਨ। ਐਸੇ ਪਾਖੰਡੀ ਲੋਕਾਂ ਨੂੰ ਪਾਖੰਡ ਛੱਡ ਕੇ ਪ੍ਰਭੂ ਨਾਮ ਸਿਮਰਨ ਰਾਹੀ ਜਨਮ ਸੁਆਰਨ ਦਾ ਉਪਦੇਸ਼ ਦਿੱਤਾ ਹੈ।

ਗੁਰੂ ਜੀ ਨੇ ਸ਼ੁਭ ਕਰਮਾਂ ਉਤੇ ਜ਼ੋਰ ਦਿੱਤਾ ਹੈ। ਸ਼ੁਭ ਕਰਮ ਹੀ ਪ੍ਰਭੂ ਦੀ ਸਭ ਤੋਂ ਉੱਤਮ ਅਰਾਧਨਾ ਹੈ। ਅੰਤ ਸਮੇਂ ਸੰਸਾਰ ਦੀ ਹੋਰ ਕਿਸੇ ਵਸਤ ਨੇ ਨਾਲ ਨਹੀਂ ਜਾਣਾ ਕੇਵਲ ਉੱਤਮ ਕਰਮ ਹੀ ਨਾਲ ਜਾਣਗੇ। ਆਤਮਾ ਚੰਗੇ ਤੇ ਮੰਦੇ ਕਰਮਾਂ ਅਨੁਸਾਰ ਪ੍ਰਭੂ ਦਰਗਾਹ ਅੰਦਰ ਫਲ ਭੋਗਦਾ ਹੈ। ਮਨ ਪਿੱਛੇ ਲੱਗ ਕੇ ਭੋਗ ਵਿਲਾਸਾਂ ਦੇ ਮੰਦੇ ਕਰਮਾਂ ਦਾ ਫਲ ਭੁਗਤਣ ਵੇਲੇ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ ਅਤੇ ਇਸ ਗੱਲ ਦਾ ਪਛਤਾਵਾ ਹੁੰਦਾ ਹੈ ਕਿ ਮਨ ਪਿੱਛੇ ਲੱਗ ਕੇ ਹੀਰੇ ਵਰਗਾ ਜਨਮ ਵਿਅਰਥ ਗਵਾ ਲਿਆ। ਸੂਝਵਾਨ, ਜਿਸ ਨੂੰ ਇਹ ਸੋਝੀ ਹੈ ਉਹ ਦੀਰਘ ਦ੍ਰਿਸ਼ਟੀ ਰਾਹੀਂ ਭਾਂਪ ਲੈਂਦਾ ਹੈ ਕਿ ਮੰਦੇ ਕਰਮਾਂ ਨਾਲ ਪ੍ਰਭੂ ਤੋਂ ਪ੍ਰੀਤ ਟੁਟਦੀ ਹੈ ਇਸ ਲਈ ਮੰਦੇ ਕਰਮ ਕਰਨ ਤੋਂ ਦੂਰ ਰਹਿੰਦਾ ਹੈ। ਦੂਸਰੇ ਪਾਸੇ ਮੰਦੇ ਕਰਮਾਂ ਵਾਲੇ ਛਾਂਟ ਛਾਂਟ ਕੇ ਨਰਕਾਂ ਵਿਚ ਸੁਟੇ ਜਾਂਦੇ ਹਨ।

ਨਿਮਰਤਾ, ਦਇਆ, ਸਤਿ, ਸੰਤੋਖ, ਪੁੰਨ-ਦਾਨ ਆਦਿ ਸਦਗੁਣ ਕਲਜੁਗ ਅੰਦਰ ਕਲਿਆਣਕਾਰੀ ਮੰਨੇ ਜਾਂਦੇ ਹਨ ਕਲਜੁਗ ਅੰਦਰ ਹੋਰ ਕਰਮ-ਧਰਮ ਫਲ ਦੇਣ ਵਾਲੇ ਨਹੀਂ ਕੇਵਲ ਨਾਮ-ਸਿਰਮਨ ਤੇ ਨਿਰਮਲ ਕਰਮ ਹੀ ਮੁਕਤੀ ਲਈ ਸਹਾਈ ਹੁੰਦੇ ਹਨ।

ਆਪਣੇ ਆਪ ਵਿਚ ਚੰਗੇ ਸਿਆਣੇ, ਸੰਸਾਰਕ ਵਿਹਾਰਾਂ ਵਿਚ ਭਾਵੇਂ ਕਿਤਨੇ ਵੀ ਸਫਲ ਹੋਣ ਦਿਮਾਗੀ ਤੌਰ ਤੇ ਵਹਿਮਾਂ ਭਰਮਾਂ ਦੇ ਸ਼ਿਕਾਰੀ ਹੁੰਦੇ ਹਨ। ਸੱਚੇ ਗੁਰੂ ਤੋਂ ਬਿਨਾਂ ਇਕੋ ਪ੍ਰਭੂ ਭਗਤੀ ਦੀ ਸੋਝੀ ਨਹੀਂ ਹੁੰਦੀ। ਵਿਰਲੇ ਹੀ ਸੱਚੇ ਗੁਰੂ ਦੀ ਕੀਮਤ ਪਛਾਣਦੇ ਹਨ। ਮਾਇਆਕਾਰ ਵਿਛੜੀ ਆਤਮਾ ਲੱਖ ਯਤਨ ਕਰੇ ਬ੍ਰਹਮ ਗਿਆਨ ਬਿਨਾ ਹਉਮੈ ਦਾ ਦਵੈਤ ਦੂਰ ਨਹੀਂ ਹੁੰਦਾ, ਮੁਕਤੀ ਨਹੀਂ ਮਿਲਦੀ, ਅਗਿਆਨੀ ਮਨੁੱਖ ਸਰੀਰ ਨੂੰ ਕਈ ਕਸ਼ਟ ਦਿੰਦਾ ਹੈ। ਜੰਗਲਾਂ, ਮੜ੍ਹੀਆਂ ਮਸਾਣਾਂ ਵਿਚ ਟਕਰਾਂ ਮਾਰਦਾ ਹੈ ਪ੍ਰੰਤੂ ਤ੍ਰਿਸ਼ਨਾ ਤੋਂ ਛੁਟਕਾਰਾ ਨਹੀਂ ਮਿਲਦਾ। ਸੱਚੇ ਗੁਰੂ ਦੀ ਸਿੱਖਿਆ ਰਾਹੀਂ, ਨਾਮ ਦੀ ਟੇਕ ਰਾਹੀਂ ਹਉਮੈ ਦਾ ਵਿਨਾਸ ਹੋ ਕੇ ਮੁਕਤੀ ਮਿਲਦੀ ਹੈ।

## ਸਹਾਇਕ ਪੁਸਤਕਾਂ


1. ਆਸਾ ਦੀ ਵਾਰ ਦਾ ਟੀਕਾ - ਸੰਪਾਦਨ ਡਾ. ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿਕਲਾ - ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
3. ਗੁਰੂ ਨਾਨਕ ਦੀ ਵਿਚਾਰਧਾਰਾ - ਡਾ. ਰਤਨ ਸਿੰਘ ਜੱਗੀ, ਆਰਸੀ ਪਬਲਿਸ਼ਰਜ਼, ਦਿੱਲੀ।
4. ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ - ਡਾ. ਸ਼ਮਸ਼ੇਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।



Type Setting :

Department of Distance Education, Punjabi University, Patiala.